# ਸਿਰਜਣਾ

ਜਨਵਰੀ-ਮਾਰਚ 1981

## ਅੰਦਰ ਦੀ ਚੋਣਵੀਂ ਝਾਤ

ਹਰਭਜਨ ਹਲਵਾਰਵੀ
**ਪੁਨਰ ਉਥਾਨ ਤੇ ਮਾਰਕਸਵਾਦ**

ਸਾਧੂ ਸਿੰਘ
**'ਅੰਗ ਸੰਗ' ਦਾ ਵਿਸਤ੍ਰਿਤ ਅਧਿਐਨ**

ਗੁਰਮੀਤ ਬਸਰਾ
**ਹੀਰ ਦੀ ਮਿਥ ਤੇ ਪੰਜਾਬੀ ਕਹਾਣੀ**

ਰਣਜੀਤ ਗਰੇਵਾਲ
**ਸ਼ਹੀਦ ਭਗਤ ਸਿੰਘ : ਕੁਝ ਤੱਥ**

**ਅਤਰਜੀਤ, ਵਿਰਦੀ ਤੇ ਮੋਹਨ ਲਾਲ**
ਦੀਆਂ ਕਹਾਣੀਆਂ

**ਮੋਹਨਜੀਤ ਦੇ ਚਾਰ ਸੰਵਾਦ ਚਿਤਰ**
ਤੇ ਹੋਰ ਕਵਿਤਾਵਾਂ

**ਇਕ ਦਰਜਨ ਪੁਸਤਕਾਂ ਦਾ ਰੀਵੀਓ**
ਰੰਗ ਮੰਚ ਤੇ ਪੱਤਰ

ਨਿਗਰਾਨ : ਸੰਤ ਸਿੰਘ ਸੇਖੋਂ
ਸੰਪਾਦਕ : ਰਘਬੀਰ ਸਿੰਘ

41

ਮੁੱਲ : ਢਾਈ ਰੁਪਏ
ਸਾਲਾਨਾ : ਦਸ ਰੁਪਏ

# ਸਿਰਜਣਾ

ਜਨਵਰੀ-ਮਾਰਚ 1981

ਨਿਗਰਾਨ
ਸੰਤ ਸਿੰਘ ਸੇਖੋਂ

ਸੰਪਾਦਕ
ਰਘਬੀਰ ਸਿੰਘ

ਪਤਾ
1023, ਸੈਕਟਰ 38-ਬੀ,
ਚੰਡੀਗੜ੍ਹ–160036

**SIRJANA**
**1023, Sector 38-B,**
**Chandigarh-160036.**

JANA is approved
DPI Punjab for all
ools, colleges and
al education centres
letter No. 2/6-66 B
dated 26.9.66.


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਸਮਕਾਲੀ ਸਾਹਿਤ ਦਾ ਹਾਂ-ਪੱਖੀ ਰੁਝਾਨ/1
ਮਹਨਜੀਤ/ਕਵਿਤਾਵਾਂ/ਚਾਰ ਸੰਵਾਦ ਚਿਤਰ/3
ਜਸਵੰਤ ਸਿੰਘ ਵਿਰਦੀ/ਕਹਾਣੀ/ਯਮਰਾਜ ਦਾ ਵਾਹਨ/5
ਰਵਿੰਦਰ ਭੱਠਲ/ਕਵਿਤਾ/ਫ਼ਿਕਰ ਤੇ ਆਮ ਆਦਮੀ/10
ਮੋਹਨ ਲਾਲ/ਕਹਾਣੀ/ਉਚਾਣਾਂ ਨਿਵਾਣਾਂ/11
ਅਤਰਜੀਤ/ਕਹਾਣੀ/ਅੱਖਾਂ ਦਾ ਦਾਰੂ/21
ਹਰਭਜਨ ਹਲਵਾਰਵੀ/ਨਿਬੰਧ/ਪੁਨਰ ਉਥਾਨ ਤੇ ਮਾਰਕਸਵਾਦ/33
ਸੁਖਮਿੰਦਰ/ਕਵਿਤਾ/ਅੱਗ ਦਾ ਕਿਰਦਾਰ/38
ਸਲੱਖਣ ਸਿੰਘ ਸਰਹੱਦੀ/ਗ਼ਜ਼ਲ/40
ਰਣਜੀਤ ਗਰੇਵਾਲ/ਨਿਬੰਧ/ਤੱਥ ਤਾਂ ਕੀ ਕਹਿੰਦੇ ਨੇ/41
ਸਾਧੂ ਸਿੰਘ/ਨਿਬੰਧ/'ਅੰਗ ਸੰਗ' ਦਾ ਸ੍ਰਿੰਖਲਾਬਧ ਅਧਿਐਨ/45
ਦਲਬੀਰ ਬੇਦੀ/ਕਵਿਤਾ/ਸਾਉ ਪਿੰਡ ਦੀ ਗਾਥਾ/52
ਗੁਰਮੀਤ ਸਿੰਘ ਬਸਰਾ/ਨਿਬੰਧ/ਕਹਾਣੀ 'ਚ ਬਦਲਦੇ ਸਮਾਜਕ ਮੁੱਲ/53
ਰਣਜੀਤ ਸਿੰਘ/ਅਰਜਨ ਜਾਣਦਾ ਹੈ/60
ਰਮਨ/ਰੰਗ ਮੰਚ/ਲੇਖਕ ਦੀ ਤਲਾਸ਼ ਵਿਚ ਛੇ ਪਾਤਰ, ਪ੍ਰੇਤ/61
ਨਾਹਰ ਸਿੰਘ/ਰੀਵੀਊ/ਜੰਮੂ ਕਸ਼ਮੀਰ ਦੇ ਲੋਕ ਗੀਤ, ਸਰਬਤ ਦਾ ਭਲਾ, ਲੱਲ ਵਾਕ
ਮਨਦੀਪ ਸਿੰਘ/ਰੀਵੀਊ/ਕੁਲੱਛਣੇ/67
ਹਰਭਜਨ ਸਿੰਘ ਹੁੰਦਲ/ਰੀਵੀਊ/ਇਲਜ਼ਾਮ/69
ਓ. ਪੀ. ਗੁਪਤਾ/ਰੀਵੀਊ/ਸੀਮਾਂ ਆਕਾਸ਼/72
ਸੁਰਜੀਤ ਗਿੱਲ/ਰੀਵੀਊ/ਧਰਤੀ ਲਹੂ ਲੁਹਾਣ/74
ਸੁਖਵਿੰਦਰ ਕੌਰ/ਰੀਵੀਉ/ਜੰਗ ਰੋਟੀ ਦੀ/75
ਅਵਤਾਰ ਜੌੜਾ/ਰੀਵੀਊ/ਲਫ਼ਜ਼ੀ ਰਿਸ਼ਤੇ/76
ਖਾਲਿਦ ਹੁਸੈਨ/ਰੀਵੀਊ/ਮਾਰੂਥਲ ਦੇ ਰਾਹੀ/79
ਸੋਹਣ ਢੰਡ/ਰੀਵੀਊ/ਚਿੱਤਰ ਦੀ ਉਡੀਕ/80
ਸੁਰਜੀਤ ਗਿੱਲ, ਭੂਸ਼ਣ, ਹਰਭਜਨ ਹੁੰਦਲ, ਇਕਬਾਲਦੀਪ/ਪੱਤਰ/83

ਸੰਪਾਦਕੀ

## ਸਮਕਾਲੀ ਸਾਹਿਤ ਦਾ ਹਾਂ-ਪਖੀ ਰੁਝਾਨ

ਪਿਛਲੇ ਦੋ ਦਹਾਕਿਆਂ ਵਿਚ ਸਾਹਵੇਂ ਆਈਆਂ ਕਈ ਵਿਪਥਕਾਰੀ ਰੋਕਾਂ ਨੂੰ ਲਗ ਪਗ ਸਫਲਤਾ ਸਹਿਤ ਉਲੰਘ ਆਉਣ ਪਿਛੋਂ ਸਮਕਾਲੀ ਸਾਹਿਤ ਦੀ ਮੁਖ ਧਾਰਾ ਪ੍ਰਗਤਿਵਾਦੀ ਮਾਨਵਵਾਦ ਦੇ ਗਾਡੀ-ਰਾਹ ਉਤੇ ਚਲ ਪਈ ਹੈ। ਇਸ ਵਿਚ ਨਾ ਤਾਂ ਭਾਵੁਕ ਅੰਤਰਮੁਖਤਾ ਤੋਂ ਉਤਪੰਨ ਅਤਿਸ਼ਤਾ ਹੈ, ਅਤੇ ਨਾ ਹੀ ਪੂੰਜੀਵਾਦੀ ਵਿਵਸਥਾ ਦੀ ਚਮਕ ਦਮਕ ਤੋਂ ਪ੍ਰਭਾਵਿਤ ਪ੍ਰਯੋਗਵਾਦੀ ਆਦਰਸ਼ਹੀਣਤਾ। ਯਥਾਰਥ ਦੀ ਥਾਹ ਪਾਕੇ ਉਸਨੂੰ ਪ੍ਰਗਟ ਤੌਰ 'ਤੇ ਠਠਸੱਠ ਰੂਪ ਵਿਚ, ਪਰ ਅਤਰ-ਨਿਹਿਤ ਡੂੰਘੇ ਮਾਨਵੀ ਲਗਾਉ ਸਹਿਤ, ਪ੍ਰਸਤੁਤ ਕਰਨਾ ਇਸਦਾ ਪਛਾਣ ਚਿੰਨ੍ਹ ਹੈ।

ਕੁਝ ਹਲਕੇ ਨਾ ਕੇਵਲ ਸਮਕਾਲੀ ਸਾਹਿਤ ਦੇ ਇਸ ਯਥਾਰਥ ਮੁਖ ਰੁਝਾਨ ਨਾਲ ਅਸੰਤੁਸ਼ਟ ਹਨ, ਸਗੋਂ ਉਨ੍ਹਾਂ ਨੇ ਰੋਸ ਤੇ ਦੋਸ਼ਾਰੋਪਨ ਵਜੋਂ ਇਹ ਵੀ ਕਿਹਾ ਹੈਕਿ ਇਹ ਰੁਝਾਨ ਇਹਨਾਂ ਸਤਰਾਂ ਦੇ ਲੇਖਕ ਵਲੋਂ ਲਗਾਤਾਰ ਕੀਤੇ ਗਏ ਪਰਚਾਰ ਦੇ ਸਿੱਟੇ ਵਜੋਂ ਉਭਰਿਆ ਹੈ (ਗੁਰਸ਼ਰਨ ਸਿੰਘ, ਸਮਤਾ, ਜਨਵਰੀ 1981)। ਸਾਡੇ ਲਈ ਅਜਿਹੇ ਕਥਨ ਨੂੰ ਦੋਸ਼ਾਰੋਪਨ ਦੀ ਥਾਂ ਪ੍ਰਸ਼ੰਸਾ ਸਮਝਣਾ ਵਧੇਰੇ ਉਚਿਤ ਹੋਵੇਗਾ, ਕਿਉਂਕਿ ਜੇ ਵਸਤੂ-ਸਥਿਤੀ ਇਹੀ ਹੋਵੇ ਕਿ 'ਸਿਰਜਣਾ' ਤੇ ਉਸਦਾ ਸੰਪਾਦਕ ਸਮਕਾਲੀ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕਰਦੇ ਹਨ, ਜਾਂ ਉਹ ਪ੍ਰਭਾਵਿਤ ਕਰਨ ਦੇ ਸਮਰੱਥ ਹੀ ਹਨ, ਤਾਂ ਇਹ ਪ੍ਰਸੰਨ ਹੋਣ ਵਾਲੀ ਗੱਲ ਹੀ ਹੈ!

ਤਦ ਵੀ ਅਸੀਂ ਸਮਝਦੇ ਹਾਂ ਕਿ ਸਮਕਾਲੀ ਸਾਹਿਤ ਦੁਆਰਾ ਧਾਰਨ ਕੀਤੀ ਗਈ ਦਿਸ਼ਾ ਕਿਸੇ ਇਕ ਵਿਅਕਤੀ ਜਾਂ ਕੁਝ ਵਿਅਕਤੀਆਂ ਦੇ ਸਮੂਹ ਦੇ ਆਵਾਹਣ ਦਾ ਸਿੱਟਾ ਮਾਤਰ ਨਹੀਂ। ਕਿਉਂਕਿ ਸੁਚੇਤ ਤੇ ਨਿਯਮਤ ਯਤਨ ਕਿਸੇ ਸਮਾਜਕ ਪ੍ਰਵਾਹ ਨੂੰ ਤੇਜ਼ ਕਰਨ ਵਿਚ ਸਹਾਈ ਤਾਂ ਹੋ ਸਕਦੇ ਹਨ; ਉਹਨਾਂ ਦਾ ਮਹੱਤਵ ਨਿਰਣੈਕਾਰੀ ਕਦਾਚਿਤ ਨਹੀਂ ਹੁੰਦਾ। ਸਾਹਿਤ ਰਚਨਾ ਵੀ ਆਪਣੇ ਅੰਤਿਮ ਰੂਪ ਵਿਚ ਸਮਾਜਕ ਗਤੀਸ਼ੀਲਤਾ ਦਾ ਹੀ ਇਕ ਪਹਿਲੂ ਹੈ। ਇਸ ਲਈ ਸਾਹਿਤ ਵਿਚ ਕਿਸੇ ਵੀ ਪ੍ਰਕਾਰ ਦੇ—ਰੂਪਗਤ ਜਾਂ ਵਿਚਾਰਗਤ—ਰੁਝਾਨ ਦੇ ਉਥਾਨ ਲਈ ਮੂਲ ਰੂਪ ਵਿਚ ਕਿਸੇ ਨਿਸ਼ਚਿਤ ਸਮੇਂ ਸਥਾਨ ਦੇ ਉਹ ਹਾਲਾਤ ਜ਼ਿੰਮੇਵਾਰ ਹੁੰਦੇ ਹਨ, ਜਿੰਨ੍ਹਾਂ ਵਿਚ ਸਾਹਿਤ ਦੀ ਸਿਰਜਣਾ ਹੁੰਦੀ ਹੈ। ਇਸ ਕਾਰਣ ਅਸੀਂ ਸਮਕਾਲੀ ਪੰਜਾਬੀ ਸਾਹਿਤ ਵਿਚ ਆ ਰਹੇ ਹਾਂ-ਪੱਖੀ ਮੋੜ ਨੂੰ ਐਨ ਉਸੇ ਤਰ੍ਹਾਂ ਹੀ ਮੁਖ ਰੂਪ ਵਿਚ ਭੌਤਿਕ ਪਰਿਸਥਿਤੀਆਂ ਦੀ ਉਪਜ ਸਮਝਦੇ ਹਾਂ, ਜਿਸ ਤਰ੍ਹਾਂ ਪਿਛਲੇ ਸਮੇਂ ਦੌਰਾਨ ਪ੍ਰਗਟ ਹੋਏ ਉਲਾਰਾਂ ਦੇ ਆਧਾਰਭੂਤ ਕਾਰਨਾਂ ਨੂੰ ਅਸੀਂ ਪ੍ਰਾਪਤ ਸਮਾਜਕ ਸਥਿਤੀਆਂ ਵਿਚ ਵਿਦਮਾਨ ਸਮਝਦੇ ਆਏ ਸਾਂ। ਕੁਝ ਵੀ ਹੋਵੇ, ਪ੍ਰਗਤਿਵਾਦੀ ਸਾਹਿਤ ਚਿੰਤਨ ਦਾ ਇਕ ਅੰਗ ਹੋਣ ਦੇ ਨਾਤੇ ਸਾਨੂੰ ਇਸ ਸਥਿਤੀ ਉਤੇ ਪ੍ਰਸੰਨਤਾ ਹੈ।

ਜਿਨ੍ਹਾਂ ਹਲਕਿਆਂ ਨੂੰ ਸਮਕਾਲੀ ਸਾਹਿਤ ਦੇ ਇਸ ਨਵੇਂ ਰੁਝਾਨ ਨਾਲ ਅਸੰਤੁਸ਼ਟਤਾ ਹੈ, ਉਹ ਖੁਦ ਵੀ ਇਹ ਪ੍ਰਵਾਨ ਕਰਦੇ ਹਨ ਕਿ ਇਹ ਸਾਹਿਤ, ਖਾਸ ਕਰ ਗਲਪ, ਵਰਤਮਾਨ ਸਮਾਜ-ਵਿਵਸਥਾ ਦਾ ਡੂੰਘਾ ਵਿਸ਼ਲੇਸ਼ਣ ਕਰਦਾ ਹੈ। ਪਰ ਉਹਨਾਂ ਨੂੰ ਗਿਲਾ ਹੈ ਕਿ ਇਹ ਸਮਾਜ ਦੇ ਰੋਗਾਂ ਦਾ ਸਪਸ਼ਟ ਭਾਂਤ ਉਲੇਖ ਨਹੀਂ ਕਰਦਾ ਅਤੇ ਨਾ ਹੀ ਉਹਨਾਂ ਦਾ ਇਲਾਜ ਸੁਝਾਉਂਦਾ ਹੈ। ਸਾਹਿਤ ਤੋਂ ਅਜਿਹੀ ਮੰਗ ਕਰਨੀ ਕੋਈ ਬਹੁਤੀ ਅਨੁਚਿਤ ਨਹੀਂ। ਸਾਹਿਤ-ਰਚਨਾ ਵਿਚ ਇਹਨਾਂ ਦੀ ਹੋਂਦ ਉਤੇ ਸਮਾਜਵਾਦੀ ਦ੍ਰਿਸ਼ਟੀ ਵਾਲੇ ਕਿਸੇ ਸਾਹਿਤ-ਚਿੰਤਕ ਤੇ ਸਿਰਜਕ ਨੂੰ ਕੋਈ ਅਪੱਤੀ ਨਹੀਂ ਹੋ ਸਕਦੀ। ਸਾਹਿਤ-ਰਚਨਾਂ 'ਚੋਂ ਕ੍ਰਾਂਤੀ ਦਾ ਸੁਨੇਹਾ ਮਿਲੇ, ਇਹ ਕ੍ਰਾਂਤੀਕਾਰੀ ਸ਼ਕਤੀਆਂ ਦੇ ਉਭਰਨ ਤੇ ਮਜ਼ਬੂਤ ਹੋਣ ਵਿਚ ਸਹਾਈ ਹੋਵੇ—ਅਜਿਹੀ ਸਾਡੀ ਅਕਾਂਖਿਆ ਹੈ। ਪਰ ਅਸੀਂ ਸਾਹਿਤਕਾਰ ਤੋਂ ਉਹ ਕਾਰਜ ਨਿਭਾਉਣ ਦੀ ਆਸ ਨਹੀਂ ਕਰ ਸਕਦੇ, ਜੋ ਵਿਸ਼ਾਲ ਵਰਗ ਸੰਘਰਸ਼ ਵਿਚ ਕੁਦਣ ਵਾਲੇ ਸੰਗਰਾਮੀਆਂ ਦੁਆਰਾ ਹੀ ਨੇਪਰੇ ਚਾੜ੍ਹੇ ਜਾਣਗੇ। ਇਸ ਤਰ੍ਹਾਂ ਦੀ ਸੋਚ ਮਧ-ਵਰਗੀ ਹਉਂ ਵਿਚੋਂ ਨਿਕਲਦੀ ਹੈ ਜੋ ਸਾਹਿਤ ਤੇ ਸਾਹਿਤਕਾਰ ਦੇ ਸਮਾਜ ਵਿਚਲੇ ਰੋਲ ਨੂੰ ਬਹੁਤ ਵਧਾਕੇ ਵੇਖਦੀ ਹੈ। ਦੂਜੇ ਬੰਨੇ ਇਹ ਅਮਲੀ ਸੰਗਰਾਮੀਏਂ ਬਣਨ ਦੀ ਆਪਣੀ ਅਸਮਰੱਥਾ ਨੂੰ ਸਾਹਿਤਕਾਰ ਜਾਂ ਕਲਾਕਾਰ ਹੋਣ ਦੀ ਆੜ ਹੇਠ ਲੁਕੋਣ ਦਾ ਜਤਨ ਵੀ ਹੈ।

ਸਾਹਿਤ ਦੀ ਦੀ ਉਤਮਤਾ ਮਹਿਜ਼ ਇਸ ਗੱਲ ਦੁਆਰਾ ਨਿਰਧਾਰਿਤ ਨਹੀਂ ਹੁੰਦੀ ਕਿ ਲੇਖਕ ਦੀ ਭਾਵਨਾ ਕਿੰਨੀ ਸ਼ੁਭ ਹੈ। ਮਾਰਕਸਵਾਦੀ ਸਾਹਿਤ ਚਿੰਤਨ ਇਸ ਬਾਰੇ ਬਿਲਕੁਲ ਸਪਸ਼ਟ ਹੈ ਕਿ ਉਤਮ ਸਾਹਿਤ, ਖਾਸਕਰ ਗਲਪ, ਦੀ ਬੁਨਿਆਦ ਯਥਾਰਥ ਦੀ ਪੇਸ਼ਕਾਰੀ ਵਿਚ ਹੈ। ਵਧੀਆ ਲੇਖਕ ਉਹ ਹੈ ਜੋ ਪ੍ਰਾਪਤ ਯਥਾਰਥ ਦੀਆਂ ਅਨੇਕਾਂ ਲੁਕਵੀਆਂ ਪਰਤਾਂ ਨੂੰ ਫਰੋਲਣ ਅਤੇ ਉਹਨਾਂ ਦੀ ਕਲਾਮਈ ਅਭਿਵਿਅਕਤੀ ਕਰਨ ਦੇ ਸਮਰਥ ਹੋਵੇ। ਏਸੇ ਦ੍ਰਿਸਟੀਕੋਣ ਤੋਂ ਲੈਨਿਨ ਤਾਲਸਤਾਏ ਨੂੰ 'ਰੂਸੀ ਇਨਕਲਾਬ ਦਾ ਦਰਪਨ' ਆਖਦਾ ਹੈ, ਅਤੇ ਏਸੇ ਹੀ ਦ੍ਰਿਸ਼ਟੀਕੋਣ ਤੋਂ ਅੰਗਲਜ਼ ਨੇ ਬਾਲਜ਼ਾਕ ਨੂੰ, ਉਸਦੀ ਪਿਛਾਖੜੀ ਸੋਚ ਦੇ ਬਾਵਜੂਦ, ਵਡਿਆਉਂਦਿਆਂ ਹੋਇਆਂ ਜ਼ੋਲਾ ਵਰਗੇ ਅਨੇਕਾਂ ਲੇਖਕਾਂ ਤੋਂ ਤਰਜੀਹ ਦਿੱਤੀ ਸੀ ਜੋ ਆਪਣੇ ਵਿਚਾਰਾਂ ਵਿਚ ਖੱਬੇ-ਪੱਖੀ ਸਨ, ਪਰ ਜਿਨ੍ਹਾਂ ਦੀ ਯਥਾਰਥ ਦੀ ਸੋਝੀ ਤੇ ਪੇਸ਼ਕਾਰੀ ਬਹੁਤ ਸਤਈ ਸੀ।

ਸਵਾਲ ਇਹ ਨਹੀਂ ਕਿ ਕਿਸੇ ਸਾਹਿਤਕਾਰ ਦੇ (ਪਛਾਖੜੀ) ਵਿਚਾਰ ਅਣਗੌਲੇ ਕਰਨੇ ਹਨ। ਸਾਹਿਤ ਰਚਨਾ ਵਿਚ ਮੌਜੂਦ ਅਜਿਹੇ (ਪਛਾਖੜੀ) ਵਿਚਾਰਾਂ ਦੇ ਵਰਗ ਸ੍ਰੋਤ ਨੂੰ ਲੱਭਕੇ, ਉਹਨਾਂ ਦਾ ਭਰਪੂਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ; ਇਹ ਕਾਰਜ ਆਪਣੇ ਵਿਤ ਅਨੁਸਾਰ ਅਸੀਂ ਨਿਭਾਉਂਦੇ ਵੀ ਆਏ ਹਾਂ। ਤਦ ਵੀ ਅਸੀਂ ਸਮਝਦੇ ਹਾਂ ਕਿ ਜੇ ਲੇਖਕ ਵਿਚ ਯਥਾਰਥ ਦੀ ਥਾਹ ਪਾਉਣ ਦੀ ਸਮਰੱਥਾ ਵੀ ਹੈ ਤੇ ਅਕਾਂਖਿਆ ਵੀ, ਤਾਂ ਉਸਦੀ ਅੰਤਰੀਵ ਭਾਵਨਾ ਭਾਵੇਂ ਕੁਝ ਵੀ ਹੋਵੇ, ਸੱਚ ਅਵੱਸ਼ ਹੀ ਉਭਰਕੇ ਸਾਹਵੇਂ ਆ ਜਾਵੇਗਾ। ਅਤੇ ਸਮਕਾਲੀ ਸਮਾਚਾਰਾਂ ਦੇ ਪ੍ਰਸੰਗ ਵਿਚ ਇਹ ਲਾਜ਼ਮੀ ਹੈ ਕਿ ਅਜਿਹੇ ਸੱਚ ਵਿਚੋਂ ਨਾ ਕੇਵਲ ਪ੍ਰਾਪਤ ਸਮਾਜ-ਵਿਵਸਥਾ ਅਨਿਆਈਂ, ਸ਼ੋਸ਼ਣਕਾਰੀ ਤੇ ਅਮਾਨਵੀ ਨਜ਼ਰ ਆਵੇਗੀ, ਸਗੋਂ ਇਸ ਵਿਵਸਥਾ ਨੂੰ ਬਦਲਨ ਦੀ ਲੋੜ ਦੀ ਸਹਿਜ ਪ੍ਰਤੀਤੀ ਵੀ ਇਸ ਵਿਚੋਂ ਹੋਵੇਗੀ। ਐਨ ਇਹੀ ਕੁਝ ਹੈ ਜੋ ਸਮਕਾਲੀ ਸਾਹਿਤ ਦੀ ਮੁਖ ਧਾਰਾ ਵਿਚੋਂ ਸਾਨੂੰ ਉਪਲੱਬਧ ਹੋ ਰਿਹਾ ਹੈ।

ਰਘਬੀਰ ਸਿੰਘ

✶

ਮੋਹਨਜੀਤ

## ਚਾਰ ਸੰਵਾਦ ਚਿਤਰ

●

ਤੇਰੇ ਮੇਰੇ ਵਿਚਕਾਰ
ਜੋ ਕੁਝ ਤੇ ਜਿੰਨਾ ਕੁਝ ਵੀ ਸਮਝਿਆ ਨਹੀਂ ਗਿਆ
ਮੈਂ ਉਸਨੂੰ ਉਸੇ ਤਰ੍ਹਾਂ ਰਹਿਣ ਦੇਣਾ ਚਾਹੁੰਦਾ ਹਾਂ
ਇਸ ਨੇੜਤਾ ਦੀ ਵੀ ਆਪਣੀ ਲੱਜਤ ਹੈ
ਇਸ 'ਜਿੰਨੇ ਕੁਝ' ਦੇ ਸਮਝੇ ਜਾਣ ਬਾਅਦ
ਜੋ ਕੁਝ ਹੋਏਗਾ
ਬੜਾ ਮੁਸ਼ਕਿਲ ਹੋਏਗਾ

ਆਪਣੀ ਹੁਣ ਦੀ ਮੁਸ਼ਕਿਲ ਸਾਹਵੇਂ
ਇਸ ਨਵੀਂ ਮੁਸ਼ਕਿਲ ਦੀ ਲੀਕ
ਕਿੰਨੀ ਛੋਟੀ ਹੋਏਗੀ—
ਮੈਂ ਤਾਂ ਸਮਝਦਾ ਹਾਂ
ਸ਼ਾਇਦ ਤੂੰ ਵੀ ਸਮਝਦਾ ਹੋਵੇਂ
ਜੇ ਇਹ ਠੀਕ ਹੈ
ਤਾਂ
ਜੋ ਕੁਝ ਤੇ ਜਿੰਨਾ ਕੁਝ ਵੀ ਸਮਝਿਆ ਨਹੀਂ ਗਿਆ
ਮੈਂ ਉਸਨੂੰ ਉਸੇ ਤਰ੍ਹਾਂ ਰਹਿਣ ਦੇਣਾ ਚਾਹੁੰਦਾ ਹਾਂ

●●

ਮੈਂ ਜਿਸ ਮੋਹ ਨੂੰ ਆਪਣੇ ਹੀ ਮੋਹ ਨਾਲ ਤੋੜਿਆ ਹੈ
ਉਸ ਦੀਆਂ ਕੁਝ ਕੁ ਛਿੱਲਤਾਂ ਮੇਰੇ ਕੋਲ ਨੇ
ਜਦ ਵੀ ਕੋਈ ਮੋਹ-ਵੰਨੀ ਰਾਤ ਜਾਗਦੀ ਹੈ
ਵੱਖੀ ਨਾਲ ਲਾਈ ਛਿੱਲਤ ਪੋਟੇ 'ਚ ਪੋੜਦਾ ਹਾਂ
ਉਣੀਂਦਰੇ ਦੀ ਚਾਨਣੀ 'ਚ ਲਹੂ ਦੇ ਇਹ ਬੂਟੇ ਲਾਉਂਦਿਆਂ
ਅੱਧਿਓਂ ਵੱਧ ਜਾਂ ਵੱਧ ਨਾਲੋਂ ਅੱਧੀ ਬੀਤ ਗਈ ਹੈ

ਜ਼ਿੰਦਗੀ ਜੀਣ ਦੇ ਅਨੇਕ ਹੀਲਿਆਂ 'ਚੋਂ
ਇਹ ਵੀ ਕਿਹਾ ਹੀਲਾ ਹੈ !
ਜ਼ਿੰਦਗੀ ਜੀਣ ਦਾ ਇਹ ਵੀ ਤਾਂ ਇਕ ਹੀਲਾ ਹੈ

●●●

ਭਲਾ ਇਹ ਵੀ ਕੀ
ਕਿ ਤੇਰੇ ਵਰਗੀ ਉਡਾਣ ਮੈਂ ਵੀ ਭਰਾਂ
ਜੇ ਮੈਨੂੰ ਆਪਣੀ ਤੋਰ 'ਤੇ ਨਾਜ਼ ਹੈ
ਤਾਂ ਕਿਸੇ ਦੇ ਪਰ ਤੋਲਣ ਦਾ ਮੇਰੇ ਲਈ ਕੋਈ ਮਾਇਨਾ ਨਹੀਂ
ਆਪਣੇ ਖੰਭ ਸੜਵਾ ਕੇ ਵੀ
ਮੈਂ ਤੇਰੇ ਕੋਲੋਂ ਦੀ ਅਡੋਲ ਲੰਘ ਗਿਆ
ਜਿੰਨੀ ਵਾਰ ਵੀ ਮੈਂ ਤੇਰੇ ਲਾਗੋਂ ਇੰਜ ਲੰਘਿਆ ਹਾਂ
ਮੈਨੂੰ ਈ ਪਤਾ
ਜੀਣਾ ਕਿੰਨਾ ਔਖਾ ਔਖਾ ਲੱਗਾ ਹੈ
ਪਰ ਇਸ ਤੋਂ ਬਾਅਦ ਜੋ ਜੀਣ-ਜੋਗਾ ਮੈਂ ਵੇਖਿਆ
ਓਨੇ ਕੁ ਪਲ ਵੀ ਆਪਣੇ ਹੋਣ
ਤਾਂ ਕੁਝ ਦਿਨ ਹੋਰ ਲੰਘ ਸਕਦੇ ਨੇ

●●●●

ਜਿਨ੍ਹਾਂ ਗੱਲਾਂ ਤੋਂ ਕੁਝ ਕਹਿਣ ਦੀ ਨੌਬਤ ਆਉਂਦੀ ਹੈ
ਉਹਨਾਂ ਤੋਂ ਪਰ੍ਹੇ ਨਾ ਕਰ
ਮੈਂ ਇਹਨਾਂ 'ਚ ਰਹਿਕੇ ਭਰਿਆ ਪੂਰਾ ਹੋਣਾ ਚਾਹੁੰਦਾ ਹਾਂ

ਤੇਰੀ 'ਪਰ੍ਹੇ' ਨੇ ਮੈਨੂੰ ਗੁਬਾਰੇ ਵਾਂਗ ਉਛਾਲਿਆ ਹੈ
ਪਰ ਇਹ ਠੋਕਰ ਕਹੀ ਹੈ ?
ਭੋਂਅ ਨਾਲ ਖਹਿਣ ਤੋਂ ਪਹਿਲਾਂ ਤਾਰਾ ਬਣ ਜਾਂਦਾ ਹਾਂ
ਅਸਮਾਨ ਦੀ ਕਿਸੇ ਨੁੱਕਰੇ ਲੱਗਣਾ ਵੀ ਤਾਂ ਸਰਾਪ ਹੈ
ਇਕੱਲੀ ਚਮਕ ਜਿਵੇਂ ਜਾਨ ਦਾ ਖਉ ਹੋਏ

ਥੋੱਬਾਂ ਨੂੰ ਛੂਹਣਾ ਕਿੰਨਾ ਨਿੱਘਾ ਜਿਹਾ ਹੈ
ਕਦੇ ਇਕਵਾਰਗੀ ਜੇ ਲੱਤਾਂ ਨੂੰ ਚਿਮਟ ਜਾਵਾਂ
ਤਾਂ ਪਰ੍ਹੇ ਨਾ ਕਰ
ਇਹਨਾਂ ਗੱਲਾਂ ਤੋਂ ਕੁਝ ਕਹਿਣ ਦੀ ਨੌਬਤ ਆਉਂਦੀ ਹੈ

✶

[ਈ-1044, ਸਰਸਵਤੀ ਵਿਹਾਰ, ਦਿੱਲੀ-110034.]

ਜਸਵੰਤ ਸਿੰਘ ਵਿਰਦੀ

## ਯਮਰਾਜ ਦਾ ਵਾਹਨ

ਸਰਸਵਤੀ ਦੇਵੀ ਦਾ ਵਾਹਨ ਹੰਸ ਤਲਾਅ ਵਿਚੋਂ ਪਾਣੀ ਪੀਣ ਗਿਆ ਤਾਂ ਅੱਗੇ ਭੈਂਸਾ ਸਾਹਿਬ ਤਲਾਅ ਦੇ ਪਾਣੀ ਵਿਚ ਗੋਤੇ ਖਾ ਰਹੇ ਸਨ। ਰੰਗ ਕਾਲਾ ਸਿਆਹ, ਜੋ ਕਿ ਸੂਰਜ ਦੀ ਤੇਜ਼ ਧੁੱਪ ਨਾਲ ਹੋਰ ਵੀ ਲਿਸ਼ਕ ਰਿਹਾ ਸੀ, ਅਤੇ ਲੰਮੀ ਥੂਥਨੀ ਫੂੰ-ਫੂੰ ਕਰਦੀ ਹੋਈ ਹਰ ਪਾਸੇ ਸਫੇਦ ਪਾਣੀ ਨੂੰ ਗੰਧਲੇਪਣ ਦੇ ਰੂਪ 'ਚ ਬਦਲਦੀ ਜਾ ਰਹੀ ਸੀ :

'ਵਾਹਵਾ ! ਸੁਆਦ ਆ ਗਿਆ !' ਭੈਂਸੇ ਦੇ ਚਿਹਰੇ ਦਾ ਭਾਵ ਸੀ।

ਸਮੁਚੇ ਤਲਾਅ ਨੂੰ ਆਪਣੇ ਰੰਗ ਨਾਲ ਰੰਗ ਕੇ ਜਦੋਂ ਭੈਂਸਾ ਜੀ ਬਾਹਰ ਨਿਕਲੇ ਤਾਂ ਸਾਹਮਣੇ ਸਰਸਵਤੀ ਦੇ ਦਰਸ਼ਨ ਹੋਏ !

'ਨਮਸਕਾਰ ਦੇਵੀ ਜੀ !' ਉਹਨੇ ਕਿਹਾ—'ਅੱਜ ਸਾਡੇ 'ਤੇ ਹੀ ਸੁਖ ਆਸਣ ਕਰੋ।'

ਪਰ ਸਰਸਵਤੀ ਨੇ ਮੂੰਹ ਦੂਸਰੇ ਪਾਸੇ ਕਰ ਲਿਆ। ਉਹਦੇ ਚਿਹਰੇ 'ਤੇ ਗੰਭੀਰ ਜਿਹਾ ਹਾਸਾ ਸੀ, ਪਰ ਉਹਨੇ ਕੁਝ ਕਿਹਾ ਨਹੀਂ। ਉਹ ਹਰ ਵੇਲੇ ਇਸ ਗੱਲ ਦਾ ਬੜਾ ਖਿਆਲ ਰਖਦੀ ਸੀ ਕਿ ਕਿਸੇ ਦਾ ਦਿਲ ਨਾ ਦੁਖੇ।

ਭੈਂਸਾ ਜੀ ਹਾਲੇ ਧਰਤੀ 'ਤੇ ਲਿਟਕੇ ਅਤੇ ਦੁਆਲੇ ਫੈਲੀਆਂ ਹੋਈਆਂ ਝਾੜੀਆਂ ਵਿਚ ਸਿੰਙ ਮਾਰ-ਮਾਰਕੇ ਆਨੰਦ ਵਿਭੋਰ ਹੀ ਹੋ ਰਿਹਾ ਸੀ ਜਦੋਂ ਕਿ ਸੁਆਰੀ ਲਈ ਇੰਤਜ਼ਾਰ ਕਰ ਰਹੇ ਯਮਰਾਜ ਜੀ ਨੇ ਭੈਂਸੇ ਸੰਬੂ ਨੂੰ ਵੇਖਕੇ ਸੋਚਿਆ—'ਇਹ ਠੀਕ ਹੈ !' ਅਤੇ ਉਹਨਾਂ ਨੇ ਭੈਂਸੇ ਨੂੰ ਆਪਣਾ ਵਾਹਨ ਬਣਾ ਲਿਆ।

'ਹੁਣ ਮਾਰੇ ਗਏ !' ਭੈਂਸੇ ਦੇ ਮੂੰਹ 'ਚੋਂ ਨਿਕਲਿਆ ਤੇ ਉਹਨੇ ਹਰ ਤਰ੍ਹਾਂ ਨਾਲ ਜਤਨ ਕੀਤਾ ਕਿ ਯਮਰਾਜ ਨੂੰ ਭੁਆਟਣੀ ਦੇ ਕੇ ਪਟਕਾ ਮਾਰੇ, ਪਰ ਯਮਰਾਜ ਦੇ ਹਥਲਾ ਗੁਰਜ ਉਹਦੇ ਸੀਰਮੇਂ ਪੀਂਦਾ ਪ੍ਰਤੀਤ ਹੋ ਰਿਹਾ ਸੀ :

'ਸਿੱਧਾ ਹੋ ਕੇ ਟੁਰ ਭਲਿਆ ਲੋਕਾ !'

'ਪਰ ਹਜ਼ੂਰ ! ਤੁਸੀਂ ਹੰਸ ਨੂੰ ਕਿਉਂ ਨਹੀਂ ਆਪਣਾ ਵਾਹਨ ਬਣਾਂਦੇ ?'

'ਉਹ ਬੜੀ ਨਾਜ਼ਕ ਚੀਜ਼ ਐ !'

'ਫੇਰ ਤਾਂ ਤੁਹਾਡੇ ਬੜੇ ਕੰਮ ਦਾ ਐ।'

'ਨਹੀਂ, ਮੈਂ ਉਹਨੂੰ ਨਹੀਂ ਰੱਖ ਸਕਦਾ।'

'ਕਿਉਂ ?'

'ਮੈਂ ਉਹਦੇ ਲਈ ਮੋਤੀ ਕਿਥੋਂ ਲਿਆਵਾਂਗਾ ?'

'ਤਾਂ ਕੀ ਤੁਹਾਡੇ ਮਹਿਲਾਂ ਦੁਆਲੇ ਵਗ ਰਹੀ ਬੈਤਰਣੀ ਵਿਚ ਮੋਤੀ ਨਹੀਂ ਹੁੰਦੇ ?'

'ਨਹੀਂ !'

'ਜੇਕਰ ਮੇਰਾ ਦਿਲ ਕਰੇਗਾ ?

'ਤੂੰ ਮੋਤੀ ਖਾਏਂਗਾ ?'

'ਜੀ, ਕਦੀ ਕਦੀ……'

'ਇਹਦਾ ਮਤਲਬ ਹੈ ਤੂੰ ਭਲੇ ਲੋਕਾਂ ਦਾ ਹੱਕ ਮਾਰਦਾ ਏਂ ?"

'ਜੀ, ਕੀ ਮਤਲਬ ?'

'ਮੋਤੀ ਤੇ ਮਾਣਕ ਵਿਦਵਾਨਾਂ ਲਈ ਨੇ……ਭਲੇ ਲੋਕਾਂ ਲਈ ਵੀ…… ਪਰ ਤੂੰ ਤੇ…?'

'ਕੀ ਮੇਰੇ 'ਤੇ ਕੋਈ ਦੋਸ਼ ਲਾ ਰਹੇ ਹੋ ?'

'ਨਹੀਂ ।'

'ਕਿਉਂ ਜੀ ?'

'ਤੇਰੀ ਕਾਲੀ ਦੇਹ 'ਤੇ ਕੋਈ ਵੀ ਕਲੰਕ ਨਹੀਂ ਉਘੜ ਸਕਦਾ ।'

ਭੈਂਸੇ ਨੇ ਯਮਰਾਜ ਨੂੰ ਇਕ ਭੁਆਟਣੀ ਦੇ ਕੇ ਝਾੜੀਆਂ ਉਪਰ ਪਟਕਾ ਮਾਰਿਆ ।

'ਇਹ ਕੀ ਉਏ ?' ਉਹ ਗਰਜੇ ।

'ਫੇਰ ਤੁਸੀਂ ਹੁਣੇ ਹੀ ਮੈਨੂੰ ਕੀ ਕਿਹਾ ਸੀ ?'

'ਠੀਕ ਨਹੀਂ ਸੀ ?'

'ਠੀਕ ਗਲਤ ਦਾ ਨਿਰਣਾ ਕੌਣ ਕਰ ਸਕਦਾ ਹੈ ?'

'ਲੋਕ !'

'ਤੁਸੀਂ ਕਹੋਂਗੇ ਤਾਂ ਹੀ ਲੋਕ ਕਰਨਗੇ ।

'ਤਾਂ ਕੀ ਤੂੰ ਨਿਰਣਾ ਨਹੀਂ ਚਾਹੁੰਦਾ ?'

'ਨਹੀਂ ?'

'ਕਿਉਂ !'

'ਤੁਹਾਨੂੰ ਪਤਾ ਨਹੀਂ ਮੈਂ ਸ਼ਹਿਰ ਦਾ ਵੱਡਾ ਮੁਖੀ ਬਣਨ ਲਈ ਚੋਣ ਲੜ ਰਿਹਾ ਹਾਂ !'

'ਤੂੰ ਪਿਛਲੀ ਵਾਰ ਵੀ ਲੜਿਆ ਸੀ !'

'ਹਾਂ, ਪਰ ਹਾਰ ਗਿਆ ਸਾਂ !'

'ਹੁਣ ਕੀ ਉਮੀਦ ਰਖਦਾ ਏਂ ?'

'ਜ਼ਿੱਤਾਂਗਾ !'

'ਕਿਵੇਂ ?'

'ਤੁਹਾਡੀ ਆਸ਼ੀਰਵਾਦ ਨਾਲ !'

'ਜਿਸ 'ਤੇ ਮੇਰੀ ਕਿਰਪਾ ਹੋ ਜਾਵੇ ਉਹ ਜੀਉ ਹੀ ਨਹੀਂ ਸਕਦਾ !' ਯਮਰਾਜ ਨੇ ਹੱਸਕੇ ਕਿਹਾ । ਭੈਂਸਾ ਨਿਮਰਤਾ ਨਾਲ ਬੋਲਿਆ—'ਪਰ ਮੈਂ ਤਾਂ ਤੁਹਾਡੀ ਖਾਸ ਚੀਜ਼ ਹਾਂ !'

'ਕਿਵੇਂ ?'

'ਤੁਹਾਡੇ ਲਈ ਨਰਮ ਨਾਜ਼ੁਕ ਸਰੀਰ ਦੀ ਸੁਆਰੀ ਪੇਸ਼ ਕੀਤੀ ਹੈ !'

'ਇਸ ਗੱਲ ਦੀ ਰਿਆਇਤ ਚਾਹੁੰਦਾ ਏਂ !'

'ਕਿਉਂ ਨਾ ਚਾਹਵਾਂ ? ਸਾਰੇ ਹੀ ਇਸੇ ਤਰ੍ਹਾਂ ਕਰਦੇ ਨੇ...ਸਾਰੇ ਹੀ ਰਾਜਨੀਤੀਏ ਲੋਕਾਂ ਨੇ ਆਪਣੇ ਘਰ-ਬਾਰ ਭਰ ਲਏ ਨੇ ! ਰਿਸ਼ਤੇਦਾਰਾਂ ਨੂੰ ਵੀ......'

'ਤੂੰ ਉਹਨਾਂ ਤੋਂ ਕੀ ਲੈਣਾਂ ?'

'ਮੈਂ ਉਹਨਾਂ 'ਚ ਸ਼ਾਮਿਲ ਹੋਣਾ ਹੈ !'

'ਉਹ ਭਲੇ ਘਰਾਂ ਦੇ ਲੋਕਾਂ ਦਾ ਕੰਮ ਹੈ ?'

'ਫੇਰ ਮੈਂ ਬੁਰੇ ਘਰ ਦਾ ਹਾਂ !'

'ਹੋਰ !'

ਭੈਂਸੇ ਨੇ ਇਕ ਵਾਰ ਫੇਰ ਯਮਰਾਜ ਨੂੰ ਭੁਆਟਣੀ ਦੇ ਦਿਤੀ ਜਿਸ ਕਰਕੇ ਉਹਨਾਂ ਦੇ ਸ਼ਾਨਾਂ ਮੱਤੇ ਵਸਤਰ ਘੱਟੇ ਨਾਲ ਭਰ ਗਏ !

ਭੈਂਸੇ ਦੀ ਇਸ ਹਰਕਤ 'ਤੇ ਯਮਰਾਜ ਬੜਾ ਦੁਖੀ ਹੋਇਆ—

'ਤੂੰ ਜਿੱਤ ਕੇ ਲੋਕਾਂ ਦੀ ਇਹੋ ਹੀ ਸੇਵਾ ਕਰੇਂਗਾ ?'

'ਜਿਹੜਾ ਮੈਨੂੰ ਦੁਖੀ ਕਰੇਗਾ !'

'ਇਹ ਕੋਈ ਰਾਜਨੀਤੀ ਨਹੀਂ !'

'ਹੋਰ !'

'ਸਭ ਨਾਲ ਪਿਆਰ......'

'ਤੁਸੀਂ ਕਰਦੇ ਹੋ ?'

'ਹਾਂ !'

'ਤੁਸੀਂ ਤਾਂ ਬੰਦੇ ਦੇ ਪ੍ਰਾਣ ਕੱਢ ਲੈਂਦੇ ਹੋ !'

'ਉਹ ਮੇਰਾ ਫਰਜ਼ ਹੈ !'

'ਰਾਜਨੀਤੀਏ ਵੀ ਤਾਂ ਫਰਜ਼ ਹੀ ਪੂਰਾ ਕਰਦੇ ਨੇ !'

'ਲੋਕਾਂ ਨੂੰ ਤਬਾਹ ਕਰਕੇ ?'

'ਹਾਂ !'

ਯਮਰਾਜ ਨੇ ਵੇਖਿਆ ਕਿ ਭੈਂਸਾ ਪਹਿਲਾਂ ਨਾਲੋਂ ਕਾਫੀ ਚੁਸਤ ਤੇ ਹਾਜ਼ਰ ਜਵਾਬ ਹੋ ਗਿਆ ਸੀ। ਉਹਨਾਂ ਨੂੰ ਖਿਆਲ ਆਇਆ—'ਇਹ ਜਿੱਤ ਸਕਦਾ ਹੈ !'

ਫੇਰ ਉਹਨਾਂ ਨੇ ਭੈਂਸੇ ਦੇ ਕਾਲੇ ਸਿਆਹ ਲਿਸ਼ਕਦੇ ਸਰੀਰ ਵਲ ਵੇਖਿਆ ਤਾਂ ਉਹ ਸਰੀਰ ਉਹਨਾਂ ਨੂੰ ਬਹੁਤ ਹੀ ਪਿਆਰਾ ਪ੍ਰਤੀਤ ਹੋਇਆ। ਉਹਨਾਂ ਨੇ ਗੁੱਸਾ ਨਿਗਲ ਲਿਆ ਤੇ ਭੈਂਸੇ ਨੂੰ ਗਲੋਂ ਫੜਕੇ ਆਪਣੇ ਨਾਲ ਤੋਰ ਲਿਆ। ਭੈਂਸਾ ਗਰਜਿਆ : 'ਹੁਣ ਕਿਧਰ ਜੀ ?'

'ਘਰ ਚਲੀਏ !'

'ਬੈਤਰਣੀ ਕੰਢੇ ?'

'ਹਾਂ !'

'ਬੈਤਰਣੀ ਦਾ ਪਾਣੀ ਬੜਾ ਗੰਦਾ ਤੇ ਗੰਧਲਾ ਹੈ !'

'ਤਾਂ ਕੀ ਹੈ ?'

'ਉਹ ਬੜਾ ਗਰਮ ਤੇ ਮੁਸ਼ਕ ਵੀ ਮਾਰਦਾ ਹੈ !'

'ਲੋਕਾਂ ਨੂੰ ਭਵ ਸਾਗਰ ਪਾਰ ਕਰਾਣ ਵਾਲੀਆਂ ਗਊਆਂ ਨੇ ਤਾਂ ਕਦੀ ਸ਼ਿਕਾਇਤ ਨਹੀਂ ਕੀਤੀ !'

'ਉਹ ਹਸਾਸ ਨਹੀਂ ਰਹੀਆਂ !'

'ਕੀ ਕਿਹਾ ?'

'ਉਹ ਨਾਲੇ ਦਾਨ ਦੀਆਂ ਗਊਆਂ ਹੁੰਦੀਆਂ ਨੇ !'

'ਤਾਂ ਕੀ ਹੈ ?'

'ਦਾਨ ਦੀ ਚੀਜ਼ ਆਪਣਾ ਹੱਕ ਨਹੀਂ ਨਾ ਜਿਤਾ ਸਕਦੀ !'

'ਤੂੰ ਬੜਾ ਸਿਆਣਾ ਹੋ ਗਿਆ ਏਂ !'

'ਜੀ, ਹਾਲੇ ਮੈਨੂੰ ਜਿੱਤ ਲੈਣ ਦਿਉ !'

ਯਮਰਾਜ ਨੇ ਹੱਸ ਕੇ ਕਿਹਾ—'ਫੇਰ ਕੀ ਮੈਂ ਤੇਰਾ ਵਾਹਨ ਹੋਵਾਂਗਾ ?'

'ਹੁਣ ਵੀ ਤੁਸੀਂ ਕੀ ਹੋ ?' ਭੈਂਸੇ ਨੇ ਚੰਘਾੜ ਕੇ ਕਿਹਾ। ਯਮਰਾਜ ਗਰਜਿਆ—'ਇਹ ਕੀ ਕਿਹਾ ਉਏ ਕਮੀਨ ਜਾਤੇ ?'

'ਜੀ ਮੈਂ ਠੀਕ ਹੀ ਕਿਹਾ !'

'ਕੀ ਮਤਲਬ ਉਏ ?'

'ਜੀ ਬਸ ਜ਼ਰਾ ਸੋਚਣ ਦਾ ਹੀ ਫਰਕ ਹੈ !'

'ਕਿਵੇਂ ?'

'ਜੀ, ਸਾਡੇ ਜੀਉਣ ਲਈ ਵੀ ਤਾਂ ਕੋਈ ਸਹਾਰਾ ਚਾਹੀਦੈ !'

ਹੁਣ ਤਕ ਉਹ ਗੱਲਾਂ ਕਰਦੇ ਹੋਏ ਯਮਰਾਜ ਦੀ ਕੋਠੀ ਦੁਆਲੇ ਫੈਲੀ ਹੋਈ ਬੈਤਰਣੀ ਨਦੀ ਕੋਲ ਪੁੱਜ ਗਏ ਸਨ। ਸਾਹਮਣੇ ਬੈਤਰਣੀ ਦਾ ਬੂ ਮਾਰਦਾ ਪਾਣੀ ਠਾਠਾਂ ਮਾਰ ਰਿਹਾ ਸੀ। ਭੈਂਸਾ ਸਾਹਿਬ ਉਸ ਪਾਣੀ ਨੂੰ ਵੇਖਕੇ ਸੜ ਬਲ ਗਏ : 'ਲੱਖ ਲਾਹਨਤ !'

ਪਰ ਉਸੇ ਵੇਲੇ ਹੀ ਉਹਨੇ ਵੇਖਿਆ ਕਿ ਹੰਸ ਦੇ ਵਾਹਨ ਉਪਰ ਬਿਰਾਜਮਾਨ ਵੀਣਾ ਵਜਾ ਰਹੀ ਸਰਸਵਤੀ ਆਕਾਸ਼ ਵਿਚ ਜਾ ਰਹੀ ਸੀ। ਭੈਂਸੇ ਨੇ ਕਾਹਲੀ ਨਾਲ ਬੈਤਰਣੀ ਵਿਚ ਛਾਲ ਮਾਰ ਦਿੱਤੀ ਤੇ ਲੱਗਾ ਗੋਤੇ ਖਾਣ !

ਯਮਰਾਜ ਨੂੰ ਹਾਸਾ ਆ ਗਿਆ :

'ਇਹ ਕੀ ਉਏ ?'

'ਜੀ, ਮੈਂ ਸੋਚਿਆ ਸੀ ਕਿ ਹੰਸ ਮੋਤੀਆਂ ਦੀ ਚੋਗ ਲਈ ਇਥੇ ਹੀ ਨਾ ਉਤਰ ਪਵੇ।'

'ਇਥੇ ਮੋਤੀ ਨਹੀਂ ਹੁੰਦੇ।'

'ਕਿਉਂ ?'

'ਇਹ ਨਦੀ ਸ਼ਿਵ ਜੀ ਦੇ ਖਾਰੇ ਹੰਝੂਆਂ ਨਾਲ ਬਣੀ ਹੈ।'

'ਤਾਂ ਕੀ ਹੈ ? ਇਸ ਵਿਚ ਮੋਤੀ ਤਾਂ.. ...'

'ਕਦੀ ਹੋਣਗੇ।'

'ਫੇਰ ਕਿਥੇ ਗਏ ?'

'ਤੇਰੇ ਵਰਗਿਆਂ ਦੀਆਂ ਬੇਹੂਦਗੀਆਂ ਨਾਲ......'

'ਤਦੇ ਹੀ ਉਹ ਏਧਰ ਨਹੀਂ ਆਏ ?'

'ਨਹੀਂ, ਵਿਦਵਾਨਾਂ ਨੂੰ ਬੈਤਰਣੀ ਨਹੀਂ ਤਰਨੀ ਪੈਂਦੀ।

'ਚੰਗਾ !' ਭੈਂਸਾ ਜੀ ਫੇਰ ਬੈਤਰਣੀ ਵਿਚ ਲਿਟਣ ਲੱਗ ਪਏ। ਹੰਸ ਤਦ ਤਕ ਬੜੀ ਦੂਰ ਜਾ ਚੁਕਾ ਸੀ। ਭੈਂਸਾ ਜੀ ਤੁਰੰਤ ਬਾਹਰ ਆ ਗਏ :

'ਇਹ ਲੋਕ ਕਿਧਰ ਜਾ ਰਹੇ ਨੇ ?'

'ਮਾਨਸਰੋਵਰ ਵੱਲ।'

'ਕਿਉਂ ?'

'ਉਥੇ ਅਮਨ ਸ਼ਾਂਤੀ ਵੀ ਹੈ ਤੇ ਮੋਤੀ ਵੀ ਨੇ।'

'ਚਲੋ ਫੇਰ ਆਪਾਂ ਵੀ ਉਥੇ ਹੀ......'

'ਪਰ ਤੂੰ ਤੇ ਸ਼ਹਿਰ ਦਾ ਮੁਖੀ......'

'ਮੈਂ ਉਥੇ ਹੀ ਬਣਾਂਗਾ ਸਭ ਕੁਝ......'

ਹਾਲੇ ਇਹ ਗੱਲਾਂ ਹੋ ਹੀ ਰਹੀਆਂ ਸਨ ਜਦੋਂ ਕਿ ਯਮਰਾਜ ਜੀ ਨੂੰ ਧਰਮਰਾਜ ਵਲੋਂ ਸੰਦੇਸ਼ ਮਿਲਿਆ ਕਿ ਉਹ ਮਾਤਲੋਕ ਵਿਚ ਜਾ ਕੇ ਫਲਾਨੇ-ਫਲਾਨੇ ਬੰਦੇ ਦੀ ਰੂਹ ਲੈ ਕੇ ਆਵੇ।

ਭੈਂਸੇ ਜੀ ਨੇ ਕਿਹਾ—'ਮੈਂ ਤੁਹਾਡੇ ਨਾਲ ਨਹੀਂ ਜਾਣਾ।'

'ਕਿਉਂ ?'

'ਤੁਸੀਂ ਮੇਰੀਆਂ ਵੋਟਾਂ ਖਰਾਬ ਕਰੋਗੇ।'

'ਕਿਵੇਂ ?'

'ਜਿਸ ਕਿਸੇ ਦੀ ਵੀ ਰੂਹ ਕਢੋਗੇ, ਉਹ ਕਹੇਗਾ ਕਿ ਭੈਂਸਾ ਹੀ......'

'ਤਾਂ ਕੀ ਲੋਕ ਅੱਗੇ ਨਹੀਂ ਕਹਿੰਦੇ ?'

'ਨਹੀਂ।'

'ਕਹਿੰਦੇ ਨੇ।'

'ਫੇਰ ਮੈਨੂੰ ਨਹੀਂ ਪਤਾ।'

'ਫੇਰ ਹੁਣ ਕੀ ਹੋ ਗਿਐ ?'

'ਨਹੀਂ, ਹੁਣ ਨਹੀਂ।'

'ਫੇਰ ਕੀ ਚਾਹੁੰਦਾ ਏਂ ?'

'ਬੱਸ ਕਿਸੇ ਨੂੰ ਪਤਾ ਨਾ ਲੱਗੇ ਕਿ ਮੈਂ ਤੁਹਾਡੇ ਨਾਲ ਹਾਂ।'

ਯਮਰਾਜ ਨੂੰ ਬੜੀ ਕਾਹਲੀ ਸੀ। ਉਹਨੇ ਬਿਨਾ ਸੋਚੇ ਸਮਝੇ ਕਾਹਲੀ ਨਾਲ ਕਹਿ ਦਿਤਾ :

'ਚੰਗਾ, ਤੈਨੂੰ ਕੋਈ ਵੀ ਵੇਖ ਨਹੀਂ ਸਕੇਗਾ, ਤੇ ਲੋਕ ਕਹਿਣਗੇ ਕਿ ਸਭ ਕੁਝ ਯਮਰਾਜ ਹੀ ਕਰ ਰਿਹਾ ਹੈ !'

ਭੈਂਸੇ ਜੀ ਦਾ ਧੁੱਪ ਨਾਲ ਲਿਸ਼ਕ ਰਿਹਾ ਚਿਹਰਾ ਹੋਰ ਵੀ ਚਮਕ ਪਿਆ ਤੇ ਉਹਨਾਂ ਨੇ ਖੁਸ਼ ਹੋ ਕੇ ਕਿਹਾ—'ਬਸ ਇਹ ਸਥਿਤੀ ਮੈਨੂੰ ਸਵੀਕਾਰ ਹੈ।......ਇਸ ਤਰ੍ਹਾਂ ਮੇਰੀਆਂ ਵੋਟਾਂ ਤਾਂ ਨਹੀਂ ਨਾ ਖਰਾਬ ਹੋ ਸਕਦੀਆਂ।'

★ [140, ਸੁਖਜੀਤ ਨਗਰ, ਕਪੂਰਥਲਾ]

## ਫ਼ਿਕਰ ਤੇ ਆਮ ਆਦਮੀ/ਹਰਵਿੰਦਰ ਭੱਠਲ

ਫ਼ਿਕਰਾਂ ਦੀ ਐਨੀ ਠੰਢ ਵਿਚ
ਵਿਚਾਰਾ ਆਮ ਆਦਮੀ ਕੀ ਕਰੇ
ਉਸ ਕੋਲ ਨਾ ਧਰਤ ਹੈ
ਨਾ ਦੀਵਾਰਾਂ ਤੇ ਨਾ ਛੱਤ ਹੈ
ਸਿਰਫ ਧੁੰਧ ਦਾ ਭਰਿਆ ਖਾਲੀ ਅਕਾਸ਼ ਹੈ

ਫਿਕਰਾਂ ਦੀ ਵਰ੍ਹਦੀ ਧੁੱਪ ਵਿਚ
ਵਿਚਾਰਾ ਆਮ ਆਦਮੀ ਕੀ ਕਰੇ
ਮੱਚਦੇ ਰੁੱਖ ਹਨ, ਤਪਦੀਆਂ ਸੜਕਾਂ ਹਨ
ਖ਼ੁੱਸਿਆ, ਝੁਲਸਿਆ ਪਾਣੀ ਹੈ।

ਫ਼ਿਕਰਾਂ ਦੀ ਇਸ ਚੰਦਰੀ ਉਮਰੇ
ਵਿਚਾਰਾ ਆਮ ਆਦਮੀ ਕੀ ਕਰੇ
ਵਧਦੀ ਮਹਿੰਗਾਈ ਹੈ
ਵਸਤਾਂ ਦੀ ਥੁੜ ਹੈ
ਬੱਚਿਆਂ ਦਾ ਭਾਰ ਹੈ
ਬੀਵੀ ਦੀਆਂ ਖੁਸ਼ਕ ਅੱਖਾਂ ਦਾ ਮਰ ਚੁੱਕਿਆ ਸੰਸਾਰ ਹੈ।

ਫ਼ਿਕਰਾਂ ਦੇ ਇਸ ਵਰ੍ਹਦੇ ਮੀਂਹ ਵਿਚ
ਵਿਚਾਰਾ ਆਮ ਆਦਮੀ ਕੀ ਕਰੇ
ਕਿਸ ਨਿਮਾਣੀ ਓਟ ਵਿਚ ਖੜੇ
ਹੱਥਾਂ ਦੀ ਛੱਤਰੀ ਨਹੀਂ
ਪੈਰਾਂ ਦਾ ਪੁਲ ਨਹੀਂ
ਕਿਸ ਹਿੱਕ ਦੇ ਜ਼ੋਰ 'ਤੇ ਗ਼ਮਾਂ ਦੀ ਨਦੀ ਤਰੇ।

ਅੱਗ ਤਾਂ ਬਹੁਤ ਦੂਰ ਹੈ
ਹੱਥ ਵੀ ਨੰਗੇ ਹਨ
ਫੜਨ ਤੋਂ ਮਜਬੂਰ ਹੈ
ਕੋਈ ਵਿਧੀ ਨਹੀਂ, ਕੋਈ ਸਾਹਸ ਨਹੀਂ
ਕਿਸ ਜੁਗਤੀ ਸੰਗ ਅੱਗ ਦੀ ਲਾਟ ਫੜੇ
ਫ਼ਿਕਰਾਂ ਦੀ ਐਨੀ ਠੰਢ ਵਿਚ
ਵਿਚਾਰਾ ਆਮ ਆਦਮੀ ਕੀ ਕਰੇ। ✱

[44, ਭੱਠਲ ਸਟਰੀਟ, ਬਰਨਾਲਾ—148101]

ਮੋਹਨ ਲਾਲ

## ਉਚਾਣਾਂ ਨਿਵਾਣਾਂ

ਸਾਈਕਲ ਚਲਾਉਂਦਿਆਂ ਚਲਾਉਂਦਿਆਂ ਸਾਹ ਫੁੱਲ ਗਿਆ ਹੈ। ਪੈਰਾਂ ਦੀਆਂ ਨਾੜਾਂ ਉਭਰ ਆਈਆਂ ਹਨ। ਪਿੰਡੇ ਤੇ ਚਿਹਰੇ ਉਤੇ ਮੁੜ੍ਹਕੇ ਦੀਆਂ ਤੱਤੀਟੀਆਂ ਆਪਸ ਵਿਚ ਗੱਡ-ਮੱਡ ਹੋਣ ਲੱਗੀਆਂ ਹਨ। ਸਰੀਰ ਦਾ ਜੋੜ ਜੋੜ ਦੁੱਖਦਾ ਮਹਿਸੂਸ ਹੋਣ ਲਗਦਾ ਹੈ।

ਕਈ ਵਾਰੀ, ਤੇਜ਼ ਹਵਾਵਾਂ ਤੇ ਤਿੱਖੀ ਚੁਭਦੀ ਧੁੱਪ ਵਿਚ ਏਸ ਰਾਹ ਉਤੇ—ਸਾਈਕਲ ਚਲਾਇਆ ਹੈ, ਪਰ ਅੱਜ ਜਿੰਨੀ ਥਕਾਵਟ ਤੇ ਔਖ ਦਾ ਅਹਿਸਾਸ ਪਹਿਲਾਂ ਕਦੇ ਨਹੀਂ ਹੋਇਆ। ਇਸ ਦਾ ਕਾਰਨ ਸ਼ਾਇਦ ਇਹ ਹੋ ਸਕਦਾ ਹੈ ਕਿ ਪੰਜ ਸਾਲਾਂ ਦੇ ਲੰਮੇਂ ਸਮੇਂ ਪਿਛੋਂ ਇਸ ਪਿੰਡ ਵਲ ਜਾ ਰਿਹਾ ਹਾਂ।

ਜੇਬ ਵਿਚੋਂ ਰੁਮਾਲ ਕਢ ਕੇ ਚਿਹਰੇ ਤੇ ਧੌਣ ਤੋਂ ਮੁੜ੍ਹਕਾ ਤੇ ਧੂੜ ਪੂੰਝਦਿਆਂ ਸੋਚਦਾ ਹਾਂ ਕਿ ਨਹਿਰ ਦੇ ਪੁਲ ਕੋਲ ਕਿੱਕਰ ਹੇਠਾਂ ਕੁਝ ਦੇਰ ਸੁਸਤਾਉਣ ਮਗਰੋਂ ਤਾਜ਼ਾ ਦਮ ਹੋ ਕੇ ਪਿੰਡ ਵਲ ਵਧਾਂਗਾ।

ਖੇਤ ਦੀ ਵੱਟ ਉਤੇ ਪਿਸ਼ਾਬ ਕਰਨ ਪਿਛੋਂ, ਪੈਂਟ ਦੇ ਬਟਨ ਬੰਦ ਕਰਦੇ ਹੋਏ ਸਾਈਕਲ ਕੋਲ ਆਉਂਦਾ ਹਾਂ! ਕਾਠੀ ਉਤੇ ਕੂਹਣੀਆਂ ਰੱਖ ਕੇ ਸੁਸਤਾਉਣ ਲਗਦਾ ਹਾਂ। ਪੰਜ ਸੱਤ ਮਿੰਟਾਂ ਬਾਅਦ ਕਾਠੀ ਹੇਠੋਂ ਮੈਲਾ ਜਿਹਾ ਕਪੜਾ ਕੱਢਦਾ ਹਾਂ। ਪਹਿਲਾਂ ਏਸ ਨਾਲ ਬੂਟ ਸਾਫ਼ ਕਰਦਾ ਹਾਂ ਤੇ ਫੇਰ ਏਸੇ ਨਾਲ ਸਾਈਕਲ ਨੂੰ ਵੀ।

ਝਾੜ ਕੇ ਕੱਪੜਾ ਉਸੇ ਤਰ੍ਹਾਂ ਕਾਠੀ ਹੇਠਾਂ ਰੱਖ ਦੇਂਦਾ ਹਾਂ! ਨਹਿਰ ਦੇ ਗੰਧਲੇ ਪਾਣੀ ਨਾਲ ਹੱਥ ਮੂੰਹ ਧੋਂਦਾ ਹਾਂ। ਰੁਮਾਲ ਨਾਲ ਮੂੰਹ ਪੂੰਝਦੇ ਹੋਏ ਸਾਈਕਲ ਕੋਲ ਆ ਕੇ ਰੁਮਾਲ ਨੂੰ ਹੈਂਡਲ 'ਤੇ ਖਿਲਾਰ ਦੇਂਦਾ ਹਾਂ! ਪੈਂਟ ਦੀ ਪਿਛਲੀ ਜੇਬ 'ਚੋਂ ਕੰਘਾ ਕਢ ਕੇ ਵਾਲ ਸੰਵਾਰਨ ਲਗਦਾ ਹਾਂ।

ਗਿੱਲੇ ਰੁਮਾਲ ਨੂੰ ਹੱਥ ਵਿਚ ਫੜ ਲੈਂਦਾ ਹਾਂ ਤੇ ਸਾਈਕਲ ਉਤੇ ਚੜ੍ਹ ਕੇ ਆਪਣੀ ਮੰਜ਼ਲ ਵਲ ਵਧਣ ਲਗਦਾ ਹਾਂ। ਰੁਮਾਲ ਜ਼ਰਾ ਸੁੱਕ ਜਾਂਦਾ ਹੈ ਤਾਂ ਲਪੇਟ ਕੇ ਪੈਂਟ ਦੀ ਸਾਹਮਣੀ ਜੇਬ ਵਿਚ ਪਾ ਲੈਂਦਾ ਹਾਂ।

ਸੜਕ ਦਾ ਮੋੜ ਮੁੜਦਿਆਂ ਹੀ ਪਿੰਡ ਦੇ ਘਰ ਦਿਸਣ ਲਗਦੇ ਹਨ। ਘਰਾਂ ਦੇ ਦਿਸਣ ਨਾਲ ਪੁਰਾਣੀਆਂ ਯਾਦਾਂ ਤਾਜ਼ੀਆਂ ਹੋਣ ਲਗਦੀਆਂ ਹਨ......ਅੱਧ ਨੰਗੇ ਮੈਲ ਨਾਲ ਭਰੇ ਤੇ ਘਰਾਲਾਂ ਨਾਲ ਲਿਬੜੇ ਮੁੰਡਿਆਂ ਦਾ ਰੌਲਾ ਪਾਉਣਾ—"ਟੀਕੇ ਲਾਉਣ ਵਾਲਾ ਡਾਕਦਾਰ ਆ ਗਿਐ..."

ਰੌਲਾ ਪਾਉਂਦੀ ਮੁੰਡੀਰ ਦਾ ਭੱਜ ਜਾਣਾ...ਫੇਰ ਏਸ ਤੋਂ ਵੀ ਵਧ ਮੁੰਡੀਰ ਦਾ ਇਕੱਠੇ ਹੋ ਜਾਣਾ...ਕੁਝ ਦਾ ਰੋਣ ਲਗਣਾ ਤੇ ਨੱਸ ਜਾਣਾ ਤੇ ਲੁਕ ਜਾਣਾ...... ਇਕ ਕੁੜੀ ਦਾ ਝਾਕਣਾ। ਜਿਥੇ ਕਿਤੇ ਵੀ ਟੀਕੇ ਲਾਉਣ ਜਾਣਾ, ਕੋਈ ਬਹਾਨਾ ਲਾ ਕੇ ਉਸ ਦਾ ਪਿਛੇ ਤੁਰ ਆਉਣਾ...ਕੀ ਨਾਂ ਸੀ ਉਸ ਦਾ...ਸ਼ਾਇਦ ਸੀਤੋ ਜਾਂ ਸੰਤੋ ?...ਉਸ ਵਕਤ ਵੀ ਮੈਨੂੰ ਉਸ ਨਾਲ ਕੋਈ ਦਿਲਚਸਪੀ ਨਹੀਂ ਸੀ ਤੇ ਨਾ ਹੀ ਹੁਣ ਹੈ।...ਹੁਣ ਤਾਂ ਉਹ ਦੋ ਤਿੰਨ ਬਚਿਆਂ ਦੀ ਮਾਂ ਹੋਵੇਗੀ ? ਤੇ ਪਰਿ-ਵਾਰ ਨਿਯੋਜਨ (ਭਲਾਈ) ਲਈ ਨਲਬੰਦੀ ਕਰਵਾ ਲਈ ਹੋਵੇ ਜਾਂ ਲੂਪ ਹੀ ਲਵਾ ਲਿਆ ਹੋਵੇ !? ...ਤਾਈ ਪਰਸਿੰਨੀ ਜਿਹੜੀ ਕਿ ਲੱਸੀ ਦੇ ਪੀਤੇ ਬਿਨਾਂ ਨਹੀਂ ਸੀ ਆਉਣ ਦੇਂਦੀ......ਦੂਸਰੇ ਜਾਣੇ ਪਛਾਣੇ ਚਿਹਰੇ ਅੱਖਾਂ ਅੱਗੇ ਘੁੰਮਣ ਲੱਗੇ ਹਨ, ਜਿਹਨਾਂ ਵਿਚੋਂ ਬਹੁਤਿਆ ਦੇ ਤਾਂ ਨਾਂ ਭੁੱਲ ਚੁੱਕਾ ਹਾਂ।—ਹੋਰ ਤਾਂ ਹੋਰ ਚੌਕੀਦਾਰ ਜਿਹੜਾ ਕਿ ਮੇਰੇ ਪਿੰਡ ਵਿਚ ਪੁਜਣ 'ਤੇ ਮੇਰੀ ਸੇਵਾ ਵਿਚ ਰੁਝ ਜਾਂਦਾ ਸੀ, ਉਸ ਦਾ ਨਾਂ ਵੀ ਯਾਦ ਨਹੀਂ ਆ ਰਿਹਾ ! ਪਰ ਏਸ ਪਿੰਡ ਨਾਲ ਲਗਾਓ ਘਟਿਆ ਨਹੀਂ ! ਇਹੀ ਕਾਰਨ ਹੈ ਕਿ ਪੰਜ ਸਾਲਾਂ ਮਗਰੋਂ ਦੁਬਾਰਾ ਬਦਲ ਕੇ ਏਸ ਹਲਕੇ ਵਿਚ ਆਇਆ ਹਾਂ ਸਭ ਤੋਂ ਪਹਿਲਾਂ ਏਸੇ ਪਿੰਡ ਦਾ ਪਰੋਗਰਾਮ ਬਣਾਇਆ ਹੈ ਤੇ ਜਿਉਂ ਜਿਉਂ ਪਿੰਡ ਦੇ ਨੇੜੇ ਪੁੱਜ ਰਿਹਾ ਹਾਂ, ਮੈਨੂੰ ਥਕਾਵਟ ਤੇ ਤਕਲੀਫ ਦਾ ਘੱਟ ਤੇ ਮਸਤੀ ਦਾ ਅਹਿਸਾਸ ਜ਼ਿਆਦਾ ਹੋ ਰਿਹਾ ਹੈ।

ਸੜਕ ਤੋਂ ਉਤਰ ਕੇ ਹਰੀਜਨਾਂ ਦੇ ਵਿਹੜੇ ਵਲ ਸਾਈਕਲ ਮੋੜਦਾ ਹਾਂ ਤਾਂ ਇਕ ਵਾਰੀ ਲਗਦਾ ਹੈ ਕਿ ਮੈਂ ਹਰੀਜਨਾਂ ਦੇ ਵਿਹੜੇ ਵਲ ਨਹੀਂ, ਜ਼ਿਮੀਦਾਰਾਂ ਦੇ ਘਰਾਂ ਵਲ ਆ ਗਿਆ ਹਾਂ। ਖ਼ਸਤਾ ਹਾਲਤ ਖੂਹ ਦੀ ਜਗ੍ਹਾ ਪੱਕੇ ਚੌਂਤਰੇ ਵਾਲਾ ਖੂਹ ਹੈ, ਜਿਸਦੇ ਆਸੇ ਪਾਸ਼ੇ ਪਾਣੀ ਨਿਕਲਣ ਲਈ ਨਾਲੀਆਂ ਬਣੀਆਂ ਹੋਈਆਂ। ਕੋਲ ਹੀ ਇਕ ਖੂਬਸੂਰਤ ਇਮਾਰਤ ਦਿਸਦੀ ਹੈ ਜੋ ਕਿ ਕਿਸੇ ਵੱਡੇ ਜ਼ਿਮੀਦਾਰ ਦੀ ਜਾਪਦੀ ਹੈ।

ਰਸਤਾ ਰੇਤਲਾ ਹੋਣ ਕਰਕੇ, ਸਾਈਕਲ ਤੋਂ ਉਤਰ ਕੇ ਇੱਧਰ ਉੱਧਰ ਨਜ਼ਰ ਦੁੜਾਉਂਦੇ ਹੋਏ ਤੁਰ ਰਿਹਾ ਹਾਂ ਕਿ ਕੋਈ ਮਿਲੇ ਤਾਂ ਉਸ ਤੋਂ ਲਾਲ ਸਿੰਘ ਚੌਕੀਦਾਰ ਦੇ ਘਰ ਦਾ ਪਤਾ ਪੁੱਛ ਸਕਾਂ...... ਰਸਤੇ ਵਿਚ ਵਾਰ ਵਾਰ ਦਿਮਾਗ 'ਤੇ ਭਾਰ ਪਾਉਣ ਉਤੇ ਵੀ ਚੌਕੀਦਾਰ ਦਾ ਨਾਂ ਲਾਲ ਸਿੰਘ ਨਹੀਂ ਸੀ ਯਾਦ ਆ ਰਿਹਾ। [ਹੁਣ ਅਚਨਚੇਤ ਕਿਵੇਂ ਯਾਦ ਆ ਗਿਆ ? ਮੈਨੂੰ ਏਸ ਦੀ ਸਮਝ ਨਹੀਂ ਆਉਂਦੀ।] ਲਾਲ ਸਿੰਘ ਦਾ ਨਾਂ ਯਾਦ ਆਉਣ ਉਤੇ ਮੇਰਾ ਚਿਹਰਾ ਖਿੜ ਜਾਂਦਾ ਹੈ।

ਮੇਰੀ ਨਜ਼ਰ ਖੂਹ ਵਿਚੋਂ ਪਾਣੀ ਖਿਚਦੀਆਂ ਤੀਵੀਆਂ ਉਤੇ ਪੈਂਦੀ ਹੈ। ਉਨ੍ਹਾਂ ਵਿਚੋ ਇਕ-ਦੋ ਤੀਵੀਆਂ ਅੱਡੀਆਂ ਚੁਕ ਚੁੱਕਕੇ ਮੇਰੇ ਵਲ ਤੱਕ ਰਹੀਆਂ ਹਨ। ਇਹ ਤੀਵੀਆਂ ਮੈਨੂੰ ਪਛਾਨਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਥੋਂ ਦੇ ਲੋਕਾਂ ਦੇ ਦਿਲਾਂ ਵਿਚ ਮੇਰੇ ਲਈ ਅਜੇ ਵੀ ਇਜ਼ਤ ਹੈ—ਇਹ ਖਿਆਲ ਆਉਂਦੇ ਹੀ ਬੁਲ੍ਹਾਂ ਉਤੇ ਮੁਸਕਰਾਹਟ ਥਿਰਕਣ ਲਗਦੀ ਹੈ ਤੇ ਸਫਰ ਦੀ ਥਕਾਵਟ ਦੂਰ ਹੋ ਜਾਂਦੀ ਹੈ। (ਅਹਿਸਾਸ ਹੀ ਤਾਂ ਹੈ।)

ਖੂਹ ਕੋਲ ਪੁੱਜਦਾ ਹਾਂ ਇਕ ਮੁੰਡਾ ਅਗਾਂਹ ਵਧ ਕੇ ਮੇਰਾ ਸਾਈਕਲ ਫੜ ਲੈਂਦਾ ਹੈ ਤੇ ਕਹਿੰਦਾ ਹੈ— "ਲਿਆਓ ਪੰਡਿਤ ਜੀ ! ਮੈਨੂੰ ਦੇ ਦਿਓ।"

"ਏਥੇ ਬਦਲ ਕੇ ਆ ਗਏ ਓ ? ਪੰਡਿਤ ਜੀ !" ਖੂਹ ਉਤੇ ਖੜੀਆਂ ਤੀਵੀਆਂ ਵਿਚੋਂ ਇਕ ਜਣੀ ਪੁੱਛਦੀ ਹੈ।

ਮੈਂ ਜਾਤ ਤੋਂ ਬ੍ਰਾਹਮਣ ਨਹੀਂ ਹਾਂ, ਪਰ ਏਸ ਪਿੰਡ ਦੇ ਲੋਕਾਂ ਵਿਚ, 'ਪੰਡਿਤ ਜੀ !' ਦੇ ਨਾਂ ਤੋਂ ਪ੍ਰਸਿਧ ਹਾਂ। ਕਿਸੇ ਤਿਉਹਾਰ ਦਾ ਦਿਨ ਸੀ ਕਿ ਪਰੋਹਤ ਨੇ ਸਵੇਰੇ ਹੀ ਘਰ ਆ ਕੇ ਤਿਲਕ ਲਾ ਦਿਤਾ । ਤਿਲਕ ਮਿਟਾਉਣਾ ਮੈਨੂੰ ਯਾਦ ਨਾ ਰਿਹਾ ਤੇ ਉਵੇਂ ਹੀ ਪਿੰਡ ਨੂੰ ਤੁਰ ਆਇਆ। ਉਸ ਦਿਨ ਤੋਂ ਮੈਨੂੰ ਪੰਡਿਤ ਜੀ ਕਹਿ ਕੇ ਸੱਦਣਾ ਸ਼ੁਰੂ ਕਰ ਦਿਤਾ। (ਮੇਰਾ ਅਸਲੀ ਨਾਂ ਭੁਲਣ ਲੱਗੇ।)

"ਹਾਂ !" ਸੰਖੇਪ ਜਿਹਾ ਉਤਰ ਦੇਣ ਬਾਅਦ ਮੈਂ ਮੁੰਡੇ ਤੋਂ ਪੁਛਦਾ ਹਾਂ, "ਲਾਲ ਸਿੰਘ ਚੌਕੀਦਾਰ ਦਾ ਘਰ ਕਿੱਥੇ ਹੈ ?"

"ਮੈਂ ਘੱਲ ਦਿਆਂਗਾ।" ਪੀਲੀ ਇਮਾਰਤ ਵਲ ਇਸ਼ਾਰਾ ਕਰਕੇ ਕਹਿੰਦਾ ਹੈ "ਤੁਸੀਂ ਉਥੇ ਆਰਾਮ ਕਰੋ।"

"ਸਰਪੰਚ ਦਾ ਘਰ ਹੈ ?" ਉਸ ਦੇ ਹੱਥੋਂ ਸਾਇਕਲ ਫੜ ਕੇ ਕਹਿੰਦਾ ਹਾਂ।

"ਨਹੀਂ ! ਸਾਡੀ, ਹਰੀਜਨਾਂ ਦੀ ਸੱਥ ਐ," ਇਹ ਕਹਿੰਦੇ ਹੋਏ ਮਾਣ ਮਹਿਸੂਸ ਕਰਦਾ ਹੈ।

ਸੱਥ ਵਿਚ ਕੋਈ ਦਸ ਬਾਰਾਂ ਜਣੇਂ ਦੋ ਟੋਲੀਆਂ ਵਿਚ ਬੈਠੇ ਹੁੰਦੇ ਹਨ। ਗਭਰੂਆਂ ਦੀ ਟੋਲੀ ਤਾਸ਼ ਖੇਡ ਰਹੀ ਹੁੰਦੀ ਹੈ, ਅਧਖੜਾਂ ਦੀ ਜ਼ਮੀਨ 'ਤੇ ਕੋਲੇ ਨਾਲ ਪਾਸਾ ਬਣਾ ਕੇ ਖੇਡ ਦਾ ਸੁਆਦ ਲੈ ਰਹੀ ਹੁੰਦੀ ਹੈ।

ਓਹਨਾਂ ਵਿਚੋਂ ਇਕ ਆਪਣੇ ਵਲ ਮੈਨੂੰ ਆਉਂਦੇ ਦੇਖ ਕੇ ਕਹਿੰਦਾ ਹੈ, "ਡਾਕਦਾਰ ਆ ਗਿਐ।"

"ਕਿਹੜਾ ਡਾਕਦਾਰ ?" ਦੂਸਰੀ ਆਵਾਜ਼ ਉੱਭਰਦੀ ਹੈ।

ਸਾਰਿਆਂ ਦਾ ਧਿਆਨ ਮੇਰੇ ਵਲ ਹੋ ਜਾਂਦਾ ਹੈ।

"ਇਹ ਤਾਂ ਆਪਣੇ ਈਂ ਡਾਕਦਾਰ ਸਾਬ੍ਹ ਨੇ," ਤੀਜੀ ਆਵਾਜ਼ ਸੁਣਾਈ ਦੇਂਦੀ ਹੈ।

"ਫੇਰ ਇਥੇ ਬਦਲ ਕੇ ਆ ਗਏ ਹੋ ਪੰਡਿਤ ਜੀ ?"

"ਹਾਂ ! ਤੁਹਾਡਾ ਪਿਆਰ ਲੈ ਆਇਆ," ਮੈਂ ਜਵਾਬ ਵਿਚ ਕਹਿੰਦਾ ਹਾਂ।

"ਬਹੁਤ ਖ਼ੁਸ਼ੀ ਹੋਈ !"

"ਧੰਨ ਭਾਗ ਸਾਡੇ।"

ਇਹਨਾਂ ਸ਼ਬਦਾਂ ਨਾਲ ਮੈਨੂੰ ਜੀ ਆਇਆਂ ਕਿਹਾ ਜਾਂਦਾ ਹੈ।

ਸਾਰਿਆਂ ਨਾਲ ਹੱਥ ਮਿਲਾਉਣ ਲਈ ਹੱਥ ਅੱਗੇ ਵਧਾਉਂਦਾ ਹਾਂ। ਕੁਝ ਤਾਂ ਮੇਰੇ ਨਾਲ ਹੱਥ ਮਿਲਾਉਣ ਵਿਚ ਗ਼ਰਵ ਮਹਿਸੂਸ ਕਰਦੇ ਹਨ ਤੇ ਕੁਝ ਹੀਣ ਭਾਵਨਾ ਕਾਰਨ ਸੰਗਦੇ ਹਨ।

ਮੇਰੇ ਲਈ ਇਕ ਮੂੜ੍ਹਾ ਖ਼ਾਲੀ ਕਰ ਦਿੱਤਾ ਜਾਂਦਾ ਹੈ। ਉਹਨਾਂ ਨੂੰ ਆਪਣੀ ਖੇਡ ਜਾਰੀ ਰਖਣ ਲਈ ਕਹਿੰਦਾ ਹਾਂ। ਪਾਸੇ ਵਾਲੀ ਟੋਲੀ ਤਾਂ ਆਪਣੀ ਖੇਡ ਵਿਚ ਰੁਝ ਜਾਂਦੀ ਹੈ, ਪਰ ਤਾਸ਼ ਵਾਲੀ ਮੁੰਡੀਰ ਪੱਤੇ ਸਮਟ ਕੇ ਮੇਰੇ ਨਾਲ ਗੱਲਾਂ ਕਰਨ ਲਗਦੀ ਹੈ। ਤੇ ਇਕ ਦੋ ਜਣੇ ਚਾਹ ਪੀਣ ਲਈ ਪੁਛਦੇ ਹਨ। ਰਸਮੀ ਤੌਰ ਉਤੇ ਧੰਨਵਾਦ ਕਰਦਾ ਹੋਇਆ ਨਾਂਹ ਕਰ ਦੇਂਦਾ ਹਾਂ। ਉਹ ਜ਼ਿਦ ਨਹੀਂ ਕਰਦੇ।

ਲਾਲ ਸਿੰਘ ਦੇ ਚਿਹਰੇ ਉਤੇ ਝੁਰੜੀਆਂ ਨੇ ਜਾਲ ਵਿਛਾਇਆ ਹੋਇਆ ਹੈ। ਦਾੜ੍ਹੀ ਵੀ ਚਿੱਟੀ ਹੋ ਗਈ ਹੈ। ਟਾਂਵਾਂ ਟਾਂਵਾਂ ਵਾਲ ਹੀ ਕਾਲਾ ਦਿਸਦਾ ਹੈ।

"ਇੱਥੇ, ਡਾਕਟਰ ਸਾਬ੍ਹ ਆਏ ਨੇ ?" ਮੱਥੇ ਉਤੇ ਹੱਥ ਦਾ ਛੱਜਾ ਜਿਹਾ ਬਣਾ ਕੇ ਇੱਧਰ ਉੱਧਰ ਦੇਖਦੇ ਹੋਏ ਉਹ ਪੁਛਦਾ ਹੈ ।

ਲਾਲ ਸਿੰਘ ਦੀ ਨਜ਼ਰ ਵੀ ਸ਼ਾਇਦ ਕਮਜ਼ੋਰ ਹੋ ਗਈ ? ਸੋਚਦਾ ਹਾਂ ਪਰ ਦੂਜੇ ਹੀ ਪਲ ਉਸ ਨੂੰ ਆਪਣੇ ਕੋਲ ਬੁਲਾਉਂਦਾ ਹਾਂ, "ਲਾਲ ਸਿੰਆਂ ਏਧਰ ਆ ਬਈ ?"

"ਪੰਡਿਤ ਜੀਓ । ਤੁਸੀਓਂ !"

"ਹਾਂ ਲਾਲ ਸਿੰਹਾਂ ! ਸੁਣਾ ਤੇਰਾ......!"

"ਜੀ ਆਇਆਂ ਨੂੰ !" ਮੇਰੇ ਵਲ ਵੱਧਦਿਆਂ ਕਹਿੰਦਾ ਹੈ, "ਧੰਨ ਭਾਗ ਸਾਡੇ ।"

"ਚੌਕੀਦਾਰਾ, ਪੰਡਿਤ ਜੀ ਨੂੰ ਖੁਸ਼ ਰੱਖੀਂ ਨਹੀਂ ਤਾਂ ਇਹ ਵੀ ਚਲਾਣ ਕਰ ਦੇਣਗੇ", ਭੀੜ ਵਿਚੋਂ ਕੋਈ ਇਕ ਜਣਾ ਵਾਕ ਉਛਾਲਦਾ ਹੈ ।

ਮੈਨੂੰ ਸਮਝਦਿਆਂ ਦੇਰ ਨਹੀਂ ਲਗਦੀ ਕਿ ਮੈਥੋਂ ਪਹਿਲੇ ਵੈਕਸੀਨੇਟਰ ਨੇ ਏਸ ਗਰੀਬ ਦਾ, ਜੰਮਣ ਮਰਨ ਦੇ ਰਜਿਸਟਰਾਂ ਵਿਚੋਂ ਗਲਤੀਆਂ ਕੱਢ ਚਲਾਣ ਕਰ ਦਿਤਾ ਹੋਵੇਗਾ ਤੇ ਏਸ ਵਿਚਾਰੇ ਨੂੰ ਕਚਹਿਰੀਆਂ ਦੇ ਚੱਕਰ ਕੱਢਣੇ ਪਏ ਹੋਣਗੇ ਤੇ ਕੁਝ ਜੁਰਮਾਨਾ ਵੀ ਦੇਣਾ ਪਿਆ ਹੋਵੇਗਾ ।

ਲਾਲ ਸਿੰਘ ਕਹਿੰਦਾ ਹੈ, "ਪੰਡਿਤ ਜੀ ! ਇਹੋ ਜਿਹੇ ਨਹੀਂ ਹਨ ।"

ਮੈਂ ਉਸ ਨੂੰ ਤਸੱਲੀ ਦੇਂਦੇ ਹੋਏ ਕਹਿੰਦਾ ਹਾਂ, "ਲਾਲ ਸਿਆਂ, ਚਲਾਣ ਕੀਤਾ ਤਾਂ ਕਿਸੇ ਵੱਡੇ ਆਦਮੀ, ਨੰਬਰਦਾਰ ਵਰਗੇ ਦਾ ਕਰਾਂਗਾ । ਤੇਰੇ ਗਰੀਬ ਦਾ ਕੀ ਕਰਨਾ ।"

"ਹਜ਼ੂਰ ਮਾਲਕ ਓ ।"

"ਚੌਕੀਦਾਰ ਤਾਂ ਸਾਂਡੀ ਸੱਜੀ ਬਾਂਹ ਹੁੰਦਾ ਹੈ । ਇਹ ਹੀ ਤਾਂ ਸਾਡੇ ਸਾਰੇ ਕੰਮ ਕਰਦਾ ਹੈ ।"

"ਪੰਡਿਤ ਜੀ ਠੀਕ ਫਰਮਾਉਂਦੇ ਓ ।" ਇਕ ਜਾਣਾ ਕਹਿੰਦਾ ਹੈ । (ਨਾਂ ਦਾ ਮੈਨੂੰ ਪਤਾ ਨਹੀਂ ਕਿਉਂਕਿ ਹੱਥ ਮਲਾਂਦੇ ਹੋਏ ਵੀ ਮੈਂ ਕਿਸੇ ਦਾ ਨਾਂ ਪੁੱਛਣ ਦੀ ਕੋਸ਼ਿਸ਼ ਨਹੀਂ ਸੀ ਕੀਤੀ । ਪੁੱਛ ਵੀ ਲੈਂਦਾ ਤਾਂ ਸਾਰਿਆਂ ਦੇ ਨਾਂ ਯਾਦ ਨਹੀਂ ਰਹਿ ਸਕਦੇ ।)

"ਅਫਸਰ ਤੁਹਾਡੇ ਵਰਗਾ ਹੋਣਾ ਚਾਹੀਦੈ," ਲਾਲ ਸਿੰਘ ਕਹਿੰਦਾ ਹੈ ।

"ਅਫਸਰ ਤੁਹਾਡੇ ਜਿਹੇ ਹੋਣੇ ਚਾਹੀਦੇ ਨੇ", ਦੋ ਤਿੰਨ ਆਵਾਜ਼ਾਂ ਇਕਠੀਆਂ ਸੁਣਾਈ ਦੇਂਦੀਆਂ ਹਨ ।

"ਚਾਹ ਪਾਣੀ ਦੀ ਦੱਸੋ ?" ਲਾਲ ਸਿੰਘ ਪੁੱਛਦਾ ਹੈ ।

"ਘਰੋਂ ਖਾ ਪੀ ਕੇ ਅਇਆ ਹਾਂ," ਮੈ ਜਵਾਬ ਦੇਂਦਾ ਹਾਂ ।

"ਐਨੀ ਦੇਰ ਬਾਦ ਆਏ ਹੋ ਕੁਝ ਤਾਂ ਸੇਵਾ ਦਾ ਮੌਕਾ ਦਿਓ ।"

"ਟੀਕੇ ਲਾਉਣ ਦਾ ਕੰਮ ਸ਼ੁਰੂ ਕਰ ਲਈਏ । ਚਾਹ ਤਾਂ ਫੇਰ ਪੀ ਲਵਾਂਗੇ ।"

"ਨਹੀਂ, ਪੰਡਿਤ ਜੀ ! ਅੱਜ ਤਾਂ ਸਾਡੇ ਘਰ ਈ ਚਾਹ ਪੀਓ !"

ਦੋ ਤਿੰਨ ਵਾਰ ਕਹਿਣ ਉਤੇ ਵੀ ਮੈਂ ਚੁਪ ਰਹਿੰਦਾ ਹਾਂ । ਨਿਰਾਸਾ ਭਰੇ ਸਵਰ ਵਿਚ ਉਹ ਹੌਲੀ ਜਿਹੀ ਕਹਿੰਦਾ ਹੈ, "ਨੀਵੀਂ ਜਾਤ ਦਾ ਸਮਝ ਕੇ ਸਾਡੀ ਚਾਹ ਪੀਣਾ ਨਹੀਂ ਚਾਹੁੰਦੇ ।"

"ਅਜਿਹੀ ਗੱਲ ਨਹੀਂ, ਲਾਲ ਸਿਹਾਂ", ਮੈ ਆਪਣੀ ਸਫਾਈ 'ਚ ਕਹਿੰਦਾ ਹਾਂ ।

"ਸਾਡੇ ਨਾਲ ਘਿਰਨਾ ਕਰਦੇ ਹੋ ।" ਟੁਟੇ ਦਿਲ ਨਾਲ ਲਾਲ ਸਿੰਘ ਕਹਿੰਦਾ ਹੈ ।

"ਅਜਿਹੀ ਗੱਲ ਦਿਲ 'ਚ ਨਾ ਲਿਆ ਲਾਲ ਸਿਹਾਂ । ਮੈਨੂੰ ਤਾਂ ਪਹਿਲਾਂ ਹੀ ਬਹੁਤ ਦੇਰ ਹੋ

ਗਈ ਹੈ। ਸੋਚਦਾ ਹਾਂ ਟੀਕੇ ਲਾਉਣ ਦਾ ਕੰਮ ਛੇਤੀ ਸ਼ੁਰੂ ਕਰ ਲਈਏ ।"

"ਟੀਕੇ ਤਾਂ ਸਾਰੀ ਉਮਰ ਲਾਉਣੇ ਐਂ", ਭੀੜ ਵਿਚੋਂ ਕੋਈ ਇਕ ਜਣਾ ਕਹਿੰਦਾ ਹੈ।

"ਚੰਗਾ ਬਈ, ਜਿਵੇਂ ਤੁਹਾਡੀ ਮਰਜ਼ੀ !"

ਮੇਰੇ ਮੂੰਹੋਂ ਹਾਂ ਸੁਣਕੇ ਲਾਲ ਸਿੰਘ ਦੀਆਂ ਅੱਖਾਂ ਵਿਚ ਖੁਸ਼ੀ ਦੇ ਤਾਰੇ ਨੱਚਣ ਲਗਦੇ ਹਨ। ਆਪਣੇ ਖੋਲ੍ਹੇ ਸਾਹਮਣੇ ਪੁਜ ਕੇ ਲਾਲ ਸਿੰਘ ਮੇਰੇ ਸਾਈਕਲ ਨੂੰ ਨਿੰਮ ਦੇ ਮੁਢ ਨਾਲ ਲਾ ਦੇਂਦਾ ਹੈ। ਪੰਜ ਵਰ੍ਹੇ ਪਹਿਲਾਂ ਇਹ ਨਿੰਮ ਇਕ ਪੌਦਾ ਜਿਹਾ ਸੀ। ਹੁਣ ਛਾਂ ਵਾਲਾ ਬਿਰਛ ਬਣ ਗਿਆ ਹੈ। ਏਸ ਛਾ ਵਾਲੇ ਬਿਰਛ ਹੇਠਾਂ, ਤੀਵੀਆਂ ਵਿਹਲਿਆਂ ਹੋ ਕੇ ਬਹਿੰਦੀਆਂ ਹੋਣਗੀਆਂ। ......ਇਕ ਦੂਜੇ ਦੇ ਸਿਰਾਂ ਵਿਚੋਂ ਜੂੰਆਂ ਕੱਢਦੀਆਂ, ਭੂਤਾਂ ਪ੍ਰੇਤਾਂ ਤੇ ਸਿਆਣਿਆਂ ਦੀਆਂ ਕਹਾ-ਣੀਆਂ ਸੁਣਾਉਂਦੀਆਂ ਹੋਣਗੀਆਂ ਜਾਂ ਇਕ ਦੂਜੇ ਨੂੰ ਮੇਹਣੇ ਦੇਂਦੀਆਂ ਹੋਣਗੀਆਂ !

ਲਾਲ ਸਿੰਘ ਢਿੱਲੀ ਜਿਹੀ ਮੰਜੀ ਚੁਕ ਲਿਆਉਂਦਾ ਹੈ। ਉਸ ਉਤੇ ਦਰੀ ਵਿਛਾਉਣ ਲਗਦਾ ਹੈ ਤਾਂ ਮੈਂ ਉਸ ਨੂੰ ਰੋਕ ਦੇਂਦਾ ਹਾਂ, "ਇਸ ਨੂੰ ਰਹਿਣ ਦੇ।"

"ਵਾਣ ਚੁਭੇਗਾ, ਪੰਡਿਤ ਜੀ।"

"ਕੋਈ ਨਹੀਂ ! ਤੂੰ ਏਸ ਨੂੰ ਵਾਪਸ ਲੈ ਜਾ", ਮੈਂ ਕੋਸ਼ਿਸ਼ ਕਰਦਾ ਹਾਂ ਕਿ ਮੇਰੇ ਬੋਲ ਵਿਚ ਨਿਮਰਤਾ ਬਣੀ ਰਹੇ।

ਲਾਲ ਸਿੰਘ ਦਰੀ ਚੁੱਕ ਕੇ ਜਾਣ ਲਗਦਾ ਹੈ ਤਾਂ ਮੈਂ ਉਸ ਨੂੰ ਕਹਿੰਦਾ ਹਾਂ, "ਜੰਮਣ ਮਰਨ ਵਾਲੇ ਰਜਿਸਟਰ ਲਿਆ ਦੇ।"

ਮੈਨੂੰ ਰਜਿਸਟਰ ਦੇ ਕੇ ਲਾਲ ਸਿੰਘ ਪਿਛਵਾੜਿਓਂ ਛਿੱਟੀਆਂ ਦਾ ਥੱਬਾ ਚੁੱਕ ਕੇ ਚੌਂਕੇ ਵਿਚ ਲੈ ਆਉਂਦਾ ਹੈ। ਖੋਲ੍ਹੇ ਅੱਗੇ ਦੋ ਪਾਸੇ ਦੋ-ਢਾਈ ਫੁੱਟ ਉਚੀ ਕੰਧ ਕਰ ਕੇ ਚੌਂਕਾ ਬਣਾਇਆ ਹੋਇਆ ਹੈ। ਉਥੇ ਹੀ ਚਾਹ ਦੀ ਪੱਤੀ, ਗੁੜ, ਦੁੱਧ (ਸ਼ਾਇਦ ਬੱਕਰੀ ਦਾ) ਤੇ ਲੋੜੀਂਦੇ ਭਾਂਡੇ ਅੰਦਰੋਂ ਲੈ ਆਉਂਦਾ ਹੈ। ਛਿੱਟੀਆਂ ਤੋੜ ਕੇ ਚੁਲ੍ਹੇ ਵਿਚ ਡਾਹੁਣ ਮਗਰੋਂ ਜੇਬਾਂ ਫਰੋਲਣ ਲਗਦਾ ਹੈ। ਇਕ ਵਾਰੀ ਅੰਦਰ ਜਾਂਦਾ ਹੈ। ਕੁਝ ਚਿਰ ਮਗਰੋਂ ਬੁੜ-ਬੁੜ ਕਰਦਾ ਬਾਹਰ ਨਿਕਲਦਾ ਹੈ। ਮੇਰੇ ਕੋਲ ਆ ਕੇ ਕਹਿੰਦਾ ਹੈ, "ਸੀਖਾਂ ਆਲੀ ਡੱਬੀ ਹੋਵੇਗੀ, ਤੁਹਾਡੇ ਕੋਲ ?"

"ਹਾਂ। ਹੈ! ਹੈਂਡਲ ਤੋਂ ਥੈਲਾ ਲਾਹ ਲਿਆ।"

(ਮੈਨੂੰ ਅਜੇ ਕਿੱਟ ਨਹੀਂ ਮਿਲੀ। ਵੈਕਸੀਨੇਸ਼ਨ ਦਾ ਸਾਮਾਨ ਆਪਣੇ ਥੈਲੇ ਵਿਚ ਹੀ ਰੱਖਣਾ ਪੈਂਦਾ ਹੈ।)

ਲਾਲ ਸਿੰਘ ਅੱਗ ਬਾਲਣ ਤੇ ਚਾਹ ਬਣਾਉਣ ਵਿਚ ਰੁਝ ਜਾਂਦਾ ਹੈ ਤੇ ਮੈਂ ਨਵੇਂ ਜੰਮੇ ਬਾਲਾਂ ਦੇ ਨਾਂ ਵੈਕਸੀਨੇਸ਼ਨ 'ਰਿਕਾਰਡ' ਰਜਿਸਟਰ ਵਿਚ ਦਰਜ ਕਰਨ ਲਗਦਾ ਹਾਂ।

ਉਹ ਪਿੱਤਲ ਦੇ ਦੋ ਗਲਾਸਾਂ ਨੂੰ ਕਮੀਜ਼ ਤੇ ਧੋਤੀ ਦੇ ਲੜ ਨਾਲ ਫੜੀ ਮੰਜੀ ਕੋਲ ਆ ਜਾਂਦਾ ਹੈ। ਕਮੀਜ਼ ਦੇ ਲੜ ਨਾਲ ਫੜੇ ਹੋਏ ਗਲਾਸ ਨੂੰ ਮੇਰੇ ਵੱਲ ਵਧਾ ਕੇ ਕਹਿੰਦਾ ਹੈ, "ਲਓ ! ਪੰਡਿਤ ਜੀ ! ਤੱਤੀ ਐ।"

ਜੇਬ ਵਿਚੋਂ ਰੁਮਾਲ ਕੱਢ ਕੇ, ਮੈਂ ਆਪਣੇ ਵੱਲ ਵਧਾਏ ਹੋਏ ਗਲਾਸ ਨੂੰ ਫੜ ਲੈਂਦਾ ਹਾਂ। ਲਾਲ ਸਿੰਘ ਹੇਠਾਂ ਬਹਿਣ ਲਗਦਾ ਹੈ ਤਾਂ ਸਰਕ ਕੇ ਕਹਿੰਦਾ ਹਾਂ, "ਏਥੇ ਆ ਜਾ ਬਈ।"

"ਨਹੀਂ ਪੰਡਿਤ ਜੀ......"

ਉਸ ਦੇ ਮੂੰਹੋਂ ਪੂਰੀ ਗੱਲ ਨਿਕਲਣ ਤੋਂ ਪਹਿਲਾਂ ਹੀ ਮੈਂ ਬਾਂਹ ਫੜ ਕੇ ਉਸ ਨੂੰ ਆਪਣੇ ਕੋਲ ਮੰਜੀ 'ਤੇ ਬਿਠਾ ਲੈਂਦਾ ਹਾਂ। ਚਾਹ ਪੀਂਦੇ ਉਸ ਨਾਲ ਗੱਲਾਂ ਵੀ ਕਰਦਾ ਰਹਿੰਦਾ ਹਾਂ।

ਏਸ ਵਿਚਾਲੇ ਤੇਰਾ ਚੌਦਾਂ ਸਾਲਾਂ ਦਾ ਮੁੰਡਾ ਕੋਲ ਆ ਕੇ ਕਹਿੰਦਾ ਹੈ, "ਬਾਪੂ ਕਹਿ ਗਿਆ ਸੀ, ਖੇਤ 'ਚੋਂ ਛਿੱਟੀਆਂ ਲੈ ਆਵੀਂ।"

"ਅੱਜ ਤਾਂ ਡਾਕਟਰ ਸਾਬ ! ਆਏ ਨੇ, ਕੱਲ ਲੈ ਆਵਾਂਗਾ।"

"ਕੱਲ ਜ਼ਰੂਰ ਲੈ ਆਵੀਂ।" ਜਾਂਦੇ ਹੋਏ ਮੁੰਡਾ ਕਹਿ ਜਾਂਦਾ ਹੈ।

ਮੇਰੇ ਪੁੱਛਣ ਤੋਂ ਪਹਿਲਾਂ ਹੀ ਲਾਲ ਸਿੰਘ ਦੱਸਦਾ ਹੈ, "ਇਹ ਆਪਣੇ ਸਰਪੰਚ ਸਾਬ੍ਹ ਦਾ ਪੋਤਰਾ ਐ।"

"ਹੁਣ ਵੀ ਤੇਰੇ ਤੋਂ ਵਗਾਰ ਲਈ ਜਾਂਦੀ ਹੈ ?"

ਮੇਰੀ ਗੱਲ ਉਹਦੇ ਪੱਲੇ ਨਹੀਂ ਪੈਂਦੀ ਤਾਂ ਸਪਸ਼ਟ ਕਰਦੇ ਹੋਏ ਮੈਂ ਕਹਿੰਦਾ ਹਾਂ, "ਮੇਰਾ ਭਾਵ ਹੈ ਕਿ ਸਰਪੰਚ ਦੇ ਘਰ ਦਾ ਕੰਮ ਵੀ ਤੈਨੂੰ ਕਰਨਾ ਪੈਂਦਾ ਹੈ ?"

"ਉਹ !" ਮੇਰੇ ਹੱਥੋਂ ਖਾਲੀ ਗਲਾਸ ਫੜ ਕੇ ਕਹਿੰਦਾ ਹੈ, "ਛਿੱਟੀਆਂ ਤਾਂ ਮੈਂ ਆਪਣੇ ਲਈ ਮੰਗੀਆਂ ਨੇ।"

"ਬਹੁਤ ਦਿਆਲੂ ਹੈ, ਤੁਹਾਡਾ ਸਰਪੰਚ", ਮੈਂ ਆਪਣੀ ਝੇਂਪ ਮਿਟਾਉਣ ਚਾਹੁੰਦਾ ਹਾਂ।

"ਹਾਂ ! ਪੰਡਿਤ ਜੀ ਉਹਨਾਂ ਦੀ ਕੀ ਬਾਤ ਐ। ਦੇਵਤਾ ਨੇ ! ਦੇਵਤਾ।" ਆਪਣੀ ਗੱਲ ਨੂੰ ਜਾਰੀ ਰਖਦੇ ਹੋਏ ਕਹਿੰਦਾ ਹੈ, ਸਾਡੇ ਲਈ ਅੱਡ ਸੱਥ ਬਣਵਾ ਦਿਤੀ ਐ। ਖੂਹ ਦਾ ਚੌਂਤਰਾ ਪੱਕਾ ਕਰਵਾ ਦਿਤੈ। ਨਵਾਂ ਗੁਰਦੁਆਰਾ ਬਣਾਉਣ ਦਾ ਵੈਦਾ ਕੀਤੈ।"

"ਬੜੀ ਖੁਸ਼ੀ ਹੋਵੇਗੀ, ਉਹਨਾਂ ਨੂੰ ਮਿਲਕੇ, ਕੀ ਨਾਂ ਹੈ ?"

"ਬਿਕਰਮ ਸਿੰਘ।"

"ਬਿਕਰਮ ਸਿੰਘ ?" ਮੈਂ ਆਪਣੇ ਜ਼ਿਹਨ ਉਤੇ ਜ਼ੋਰ ਦੇਂਦੇ ਹੋਏ ਦੁਹਰਾਉਂਦਾ ਹਾਂ।

"ਤੁਸੀਂ ਨਹੀਂ ਜਾਣਦੇ ! ਪੰਡਿਤ ਜੀ, ਉਹਨਾਂ ਨੂੰ।"

"ਮੈਂ ਨਹੀਂ ਜਾਣਦਾ ?"

"ਹਾਂ ! ਪਹਿਲਾਂ ਯੂ. ਪੀ. 'ਚ ਰਹਿੰਦੇ ਸਨ। ਉਹਨਾਂ ਦੇ ਉਥੇ ਮੁਰੱਬੇ ਹਨ। ਇੱਧਰ, ਪਿੰਡ 'ਚ ਤਾਂ ਕਦੇ ਕਦਾਈਂ ਈ ਆਉਂਦੇ ਸਨ। ਪਰ ਜਿਸ ਦਿਨ ਤੋਂ ਸਰਪੰਚ ਬਣੇ ਨੇ, ਇਥੇ ਈ ਰਹਿਣ ਲੱਗ ਪਏ ਨੇ। ਆਪਣੇ ਵੱਡੇ ਮੁੰਡੇ ਬਲਵੰਤ ਨੂੰ ਉਥੇ ਘੱਲ ਦਿਤੈ। ਆਪ ਦਿਨੇ ਰਾਤੀਂ ਪਿੰਡ ਦੀ ਤਰੱਕੀ ਤੇ ਹਰੀਜਨਾਂ ਦੀ ਭਲਾਈ ਸੋਚਦੇ ਰਹਿੰਦੇ ਨੇ।"

"ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਨੂੰ ਮਿਲ ਲਈਏ।......ਮੇਰਾ ਸਾਈਕਲ ਅੰਦਰ ਰੱਖ ਆ।"

"ਅੱਜ ਤਾਂ ਉਹ ਸ਼ਹਿਰ......"

ਭਾਂਡੇ ਖੜਕਣ ਦੀ ਆਵਾਜ਼ ਸੁਣ ਕੇ ਲਾਲ ਸਿੰਘ ਆਪਣੀ ਗੱਲ ਅਧੂਰੀ ਛੱਡ ਦੇਂਦਾ ਹੈ। ਭਾਂਡਿਆਂ ਵਿਚ ਕੁੱਤਾ ਮੂੰਹ ਮਾਰ ਰਿਹਾ ਹੁੰਦਾ ਹੈ।

"ਹੱਤ ਤੇਰੇ......।" ਗਾਲ੍ਹ ਕੱਢਦੇ ਹੋਏ, ਜ਼ਮੀਨ ਤੋਂ ਛਿੱਟੀ ਚੁਕ ਕੇ ਕੁੱਤੇ ਵੱਲ ਉਲਾਰਦਾ ਹੈ। ਕੁੱਤਾ ਪੂਛ ਹਿਲਾਉਂਦਾ ਹੋਇਆ ਭੱਜ ਜਾਂਦਾ ਹੈ। ਭਾਂਡਿਆਂ ਨੂੰ ਅੰਦਰ ਰੱਖਣ ਬਾਅਦ, ਸਾਈਕਲ

ਲਿਜਾਂਦੇ ਹੋਏ ਕਹਿੰਦਾ ਹੈ, "ਅੱਜ ਤਾਂ ਉਹ ਸ਼ਹਿਰ ਗਏ ਨੇ। ਦੁਪਹਿਰ ਨੂੰ ਜਾਂ ਕੱਲ੍ਹ ਆਣਗੇ।"

ਮੰਜੀ ਨੂੰ ਨਿੰਮ ਦੇ ਮੁੱਢ ਨਾਲ ਟੇਢੀ ਕਰਕੇ ਲਾ ਦੇਂਦਾ ਹੈ। ਮੇਰਾ ਥੈਲਾ ਫੜ ਕੇ ਪੁੱਛਦਾ ਹੈ, "ਵੱਡੀ ਸੱਥ 'ਚ ਬਹਿ ਕੇ ਟੀਕੇ ਲਾਣੇ ਹਨ ਜਾਂ ਘਰੋ-ਘਰੀ ਜਾ ਕੇ?"

ਇਕ ਘਰ ਤੋਂ ਦੂਜੇ ਘਰ ਜਾ ਕੇ ਟੀਕੇ ਲਾ ਰਹੇ ਹਾਂ। ਜਿਹੜੇ ਲੋਕ ਮੈਨੂੰ ਪਛਾਣਦੇ ਹਨ, ਉਹ ਮੇਰੇ ਦੁਬਾਰਾ ਬਦਲ ਆਉਣ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਕਈ ਰਸਮੀ ਤੌਰ ਉਤੇ ਚਾਹ ਲੱਸੀ ਪੁਛਦੇ ਹਨ। ਕੁਝ ਕੁ ਜ਼ਿੱਦ ਵੀ ਕਰਦੇ ਹਨ। ਕੁਝ ਅਜਿਹੇ ਵੀ ਹਨ, ਜਿਹੜੇ ਗੱਲੀਂ ਲਾਉਣਾ ਚਾਹੁੰਦੇ ਹਨ। ਮੈਂ ਕੋਈ ਬਹਾਨਾ ਲਾ ਦੇਂਦਾ ਹਾਂ ਜਾਂ ਖਿਮਾਂ ਮੰਗ ਕੇ ਅਗਲੇ ਘਰ ਟੀਕੇ ਲਾਉਣ ਲਈ ਵਧ ਜਾਂਦਾ ਹਾਂ।

ਲਾਲ ਸਿੰਘ ਕਹਿੰਦਾ ਹੈ, "ਤੁਹਾਡੇ ਵਾਸਤੇ ਸਰਪੰਚ ਸਾਬ੍ਹ ਕੇ ਘਰ ਰੋਟੀ ਲਈ ਕਹਿ ਆਵਾਂ?"

"ਉਹ ਹੁੰਦੇ ਤਾਂ ਖਾ ਲੈਂਦਾ। ਫੇਰ ਕਿਸੇ ਦਿਨ ਸਹੀ। ਹੁਣ ਤਾਂ ਕੰਮ ਪੂਰਾ ਕਰੀਏ।"

"ਇਉਂ ਕਿਵੇਂ ਸਰੂ? ਪੰਡਿਤ ਜੀ।" ਮੇਰੇ ਪ੍ਰਤਿ ਹਮਦਰਦੀ ਤੇ ਅਪਣੱਤ ਦਾ ਪ੍ਰਗਟਾਵਾ ਕਰਦਾ ਹੈ।

"ਬੱਸ ਤੂੰ ਤੁਰਿਆ ਆ, ਮੈਨੂੰ ਰੋਟੀ ਦੀ ਨਹੀਂ, ਕੰਮ ਦੀ ਫਿਕਰ ਹੈ।"

ਗਲੀਆਂ ਪੱਕੀਆਂ ਹੋਣ ਤੋਂ ਬਿਨਾ ਪਾਣੀ ਦੇ ਨਿਕਾਸ ਲਈ ਨਾਲੀਆਂ ਬਣੀਆਂ ਹੋਈਆਂ ਹਨ। ਘਰਾਂ ਵਿਚ ਬਿਜਲੀ ਆ ਗਈ ਹੈ, ਹੈਂਡ ਪੰਪ ਲੱਗੇ ਹੋਏ ਹਨ। ਡਗਵੈਲ (ਖੂਹ ਵਾਲੀਆਂ) ਟੱਟੀਆਂ ਬਣੀਆਂ ਹੋਈਆਂ ਹਨ। ਚਾਰ ਪੰਜ ਟੀ. ਵੀ. ਐਨਟੀਨੇ ਨਜ਼ਰ ਆ ਰਹੇ ਹਨ। ਕਈ ਜ਼ਿਮੀਂਦਾਰਾਂ ਨੇ ਪਰਾਹੁਣਚਾਰੀ ਲਈ ਅੱਡ ਡਰਾਇੰਗ ਰੂਮ ਬਣਵਾਏ ਹਨ। ਇਹਨਾਂ ਨੂੰ ਸੋਫਾ ਸੈੱਟਾਂ, ਰੇਡੀਓ, ਤੇ ਦੂਸਰੀਆਂ ਸਜਾਵਟ ਵਾਲੀਆਂ ਚੀਜ਼ਾਂ ਨਾਲ ਸਜਾਇਆ ਹੋਇਆ ਹੈ।

ਸਰਪੰਚ ਨੂੰ ਮਿਲਣ ਦੀ ਇੱਛਾ ਪ੍ਰਬਲ ਹੋ ਜਾਂਦੀ ਹੈ। ... ਵੈਕਸੀਨ ਦੀ ਚੌਥੀ ਟਿਊਬ ਖ਼ਤਮ ਹੋ ਚੁਕੀ ਹੈ। (ਇਕ ਟਿਊਬ ਨਾਲ ਲਗਪਗ ਵੀਹ ਟੀਕੇ ਲਗਦੇ ਹਨ।) ਲਾਲ ਸਿੰਘ ਬੜੀ ਨਿਮਰਤਾ ਸਹਿਤ ਕਹਿੰਦਾ ਹੈ, "ਥੱਕ ਗਏ ਹੋਵੋਗੇ, ਪੰਡਿਤ ਜੀ!"

ਮੈਂ ਸਮਝ ਜਾਂਦਾ ਹਾਂ ਕਿ ਵਿਚਾਰਾ ਆਪ ਥਕ ਗਿਆ ਹੋਣਾਂ ਅਤੇ ਇਸ ਨੂੰ ਭੁੱਖ ਵੀ ਲੱਗ ਗਈ ਹੋਣੀ ਹੈ। ਸੰਗਦਾ ਜਾਂ ਡਰਦਾ ਸਾਫ ਨਹੀਂ ਕਹਿਣਾ ਚਾਹੁੰਦਾ। ਮੈਂ ਅਣਜਾਣ ਬਣ ਕੇ ਕਹਿੰਦਾ ਹਾਂ, "ਥੱਕਿਆ ਤਾਂ ਨਹੀਂ ਹਾਂ, ਧੁੱਪ 'ਚ ਵੈਕਸੀਨ ਖਰਾਬ ਹੋ ਜਾਵੇਗੀ ਤੇ ਟੀਕਾ ਵੀ ਸਫਲ ਨਹੀਂ ਹੋਵੇਗਾ। ਦੁਪਹਿਰ ਬਾਅਦ ਕੰਮ ਸ਼ੁਰੂ ਕਰ ਲਵਾਂਗੇ।"

ਸਾਂਪਿਰਟ ਲੈਂਪ, ਮਾਚਿਸ, ਤੌਲੀਆ ਅਤੇ ਸੂਈਆਂ ਆਦਿ, ਥੈਲੇ ਵਿਚ ਰਖ ਲੈਂਦਾ ਹਾਂ ਤੇ ਸੱਥ ਵਲ ਤੁਰ ਪੈਂਦਾ ਹਾਂ।

ਰਸਤੇ ਵਿਚ ਸਾਹਮਣਿਓਂ, ਚਿੱਟੇ ਕਪੜਿਆਂ ਵਾਲੇ ਇਕ ਬਜ਼ੁਰਗ ਨੂੰ ਆਉਂਦਾ ਦੇਖ ਕੇ ਲਾਲ ਸਿੰਘ ਕਹਿੰਦਾ ਹੈ, "ਸਰਪੰਚ ਸਾਬ੍ਹ ਆ ਰਹੇ ਨੇ।"

ਸਰਪੰਚ ਨੂੰ ਆਪਣੇ ਵਲ ਵਧਦਾ ਦੇਖ ਕੇ ਮੇਰੀਆਂ ਅੱਖਾਂ ਵਿਚ ਚਮਕ ਆ ਜਾਂਦੀ ਹੈ— ਦੁਧ ਚਿੱਟੀ ਦਾੜ੍ਹੀ, ਨੂਰੀ ਚਿਹਰਾ ਦੇਖ ਕੇ ਸਿਰ ਸਤਿਕਾਰ ਨਾਲ ਆਪਣੇ ਆਪ ਝੁਕ ਜਾਂਦਾ ਹੈ।

ਸਾਡੇ ਵਿਚਾਲੇ ਚਾਰ ਪੰਜ ਕਦਮਾਂ ਦਾ ਫਾਸਲਾ ਰਹਿ ਜਾਂਦਾ ਹੈ ਤਾਂ ਲਾਲ ਸਿੰਘ ਤੇ ਮੈਂ

ਇਕੱਠੇ ਹੀ ਸਤਿ ਸ੍ਰੀ ਅਕਾਲ ਬੁਲਾਉਂਦੇ ਹਾਂ।

"ਸਤਿ ਸ੍ਰੀ ਅਕਾਲ !" ਮੁਸਕਰਾ ਕੇ ਜਵਾਬ ਦੇਣ ਮਗਰੋਂ ਉਹ ਲਾਲ ਸਿੰਘ ਕੋਲੋਂ ਪੁੱਛਦੇ ਹਨ. "ਇਹ ਸਾਹਿਬ ਕਿਹੜੇ ਮਹਿਕਮੇ ਦੇ ਨੇ ?"

"ਟੀਕੇ ਲਾਣ ਆਲੇ ਡਾਕਟਰ ਨੇ।"

ਆਪਣੇ ਆਪ ਨੂੰ ਡਾਕਟਰ ਸਦਾਉਣ ਵਿਚ ਖੁਸ਼ੀ ਤੇ ਗਰਵ ਮਹਿਸੂਸ ਕਰਦਾ ਆਇਆ ਹਾਂ, ਪਰ ਏਸ ਸਰਪੰਚ ਸਾਹਮਣੇ ਡਾਕਟਰ ਸਦਾਉਣਾ ਚੰਗਾ ਨਹੀਂ ਲਗਦਾ। ਆਪਣੀ ਸਹੀ ਪਛਾਣ ਦੇਂਦੇ ਹੋਏ ਕਹਿੰਦਾ ਹਾਂ, "ਨਾਚੀਜ਼ ਮਹਿਕਮਾ ਸਿਹਤ ਤੇ ਪਰਿਵਾਰ ਨਿਯੋਜਨ (ਹੁਣ ਭਲਾਈ) ਵਿਚ ਵੈਕਸੀਨੇਟਰ ਹੈ।"

"ਬੜੀ ਖੁਸ਼ੀ ਹੋਈ।" ਸਰਪੰਚ ਹੋਰੀਂ ਹੱਥ ਮਿਲਾਉਣ ਲਈ ਆਪਣਾ ਹੱਥ ਅੱਗੇ ਕਰਦੇ ਹੋਏ ਕਹਿੰਦੇ ਹਨ, "ਕਿਸੇ ਕਿਸਮ ਦੀ ਤਕਲੀਫ ਤਾਂ ਨਹੀਂ ਹੋਈ ?"

"ਨਹੀਂ !" ਉਨ੍ਹਾਂ ਨਾਲ ਹੱਥ ਮਿਲਾਉਂਦੇ ਹੋਏ ਗਰਵ ਅਤੇ ਹੀਣ ਭਾਵਨਾ ਦੇ ਮਿਲੇ ਜੁਲੇ ਅਹਿਸਾਸ ਨਾਲ ਮੇਰੀ ਮਨੋਦਸ਼ਾ ਉਵੇਂ ਹੀ ਹੋ ਜਾਂਦੀ ਹੈ, ਜਿਵੇਂ ਕਿ ਸੱਥ ਵਿਚ ਮੇਰੇ ਨਾਲ ਹੱਥ ਮਿਲਾਉਂਦੇ ਹੋਏ ਹਰੀਜਨਾਂ ਦੀ ਹੋ ਗਈ ਸੀ।

"ਖਾਣਾ ਖਾਧਾ ਕਿ ਨਹੀਂ ?"

"ਸਵੇਰੇ ਘਰੋਂ ਖਾ ਪੀ ਕੇ ਹੀ ਆਇਆ ਸਾਂ।"

"ਭੁੱਖਾ ਤਾਂ ਕੋਈ ਵੀ ਨਹੀਂ ਆਉਂਦਾ।" ਬਿੰਦ ਕੁ ਰੁਕਣ ਮਗਰੋਂ ਆਪਣੀ ਗੱਲ ਜਾਰੀ ਰਖਦੇ ਕਹਿੰਦੇ ਹਨ, "ਇਹ ਕਿਵੇਂ ਹੋ ਸਕਦੈ ਕਿ ਪਿੰਡ 'ਚ ਆਓ ਤੇ ਖਾਣਾ ਨਾ ਖਾਓ।"

ਫੇਰ ਲਾਲ ਸਿੰਘ ਨੂੰ ਕਹਿਣ ਲੱਗੇ, "ਲਾਲ ਸਿਹਾਂ ਬਾਊ ਜੀ ਨੂੰ ਘਰ ਲੈ ਜਾਂਦਾ।"

"ਮੈਂ ਤਾਂ ਬਥੇਰਾ ਕਿਹਾ, ਪਰ ਪੰਡਿਤ ਜੀ ਮੰਨੇ ਈ ਨੀ।" ਲਾਲ ਸਿੰਘ ਆਪਣੀ ਸਫਾਈ ਵਜੋਂ ਕਹਿੰਦਾ ਹੈ।

"ਆਪ ਜੀ ਦੇ ਦਰਸ਼ਨ ਹੋ ਗਏ ਤੇ.........।"

"ਦਰਸ਼ਨ ਤਾਂ ਮਹਾਂਪੁਰਖਾਂ ਦੇ ਕੀਤੇ ਜਾਂਦੇ ਨੇ।" ਮੇਰਾ ਵਾਕ ਕੱਟ ਕੇ ਸਰਪੰਚ ਹੋਰੀਂ ਕਹਿੰਦੇ ਹਨ ਤੇ ਆਪਣੀ ਗੱਲ ਨੂੰ ਅੱਗੇ ਤੋਰਦੇ ਹਨ, "ਮੈਂ ਤਾਂ ਸੇਵਕ ਹਾਂ। ਪਿੰਡ ਦੀ ਤਰੱਕੀ ਹੁੰਦੀ ਰਹੇ, ਤੁਹਾਡੇ ਜਿਹੇ ਅਫਸਰਾਂ ਦੀ ਸੇਵਾ ਕਰਦਾ ਰਹਾਂ। ਇਹ ਹੀ ਮੇਰੀ ਖਾਹਿਸ਼ ਹੈ।"

ਆਪਣੇ ਪ੍ਰਤਿ ਸਰਪੰਚ ਦੇ ਮੂੰਹੋਂ ਸ਼ਬਦ ਅਫਸਰ ਸੁਣ ਕੇ ਮੇਰਾ ਚਿਹਰਾ ਸ਼ਰਮਿੰਦਗੀ ਕਾਰਣ ਪੀਲਾ ਪੈ ਜਾਂਦਾ ਹੈ। ਪਰ ਕੁਝ ਛਿਣਾਂ ਬਾਅਦ ਮਹਿਸੂਸ ਕਰਦਾ ਹਾਂ ਕਿ ਸਰਪੰਚ ਹੋਰੀਂ ਸਿੱਧੇ ਸਾਦੇ ਹਨ, ਨਿਮਰਤਾ ਸਹਿਤ ਗੱਲ ਬਾਤ ਕਰ ਰਹੇ ਹਨ।

"ਤੁਰੋ ਬਈ ! ਖੜੇ ਕਿਉਂ ਜੇ। ਘਰ ਚਲਦੇ ਹਾਂ। ਉਥੇ ਆਰਾਮ ਕਰ ਲੈਣਾ।"

ਲਾਲ ਸਿੰਘ ਤੇ ਮੈਂ ਸਰਪੰਚ ਹੋਰਾਂ ਨਾਲ ਤੁਰ ਪੈਂਦੇ ਹਾਂ ਪਰ ਲਾਲ ਸਿੰਘ ਦੋ ਚਾਰ ਕਦਮ ਤੁਰਨ 'ਤੇ ਹੀ ਪਿੱਛੇ ਰਹਿਣ ਲਈ ਹੌਲੀ ਚਲਣ ਲਗਦਾ ਹੈ। ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹੋਏ ਮੈਂ ਕਹਿੰਦਾ ਹਾਂ, "ਤੁਸੀਂ ਤਾਂ ਪਿੰਡ ਦਾ ਨਕਸ਼ਾ ਬਦਲ ਦਿੱਤਾ ਹੈ। ਤੁਹਾਡੀਆਂ ਕੋਸ਼ਿਸ਼ਾਂ ਨਾਲ ਪਿੰਡ 'ਚ ਬਿਜਲੀ ਆ ਗਈ ਹੈ। ਟਿਊਬਵੈਲ ਲਗ ਗਏ ਨੇ। ਸੜਕਾਂ ਪੱਕੀਆਂ ਹੋ ਗਈਆਂ ਨੇ......।"

"ਕਰਨ ਵਾਲਾ ਤਾਂ ਉਹ ਕਰਤਾਰ ਹੈ।" ਉਨ੍ਹਾਂ ਦਾ ਸਵਰ ਨਿਮਰਤਾ ਨਾਲ ਭਿਜਿਆ ਹੁੰਦਾ ਹੈ, "ਪਿੰਡ ਵਾਲਿਆਂ ਨੇ ਜ਼ੁੰਮੇਵਾਰੀ ਸੰਭਾਲ ਦਿੱਤੀ। ਪੂਰੀ ਕਰ ਰਿਹਾਂ। ਹਰੀਜਨਾਂ ਲਈ ਬੂਟ ਬਣਾਉਣ ਦੀ ਟਰੇਨਿੰਗ ਲਈ ਸੈਂਟਰ ਮਨਜ਼ੂਰ ਕਰਵਾ ਕੇ ਆ ਰਿਹਾ ਹਾਂ।"

ਹਰੀਜਨਾਂ ਬਾਰੇ ਗੱਲਬਾਤ ਸੁਣਕੇ ਪਿਛੇ ਤੁਰਦਾ ਲਾਲ ਸਿੰਘ ਤੇਜ਼ ਕਦਮ ਪੁਟ ਕੇ ਨਾਲ ਰਲ ਜਾਂਦਾ ਹੈ।

ਸਰਪੰਚ ਹੋਰੀਂ ਲਾਲ ਸਿੰਘ ਨੂੰ ਦੱਸਣ ਲਗਦੇ ਹਨ, "ਤੁਹਾਡੇ ਹਰੀਜਨਾਂ ਲਈ ਬੂਟ ਬਣਾਉਣ ਦੀ ਸਿਖਲਾਈ ਦਾ ਸੈਂਟਰ ਮੰਜ਼ੂਰ ਕਰਵਾਕੇ ਆ ਰਿਹਾ ਹਾਂ। ਸਖਲਾਈ ਲੈਣ ਵਾਲਿਆਂ ਨੂੰ ਪੱਚੀ ਰੁਪਏ ਮਹੀਨਾ ਵਜ਼ੀਫਾ ਵੀ ਮਿਲਿਆ ਕਰੇਗਾ।"

"ਮਾਹਰਾਜ ਇਹ ਤਾਂ ਬਹੁਤ ਵੱਡਾ ਹਸਾਣ ਕੀਤਾ ਐ। ਵਾਹਿਗੁਰੂ ਤੁਹਾਨੂੰ 'ਚੜ੍ਹਦੀਆਂ ਕਲਾਂ 'ਚ ਰੱਖੇ।"

ਘਰ ਪੁਜਦੇ ਹਾਂ ਤਾਂ ਸਰਪੰਚ ਸਾਹਿਬ ਲਾਲ ਸਿੰਘ ਨੂੰ ਕਹਿੰਦੇ ਹਨ, "ਲਾਲ ਸਿਹਾਂ, ਤੂੰ ਬਾਊ ਜੀ ਨੂੰ ਕਮਰੇ 'ਚ ਬਿਠਾ ਆ।" ਫੇਰ ਮੈਨੂੰ ਸੰਬੋਧਿਤ ਹੁੰਦੇ ਹਨ, "ਮੈਂ ਦੋ ਮਿੰਟਾਂ 'ਚ ਤੁਹਾਡੇ ਕੋਲ ਆਉਂਦਾ ਹਾਂ।"

ਡਿਓੜੀ ਨਾਲ ਜੁੜਦੇ ਡਰਾਇੰਗ ਰੂਮ ਵਿਚ ਮੈਨੂੰ ਬਿਠਾ ਕੇ ਪੱਖੇ ਦਾ ਬਟਨ ਖੋਲ ਕੇ ਲਾਲ ਸਿੰਘ ਜਾਂਦਾ ਰਹਿੰਦਾ ਹੈ। (ਡਿਓੜੀ ਵਿਚ।)

ਸੋਫੇ ਦੀ ਪਿੱਠ ਨਾਲ ਢੋਹ ਲਾਕੇ ਸੋਚਦਾ ਹਾਂ ਕਿ ਸਰਪੰਚ ਹੋਰੀ ਨਾਂ ਤੋਂ ਹੀ ਬਿਕਰਮ ਸਿੰਘ ਨਹੀਂ, ਨੇਕ ਕੰਮਾਂ, ਦਯਾ ਭਾਵਨਾ ਕਾਰਨ ਏਸ ਯੁਗ ਦੇ ਮਹਾਰਾਜਾ ਵਿਕਰਮਾ ਦਿਤਿਆ ਹਨ। ਇਹ ਖਿਆਲ ਆਉਂਦਿਆਂ ਹੀ ਮੇਰੇ ਦਿਲ ਚ ਉਨ੍ਹਾਂ ਪ੍ਰਤਿ ਸਤਿਕਾਰ ਤੇ ਸ਼ਰਧਾ ਦਾ ਸੋਮਾਂ ਫੁਟ ਪੈਂਦਾ ਹੈ।

ਸਰਪੰਚ ਹੋਰੀਂ ਕਮਰੇ ਵਿਚ ਆਉਂਦੇ ਹਨ। ਉਨ੍ਹਾਂ ਨਾਲ ਨੌਕਰ ਵੀ ਹੈ। ਨੌਕਰ ਨੂੰ ਅਲ-ਮਾਰੀ ਵਿਚੋਂ ਸਟੀਲ ਦੇ ਭਾਂਡੇ ਕੱਢਣ ਸਾਫ ਕਰਨ ਤੇ ਜਲਦੀ ਖਾਣਾ ਲਿਆਉਣ ਲਈ ਹਦਾਇਤਾਂ ਦੇਂਦੇ ਰਹਿੰਦੇ ਹਨ। ਨੌਕਰ, "ਅੱਛਾ ਜੀ! ਅੱਛਾ ਜੀ!!" ਕਹਿੰਦਾ ਰਹਿੰਦਾ ਹੈ ਅਤੇ ਲੋੜੀਦੇ ਭਾਂਡੇ ਚੁੱਕ ਕੇ ਬਾਹਰ ਜਾਂਦਾ ਰਹਿੰਦਾ ਹੈ।

ਰੇਡਿਓ ਚਲਾਕੇ ਉਹ ਮੇਰੇ ਕੋਲ ਆ ਬੈਠਦੇ ਹਨ।

"ਪੰਡਿਤ ਜੀ!" ਉਹ ਪਹਿਲੀ ਵਾਰ ਮੈਨੂੰ ਪੰਡਿਤ ਜੀ ਕਹਿਕੇ ਬੁਲਾਉਂਦੇ ਹਨ। "ਨਹਾ-ਉਣਾ ਜਾਂ ਮੂੰਹ ਹੱਥ ਧੋਣੇ ਹਨ। ਸਾਹਮਣੇ ਗੁਸਲਖਾਨਾ ਹੈ।"

"ਨਹਾਉਣਾ ਤਾਂ ਨਹੀਂ। ਮੂੰਹ ਹੱਥ ਧੋਣੇ ਹਨ।" ਇਹ ਕਹਿ ਕੇ ਮੈਂ ਗੁਸਲਖਾਨੇ ਵਲ ਜਾਂਦਾ ਹਾਂ, ਜਿਸਦਾ ਦਰਵਾਜ਼ਾ ਡਰਾਇੰਗ ਰੂਮ ਵਿਚ ਖੁਲਦਾ ਹੈ।

ਮੈਂ ਕੰਘੇ ਨਾਲ ਵਾਲ ਸੰਵਾਰਨ ਮਗਰੋਂ ਗੁਸਲਖਾਨੇ ਚੋਂ ਬਾਹਰ ਆਉਂਦਾ ਹਾਂ। ਮੇਰੀ ਨਜ਼ਰ ਮੇਜ਼ ਉਤੇ ਲੱਗੇ ਪਏ ਖਾਣੇ 'ਤੇ ਪੈਂਦੀ ਹੈ। ਦੋ ਸਬਜ਼ੀਆਂ ਦਹੀਂ, ਸਲਾਦ ਮੱਖਣ ਤੇ ਲੱਸੀ ਦਾ ਭਰਿਆ ਜੱਗ ਦੇਖਕੇ ਮੈਂ ਸੋਚਦਾ ਹਾਂ ਕਿ ਕਿਤੇ ਸਰਪੰਚ ਹੋਰੀਂ ਮੈਨੂੰ ਕੋਈ ਅਫਸਰ ਤਾਂ ਨਹੀਂ ਸਮਝ ਬੈਠੇ। ਦੂਸਰੇ ਪਲ ਹੀ ਏਸ ਖਿਆਲ ਨੂੰ ਝਟਕ ਦੇਂਦਾ ਹਾਂ, ਨਹੀਂ ਉਹ ਪਰਾਹੁਣਾਚਾਰੀ ਦੀ ਭਾਵਨਾ...।

"ਤੁਸੀਂ ਬਹੁਤ ਦੇਰ ਲਾ ਦਿੱਤੀ।"

"ਨਹਾਉਣ ਲੱਗ ਗਿਆ ਸਾਂ।"

"ਜਲਦੀ ਆ ਜਾ ਬਈ! ਹੋਰ ਇੰਤਜ਼ਾਰ ਨਹੀਂ ਹੁੰਦਾ।"

ਸੋਫ਼ੇ ਉਤੇ ਬਹਿ ਕੇ ਪਹਿਲੀ ਬੁਰਕੀ ਤੋੜਦਾ ਹੀ ਹਾਂ ਕਿ ਸਰਪੰਚ ਸਾਹਿਬ ਦਾ ਪੋਤਰਾ, "ਬਾਪੂ, ਬਾਪੂ", ਚਹਿਕਦਾ ਹੋਇਆ ਕਮਰੇ ਵਿਚ ਆਉਂਦਾ ਹੈ ਪਰ ਜਲਦੀ ਹੀ ਉਸ ਦੀ ਚਹਿਕ ਗਾਇਬ ਹੋ ਜਾਂਦੀ ਹੈ। ਗੰਭੀਰ ਹੋ ਕੇ, ਬਾਹਰ ਨੂੰ ਮੁੜਦਾ ਹੋਇਆ ਕਹਿੰਦਾ ਹੈ:

"ਬਾਪੂ! ਬਾਹਰ ਆਈਂ ਕੇਰਾਂ!"

"ਕੀ ਗੱਲ ਐ? ਇਥੋਂ ਹੀ ਦੱਸ ਦੇ!"

"ਨਹੀਂ ਬਾਹਰ ਆ।" ਕਹਿ ਕੇ ਮੁੰਡਾ ਬਾਹਰ ਜਾਂਦਾ ਰਹਿੰਦਾ ਹੈ।

ਬੁੜ ਬੁੜਾਉਂਦੇ ਹੋਏ ਸਰਪੰਚ ਹੋਰੀਂ ਉਹਦੇ ਪਿੱਛੇ ਪਿੱਛੇ ਬਾਹਰ ਜਾਂਦੇ ਹਨ। ਮੈਂ ਤੋੜੀ ਹੋਈ ਬੁਰਕੀ ਪਲੇਟ ਵਿਚ ਰੱਖ ਦੇਂਦਾ ਹਾਂ ਅਤੇ ਇੰਤਜ਼ਾਰ ਕਰਨ ਲਗਦਾ ਹਾਂ ਕਿ ਸਰਪੰਚ ਸਾਹਿਬ ਆਉਣ ਤਾਂ ਖਾਣਾ ਸ਼ੁਰੂ ਕਰੀਏ।

ਸਰਪੰਚ ਹੋਰੀਂ ਕਮਰੇ ਵਿਚ ਆਉਂਦੇ ਹੀ ਕਹਿੰਦੇ ਹਨ, "ਡਿਓੜੀ ਵਿਚ ਬੈਠਦੇ ਹਾਂ। ਇਥੇ ਗਰਮੀ ਹੈ।"

ਮੇਰੀ ਨਜ਼ਰ ਬੰਦ ਹੋਏ ਪੱਖੇ 'ਤੇ ਪੈਂਦੀ ਹੈ। ਪਰ ਉਹਨਾਂ ਦੇ ਚਿਹਰੇ ਵਲ ਨਹੀਂ। ਰੇਡਿਓ ਬੰਦ ਹੋਣ ਦਾ ਮੈਨੂੰ ਪਤਾ ਨਹੀਂ ਲਗਿਆ। ਤੁਰਨ ਲਈ ਉਠ ਖੜਦਾ ਹਾਂ। ਮੈਨੂੰ ਖੜਾ ਦੇਖ ਕੇ ਸਰਪੰਚ ਸਾਹਿਬ ਕਹਿੰਦੇ ਹਨ, "ਤੂੰ ਚਲ ਮੈਂ ਆਉਂਦਾਂ।" ਉਨ੍ਹਾਂ ਦਾ ਸਵਰ ਬਦਲਿਆ ਹੁੰਦਾ ਹੈ। ਸੋਚਦਾ ਹਾਂ ਬਿਜਲੀ ਦੇ ਅਚਾਨਕ ਜਾਣ ਕਰਕੇ ਉਨ੍ਹਾਂ ਨੂੰ ਖਿੱਝ ਆ ਰਹੀ ਹੋਵੇਗੀ...ਤੇ ਆਪ ਨੌਕਰ ਨੂੰ ਸੱਦ ਕੇ ਖਾਣਾ ਡਿਉੜੀ ਵਿਚ ਲਿਆਉਣ ਲਈ ਕਹਿਣਾ ਚਾਹੁੰਦੇ ਹੋਣਗੇ!

"ਪੰਡਿਤ ਜੀ! ਇਥੇ ਤੁਰ ਆਏ ਓ!"

"ਹਾਂ!"

ਲਾਲ ਸਿੰਘ ਪੈਂਦ ਵੱਲ ਸਰਕ ਜਾਂਦਾ ਹੈ। ਮੈਂ ਆਰਾਮ ਨਾਲ ਮੰਜੀ ਉਤੇ ਬਹਿ ਜਾਂਦਾ ਹਾਂ। ਸਰਪੰਚ ਤੇ ਖਾਣੇ ਦਾ ਇੰਤਜ਼ਾਰ ਕਰਨ ਲਗਦਾ ਹਾਂ। ਸਰਪੰਚ ਹੋਰੀਂ ਆਪ ਤਾਂ ਨਹੀਂ ਆਉਂਦੇ। ਉਹਨਾਂ ਦਾ ਨੌਕਰ ਪਾਣੀ ਦੇ ਭਰੇ ਦੋ ਪਲਾਸਟਕ ਦੇ ਗਲਾਸ ਤੇ ਅਨੈਮਲ ਦੀਆਂ ਦੋ ਪਲੇਟਾਂ ਰਖ ਕੇ ਤੁਰ ਜਾਂਦਾ ਹੈ। ਪਲੇਟਾਂ ਵਿਚ ਰੋਟੀਆਂ ਤੇ ਸਬਜ਼ੀ ਇਕੱਠੀ ਹੀ ਪਾਈ ਹੁੰਦੀ ਹੈ। ਸਬਜ਼ੀ ਨਾਲ ਰੋਟੀਆਂ ਭਿਜ ਚੁਕੀਆਂ ਹੁੰਦੀਆਂ ਹਨ। ਏਸ ਪ੍ਰਤਿਕੂਲ ਵਰਤਾਉ ਦਾ ਕਾਰਨ ਸਮਝ ਨਹੀਂ ਆਉਂਦਾ ਪਰ ਮੇਰੇ ਵਿਸ਼ਵਾਸ ਦੀ ਮੂਰਤੀ ਹਿਲਣ ਲਗਦੀ ਹੈ। ਸਾਹਮਣੇ ਕੰਧ 'ਤੇ ਬੰਦ ਹੋਏ ਬਿਜਲੀ ਦੇ ਵੱਡੇ ਬਟਨ (ਮੇਨ ਸਿਵਿਚ) 'ਤੇ ਮੇਰੀ ਨਜ਼ਰ ਜਾਂਦੀ ਹੈ ਤਾਂ ਵਿਸ਼ਵਾਸ ਦੀ ਮੂਰਤੀ ਟੁੱਟਣ ਲਗਦੀ ਹੈ। ਵਿਸ਼ਵਾਸ ਦੀ ਇਹ ਮੂਰਤੀ ਟੁਟੇ ਨਾ ਇਸਦੀ ਪੂਜਾ ਹੁੰਦੀ ਰਹੇ ਏਸ ਲਈ ਪੁੱਛਦਾ ਹਾਂ, "ਸਰਪੰਚ ਹੋਰੀਂ ਏਧਰ ਆਏ ਸਨ?"

ਏਸ ਤੋਂ ਪਹਿਲਾਂ ਕਿ ਲਾਲ ਸਿੰਘ ਕੋਈ ਜਵਾਬ ਦੇਂਦਾ ਪਿਘਲੀ ਧਾਤ ਵਾਂਗ ਸਰਪੰਚ ਦੇ ਬੋਲ ਮੇਰੇ ਕੰਨਾਂ ਵਿਚ ਪੈਂਦੇ ਨੇ, "ਮੈਂ ਪੰਡਿਤ ਸਮਝ ਕੇ ਸੇਵਾ ਕਰਨ ਲਗਿਆਂ ਸਾਂ, ਮੈਨੂੰ ਕੀ ਪਤਾ ਸੀ ਕਿ ਉਹ ਚੂੜ੍ਹੇ ਚਮਾਰਾਂ ਦੇ ਘਰਾਂ ਵਿਚ ਖਾਂਦਾ ਪੀਂਦਾ ਫਿਰਦਾ..."!! ✶

[2088, ਗੁਰਦੁਆਰਾ ਗਲੀ, ਅਬੋਹਰ-152116]

ਅਤਰਜੀਤ

## ਅੱਖਾਂ ਦੀ ਦਾਰੂ

ਬੁੱਢੀ ਦਾਦੀ ਕਿਸ਼ਨੋ ਨੂੰ ਪੈਰੀ ਪੈਣਾ ਕਹਿ ਕੇ ਅਤੇ ਸਿਰ 'ਤੇ ਪਿਆਰ ਲੈਕੇ ਜੱਸੋ ਸਬਾਤ ਵਿਚ ਬੈਗ ਰੱਖਣ ਚਲਾ ਗਿਆ। ਉਸਦਾ ਬਾਪੂ ਸੱਜਣ ਵੀ ਨੇੜੇ ਤੇੜੇ ਹੀ ਆਉਂਦਾ ਸੀ ਪਰ ਜੱਸੋ ਨੇ ਖਿਆਲ ਨਹੀਂ ਕੀਤਾ। ਹੁਣ ਜਦੋਂ ਉਹ ਬਾਹਰ ਆਇਆ ਤਾਂ ਸੱਜਣ ਮਸ਼ੀਨ ਕੋਲ ਖੜਾ ਸੀ। ਇਧਰ ਉਸ ਦੀ ਪਿੱਠ ਸੀ ਅਤੇ ਹੁਣ ਵੀ ਮਸ਼ੀਨ ਦੇ ਉਪਰ ਦੀ ਜਿਵੇਂ ਕੰਧ ਤੋਂ ਬਾਹਰ ਵੇਖ ਰਿਹਾ ਸੀ। ਉਹ ਕੁਝ ਇਸ ਤਰ੍ਹਾਂ ਤਣ ਕੇ ਖੜੋਤਾ ਸੀ ਅਤੇ ਗਰਦਨ ਕੁਝ ਇਸ ਤਰ੍ਹਾਂ ਅਕੜਾਈ ਹੋਈ ਸੀ ਕਿ ਉਹ ਇਕ ਬੁੱਤ ਪ੍ਰਤੀਤ ਹੁੰਦਾ ਸੀ—ਸਮੁੱਚੀ ਕਿਸਾਨੀ ਦਾ ਚਿੰਨ੍ਹ ਰੂਪ ਪੱਥਰ ਦਾ ਕੋਈ ਸਤੰਭ। ਸਬਾਤ ਵਿਚ ਖੜੋਤਿਆਂ ਜੱਸੋ ਦੇ ਕੰਨਾਂ ਨੇ ਜੋ ਖੜਾਕ ਸੁਣਿਆ ਸੀ ਉਸਦੀ ਹੁਣ ਉਸ ਨੂੰ ਸਮਝ ਆ ਗਈ ਸੀ ਕਿ ਉਹ ਪੱਠਿਆਂ ਦੀ ਭਰੀ, ਜੋ ਮਸ਼ੀਨ ਦੇ ਪੈਰਾਂ ਵਿਚ ਪਈ ਸੀ, ਸੱਜਣ ਨੇ ਵਗਾਹ ਕੇ ਮਾਰੀ ਸੀ ਅਤੇ ਹੁਣ ਉਸ ਦੀ ਆਕੜੀ ਗਰਦਨ ਕੋਈ ਹਰਕਤ ਕਰਨ ਦੇ ਯੋਗ ਨਹੀਂ ਸੀ।

ਪਿੱਠ ਪਿੱਛੋਂ ਹੀ ਜੱਸੋ ਨੇ ਬਾਪੂ ਨੂੰ "ਸਤਿ ਸ੍ਰੀ ਅਕਾਲ" ਆਖੀ। ਸੱਜਣ ਨੇ ਪਿਛਾਂਹ ਭਉਂ ਕੇ ਵੇਖਿਆ ਅਤੇ ਫਤਿਹ ਮੰਨਣ ਪਿਛੋਂ "ਰਾਜੀ ਐਂ ਭਾਈ ?" ਆਖ ਕੇ ਗਰਦਨ ਨੂੰ ਇਧਰ ਉਧਰ ਘੁਮਾਇਆ—"ਬਾਹਲੇ ਹੀ ਦਿਨ ਲਾ 'ਤੇ !" ਉਸਨੂੰ ਆਪਣੇ ਸਿਰ ਉਪਰ ਪੱਠਿਆਂ ਦੀ ਭਰੀ ਹਾਲਾਂ ਵੀ ਖੁੱਭੀ ਹੋਈ ਪ੍ਰਤੀਤ ਹੁੰਦੀ ਸੀ। ਖੋਪਰੀ ਵਿਚ ਇਕ ਝਰਨਾਹਟ ਜਿਹੀ ਪੈ ਰਹੀ ਸੀ ਅਤੇ ਉਸ ਦੀ ਗਰਦਨ ਸਿਰ ਉਤਲੇ ਬੋਝ ਨੂੰ ਜਿਵੇਂ ਉਤਾਂਹ ਹੋਰ ਉਤਾਂਹ ਉਗਾਸ ਰਹੀ ਹੋਵੇ। ਉਸ ਨੇ ਸਿਰ ਤੋਂ ਪਰਨੇ ਦਾ ਮੁੰਡਾਸਾ ਉਤਾਰਿਆ ਅਤੇ ਚੱਲ੍ਹੇ ਮੂਹਰੇ ਬੈਠੀ ਬਿਰਧ ਮਾਂ ਨੂੰ ਪੁਛਿਆ—"ਬੇਬੇ ਅੱਜ ਵੀ ਨੀ ਆਇਆ ਭਜਨ ?" ਕੁਝ ਸ਼ਬਦ ਉਸਨੇ ਮੂੰਹ ਵਿਚ ਹੀ ਬੋਚ ਲਏ। ਉਹ ਕਹਿਣਾ ਚਾਹੁੰਦਾ ਸੀ ਕਿ ਜੇ ਉਹ ਆ ਜਾਂਦਾ ਤਾਂ ਹੱਥ-ਭੜੱਥੀ ਕੰਮ ਨਿਬੜ ਜਾਂਦਾ। ਸਹੁਰੇ ਨੇ ਜਾਨ ਤਪਾਈ ਹੋਈ ਐ। ਸੱਜਣ ਅ ਪਣੀ ਥਾਂ ਸੱਚਾ ਸੀ। ਉਧਰੋਂ ਤਾਂ ਨਰਮੇ ਦੀ ਸਾਂਭ ਸੰਭਾਈ ਸਿਰ 'ਤੇ ਸੀ ਤੇ ਦੂਜੇ ਬੰਨੇ ਕਣਕ ਵਾਸਤੇ ਵਾਹਣ ਤਿਆਰ ਕਰਨਾ ਸੀ।

"ਨਾ ਭਾਈ ਆਇਆ ਨੀ, ਖਬਰੇ ਕਿਹੜੇ ਹਰਨਾਂ ਦੇ ਸਿੰਗੀ ਚੜ੍ਹਿਆ ਹੋਊ ?" ਬੇਬੇ ਕਿਸ਼ਨੋ ਨੇ ਮੱਧਮ ਨਜ਼ਰਾਂ ਨਾਲ ਸੱਜਣ ਦੇ ਧੁੰਦਲੇ ਆਕਾਰ ਨੂੰ ਪਛਾਣਨ ਦਾ ਜਤਨ ਕੀਤਾ। ਉਸ ਦੀ ਨਜ਼ਰ ਹੁਣ ਅਸਲੋਂ ਜਾਣ ਨੂੰ ਆਈ ਹੋਈ ਸੀ। ਸੱਜਣ, ਜਦੋਂ ਵੀ ਜੱਸੋ ਛੁੱਟੀ ਆਉਂਦਾ, ਕਹਿ ਕਹਿ ਕੇ ਅੱਕ ਗਿਆ ਸੀ : "ਬੇਬੇ ਚਲ ਐਤਕੀਂ ਤੇਰੀਆਂ ਅੱਖਾਂ ਬਣਵਾ ਲਈਏ" ਪਰ ਬੇਬੇ ਨਹੀਂ ਸੀ ਮੰਨਦੀ। ਅੱਜ ਤੱਕ ਉਹਨੇ ਕਿਸੇ ਡਾਕਟਰ ਤੋਂ ਗੋਲੀ ਨਹੀਂ ਸੀ ਲਈ। ਉਹ ਹਰ ਵਾਰ ਇਹੋ

ਆਖ ਛੱਡਦੀ : "ਕਾਹਦੀ ਖ਼ਾਤਰ ਸੌ ਦੋ ਸੌ ਵਾੜ 'ਚ ਸੱਟਣੈ ਪੁੱਤ—ਪਤਾ ਨੀ ਸਾਲ ਛੇ ਮਹੀਨੇ ਰਹਿੰਦੀ ਐ, ਪਤਾ ਨੀ ਨਹੀਂ— ਹੁਣ ਕਾਹਨੂੰ ਡਾਕਧਾਰੀ ਪਾਉਨੇ ਓ ?"

ਸੱਜਣ ਸੋਚਦਾ ਸੀ ਜਦੋਂ ਤਕ ਮਾਂ ਬੈਠੀ ਐ—ਉਹ ਸੌਖਾ ਸੀ। "ਜਿਉਂਦੇ ਜੀਅ ਦਾ ਸੌ ਸਹਾਰਾ ਹੁੰਦੈ" ਉਹ ਕਿਹਾ ਕਰਦਾ ਸੀ। ਮਾਂ ਉਸ ਦੇ ਘਰ ਦਾ ਬੇੜਾ ਬੰਨੇ ਲਾਈ ਜਾਂਦੀ ਸੀ। "ਟੀਂਡੇ ਟੁੱਟ ਗਏ ਸਾਰੇ ਭਾਈ ?" ਬੇਬੇ ਨੇ ਚੁੱਲ੍ਹੇ ਵਿਚ ਪਾਥੀ ਭੰਨ ਕੇ ਲਾਉਂਦਿਆਂ ਪੁੱਛਿਆ। ਚੁੱਲ੍ਹੇ ਵਿਚੋਂ ਧੂੰਏਂ ਦਾ ਇਕ ਤਕੜਾ ਬੱਦਲ ਬਨੇਰੇ ਵਲ ਉਠਿਆ। ਬੇਬੇ ਨੇ ਚੁੰਨੀ ਦੇ ਪੱਲੇ ਨਾਲ ਅੱਖਾਂ ਮਲੀਆਂ ਜਿਸ ਨਾਲ ਉਸ ਨੂੰ ਹੋਰ ਵੀ ਧੁੰਦਲਾ ਦਿਸਣ ਲੱਗ ਪਿਆ।

"ਟੁੱਟ ਗਏ"—ਸੱਜਣ ਨੇ ਜਵਾਬ ਦਿੱਤਾ। ਫਿਰ ਜੱਸੋ ਵੱਲ ਵੇਖਦਾ ਕਹਿਣ ਲੱਗਾ, "ਤੂੰ ਭਾਈ ਬਦਨੇ ਮਾਨ ਕਿਉਂ ਟੀਂਡਿਆਂ ਦੀਆਂ ਬੋਰੀਆਂ ਈ ਧਰ ਲਿਆ ਸੈਂਕਲ 'ਤੇ।" ਜੱਸੋ ਨੇ ਉਸੇ ਵੇਲੇ ਗਰਮ ਸੂਟ ਉਤਾਰ ਕੇ ਬੈਗ 'ਚੋਂ ਟੈਰੀ-ਕਾਟ ਦਾ ਕੁੜਤਾ-ਪਜਾਮਾ ਕੱਢ ਕੇ ਪਾਇਆ ਅਤੇ ਸਾਈਕਲ ਬਾਹਰ ਕੱਢਿਆ। ਟਿਊਬ ਲੱਭ ਕੇ ਕੈਰੀਅਰ 'ਤੇ ਰੱਖੀ ਅਤੇ ਅਗਲਾ ਪਿਛਲਾ ਟੋਰ ਟੋਹ ਕੇ ਹਵਾ ਜਾਚੀ ਤੇ ਬੁੜ ਬੁੜ ਕੀਤੀ। ਉਸ ਦੀ ਬੁੜ ਬੁੜ ਨੂੰ ਬੇਬੇ ਨੇ ਸਮਝ ਲਿਆ ਸੀ—"ਕਿਸੇ ਨੇ ਕਦੇ ਬਾਹਰ ਨਹੀਂ ਕੱਢਿਆ ਪੁੱਤ ਪਰ ਉਹ ਨਫਤੂ ਨੀ ਛੱਡਦਾ ਇਹਨੂੰ ਘਰੇ।" ਬੇਬੇ ਨੇ ਭਜਨੇ ਦੀ ਸ਼ਿਕਾਇਤ ਲਾ ਦਿਤੀ ਸੀ।

"ਜੇ ਗੰਦੀ 'ਲਾਦ ਕਿਧਰੋਂ ਆ ਜਾਂਦਾ...।" ਸੱਜਣ ਨੇ ਚਿੱਤ ਵਿਚ ਸੋਚਿਆ—"ਜੇ ਕਲ੍ਹ ਨੂੰ ਜੱਸੋ ਈ ਰਹਿ ਪਏ ਤਾਂ ਵਾਹਣ ਵਾਹ ਕੇ ਕਰਾਹਿਆ ਜਾਏ।" ਇਸੇ ਕਰਕੇ ਉਹ ਅੱਜ ਕੁਝ ਪਹਿਲਾਂ ਆ ਗਿਆ ਸੀ ਕਿ ਦਿਨ ਖੜੇ ਖੜੇ ਕੁਤਰਾ ਕਰਕੇ ਉਹ ਪਿੰਡ 'ਚੋਂ ਕਿਸੇ ਦਾ ਟਰੈਕਟਰ ਪੁੱਛ ਆਵੇ ! ਬਲਦਾਂ ਨਾਲ ਹੁਣ ਕਾਹਦੀ ਖੇਤੀ ਰਹਿ ਗਈ ਸੀ। ਕਈ ਸਾਲ ਤੋਂ ਉਹ ਟਰੈਕਟਰ ਨਾਲ ਹੀ ਵਹਾ ਲੈਂਦਾ। ਆਪ ਟਰੈਕਟਰ ਖਰੀਦਣ ਦਾ ਤਾਂ ਉਸ ਨੂੰ ਕਦੇ ਸੁਪਨਾ ਵੀ ਨਹੀਂ ਸੀ ਆਇਆ। ਬਲਦ ਵੀ ਵੇਚਣ ਨੂੰ ਫਿਰਦਾ ਸੀ। ਮਾੜੇ ਮੋਟੇ ਉਠ-ਭੱਠ ਨਾਲ ਵੀ ਤਾਂ ਕੰਮ ਚੱਲ ਸਕਦਾ ਸੀ। ਨਾਲੇ ਸਿਰ ਗੰਜਾ ਹੋਣ ਤੋਂ ਬਚੇ।

ਮਨਜੀਤ ਹੁਰੀਂ ਸਗ ਤੋੜਨ ਲੱਗ ਪਈਆਂ ਸਨ। ਚੰਗਾ ਹੋਇਆ ਸਹੁਰੀਆਂ ਨੇ ਛੁਹ ਕੀਤਾ। ਕਿੰਨਾ ਦਿਨ ਰਹਿੰਦੇ ਹੀ ਨਰਮੇ ਵਿਚ ਫਿਰ ਗਈਆਂ। ਉਸ ਨੇ ਸੋਚਿਆ ਕਿ ਇਹ ਵੀ ਉਸ ਨੇ ਚੰਗਾ ਈ ਕੀਤਾ, ਟੀਂਡਿਆਂ ਦੀਆਂ ਬੋਰੀਆਂ ਬਚਨੇ ਮਾਨ ਕੇ ਗੱਡੇ 'ਤੇ ਰੱਖ ਦਿਤੀਆਂ ! ਕੱਖ ਵੱਢਦਿਆਂ ਵੀ ਪਹਿਰ ਲੱਗ ਗਿਆ। ਪਛੇਤਾ ਬੀਜਿਆ ਚਰ੍ਹੀ ਗੁਆਰਾ ਚੱਜ ਨਾਲ ਹੋਇਆ ਨਹੀਂ ਸੀ। ਠੰਡ ਨਾਲ ਚਰ੍ਹੀ ਦੇ ਡਾਲ ਡਾਲ ਤਾਂ ਸੁੱਕ ਹੀ ਗਏ ਸਨ ਪਰ ਨਿੱਕੇ ਨਿੱਕੇ ਗੁਆਰੇ ਦੇ ਡਾਲ ਹਾਲੀ ਹਰੇ ਕਚਾਰ ਸਨ। ਵਿਚ ਘਾਹ ਅਤੇ ਮਕੜੇ ਦਾ ਚੰਗਾ ਜੰਮ ਹੋ ਗਿਆ ਸੀ ਤੇ ਉਹ ਪਿਛਲੇ ਪਹਿਰ ਦਾ ਤੀਲਾ ਤੀਲਾ 'ਕੱਠਾ ਕਰਦਾ ਮਸਾਂ ਹੀ ਭਰੀ ਬਣਾ ਸਕਿਆ ਸੀ।

ਸੱਜਣ ਦੇ ਅੰਗ ਅੰਗ 'ਚੋਂ ਚੀਸਾਂ ਨਿਕਲਦੀਆਂ ਸਨ। ਦਿਨ ਭਰ ਕੋਡੇ ਕੋਡੇ ਛਿਟੀਆਂ ਵਢਦਿਆਂ ਕੰਡ ਉਂਝ ਹੀ ਫਿਤਕੇ ਵਾਂਗ ਆਕੜੀ ਪਈ ਸੀ ਤੇ ਉਪਰੋਂ ਇਹ ਭਾਰ ਚੁਕ ਕੇ ਲਿਆਉਣ ਨਾਲ ਗਰਦਨ ਨਹੀਂ ਸੀ ਮੁੜਦੀ ਅਤੇ ਸਿਰ ਉਂਝ ਹੀ ਫੋੜੇ ਵਾਂਗ ਅੰਬਿਆ ਪਿਆ ਸੀ। ਉਸ ਨੇ ਪੱਠਿਆਂ ਦੀ ਭਰੀ ਵੱਲ ਵੇਖਿਆ।

ਭਾਵੇਂ ਸੱਜਣ ਨੂੰ ਆਪ ਸਹਾਰੇ ਦੀ ਲੋੜ ਸੀ, ਪਰ ਸਗੋਂ ਉਹ ਤਾਂ ਸਾਰੇ ਟੱਬਰ ਦਾ ਸਹਾਰਾ

ਬਣਿਆ ਹੋਇਆ ਸੀ। ਉਹਨੇ ਸੋਚਿਆ ਸੀ ਕਿ ਔਲਾਦ ਨੂੰ ਤਾਂ ਬਲਦਾਂ ਦੀਆਂ ਪੂਛਾਂ ਮਰੋੜਨ ਜੋਗਾ ਨਾ ਰਹਿਣ ਦੇਵੇ। ਆਪ ਤਾਂ ਉਹ ਪੰਦਰਾਂ ਸਾਲ ਦਾ ਹੀ ਸੀ ਜਦੋਂ ਤੋਂ ਹਲ ਦਾ ਮੁੰਨਾ ਫੜਿਆ ਸੀ ਅਤੇ ਸੋਲਾਂ ਸਾਲ ਦੇ ਨੂੰ ਬਾਪੂ ਨੇ ਕਬੀਲਦਾਰੀ ਚੰਬੇੜ ਦਿਤੀ ਸੀ। ਉਸ ਨੇ ਪਿਉ ਵਾਲੀ ਲੀਹ ਛੱਡ ਕੇ ਨਿਆਣਿਆਂ ਨੂੰ ਪੜ੍ਹਨ ਬਿਠਾ ਦਿਤਾ। ਜੱਸੋ ਦਸਵੀਂ ਕਰ ਗਿਆ। ਛੇਤੀ ਬੈਂਕ ਵਿਚ ਕਲਰਕ ਲੱਗ ਗਿਆ ਤੇ ਹੁਣ ਬੱਚਿਆਂ ਸਮੇਤ ਪਟਿਆਲੇ ਰਹਿੰਦਾ ਸੀ। ਮਹੀਨੇ ਦੇ ਮਹੀਨੇ ਹੱਥ ਝਾੜ ਛੱਡਦਾ ਸੀ। ਪਹਿਲਾਂ ਪਹਿਲਾਂ ਉਹਨੇ ਆਪ ਸੰਜਮ ਵਰਤ ਕੇ ਮਹੀਨੇ ਦੇ ਮਹੀਨੇ ਬਥੇਰੇ ਪੈਸੇ ਘਰ ਭੇਜੇ। ਦੂਜੇ ਨਿਆਣੇ ਵੀ ਪੜ੍ਹਾਈ 'ਚ ਅੱਗੇ ਵਧਦੇ ਗਏ।

...ਪਰ ਜੱਸੋ ਤੋਂ ਛੋਟਾ ਬੰਸਾ ਅੱਠਵੀਂ 'ਚੋਂ ਈ ਨਾ ਨਿਕਲਿਆ। ਦੋ ਵਾਰ ਫੇਲ੍ਹ ਹੋ ਗਿਆ। ਖਰੇ ਕਿਉਂ ਉਸ ਨੂੰ ਪੜ੍ਹਾਈ ਦੀ ਸਮਝ ਹੀ ਨਹੀਂ ਸੀ ਪੈਂਦੀ। ਹਰੇਕ ਕੰਮ ਵਿਚ ਬਥੇਰਾ ਚਤੁਰ ਸੀ, ਪਰ ਜੇ ਹਿਸਾਬ ਤੇ ਅੰਗਰੇਜ਼ੀ ਲੈ ਕੇ ਬੈਠਦਾ ਤਾ ਉਸ ਨੂੰ ਨੀਂਦ ਆਉਣ ਲੱਗ ਪੈਂਦੀ। ਪੰਜਾਬੀ ਵਿਚ ਵੀ ਇੰਨੀਆਂ ਗਲਤੀਆਂ ਕਿ ਹਰੇਕ ਮਜ਼ਮੂਨ ਦੇ ਅਧਿਆਪਕ ਪਾਸੇ ਮਾਰ ਪੈਣੀ। ਅਜੀਬ ਹਾਲਤ ਸੀ ਵਿਚਾਰੇ ਦੀ। ਤਾਂ ਵੀ ਸਕੂਲ ਵਾਲੇ ਉਸਨੂੰ ਅੱਠਵੀਂ ਤੱਕ ਚੜ੍ਹਾਉਂਦੇ ਆਏ ਸਨ। ਆਖਰ ਉਹ ਪਿਤਾ ਨਾਲ ਖੇਤੀ ਦੇ ਕੰਮ ਜੁਟ ਗਿਆ। ਜੱਸੋ ਤੋਂ ਵੱਡਾ ਗੁਰਬਚਨ ਕਈ ਸਾਲ ਹੋਏ ਅੱਡ ਵਿੱਢ ਸੀ।

ਸੱਜਣ ਦੀ ਪਤਨੀ ਰਾਮ ਕੌਰ ਛੇ ਸੱਤ ਸਾਲ ਹੋਏ, ਛਾਤੀ ਦੇ ਕੈਂਸਰ ਨਾਲ ਘੁਲ ਘੁਲ ਕੇ ਮਰ ਗਈ ਸੀ। ਵਿਚਾਰੇ ਸੱਜਣ ਅਤੇ ਜੱਸੋ ਨੇ ਉਸ ਦੀ ਓਹੜ ਪੋਹੜ ਵਾਲੀ ਕੋਈ ਕਸਰ ਨਹੀਂ ਸੀ ਛੱਡੀ ; ਪਰ ਉਹ ਉਸ ਨੂੰ ਮੋੜ ਨਹੀਂ ਸਕੇ। ਬੰਸੇ ਤੋਂ ਛੋਟੀ ਗੇਲ੍ਹਾਂ ਤਿੰਨ ਸਾਲ ਹੋਏ ਵਿਆਹ ਦਿਤੀ ਸੀ। ਹੁਣ ਉਸ ਦੇ ਦੋ ਨਿਆਣੇ ਸਨ : ਇਕ ਮੁੰਡਾ ਇਕ ਕੁੜੀ। ਉਸ ਵਲੋਂ ਉਹ ਸੋਖਾ ਸੀ ਕਿਉਂਕਿ ਅੱਗੋਂ ਉਸ ਵਰਗੇ ਗਰੀਬ ਅਤੇ ਸਾਊ ਪਰਿਵਾਰ ਨਾਲ ਹੀ ਵਾਹ ਪਿਆ ਸੀ। ਮਾਂ ਦੇ ਮਰਨ ਮਗਰੋਂ ਗੇਲ੍ਹਾਂ ਆਪਣੀ ਪੜ੍ਹਾਈ ਚਾਲੂ ਨਹੀਂ ਸੀ ਰਖ ਸਕੀ ਜਿਸ ਕਰਕੇ ਉਸ ਨੂੰ ਨੌਵੀਂ 'ਚੋਂ ਹਟਣਾ ਪੈ ਗਿਆ ਸੀ। ਸੱਜਣ ਫੇਰ ਵੀ ਕੁੜੀ ਦਾ ਮੁਕੱਦਰ ਚੰਗਾ ਹੀ ਸਮਝਦਾ ਸੀ ਕਿ ਉਹਨਾਂ ਨੂੰ ਬਹੁਤ ਹੀ ਸਾਊ ਪਰ ਕੱਚੀ ਨੌਕਰੀ 'ਤੇ ਲੱਗਿਆ ਅਧਿਆਪਕ ਪਾਲ ਸਿੰਘ ਮਿਲ ਗਿਆ। ਜੁਆਈ ਹੋਵੇ ਤਾਂ ਬੱਸ ਪਾਲ ਸਿੰਘ ਵਰਗਾ। ਸਹੁਰੇ ਘਰ ਆ ਕੇ ਵੀ ਚੁੱਲ੍ਹੇ ਮੂਹਰੇ ਬਹਿ ਕੇ, ਚੁੱਲ੍ਹੇ ਪਕਦੀ ਰੋਟੀ ਖਾ ਲੈਂਦਾ।

ਉਸਤੋਂ ਛੋਟੀ ਸੀ ਮਨਜੀਤ ਜੋ ਹੁਣ ਤੇਰ੍ਹਵੀਂ ਵਿਚ ਪੜ੍ਹਦੀ ਸੀ। ਪਾਲ ਸਿੰਘ ਨੇ ਉਸਦੇ ਵਿਆਹ ਦੀ ਬਗੈਰ ਖਰਚ ਕਰਾਏ ਜ਼ੁੰਮੇਵਾਰੀ ਲੈ ਲਈ ਸੀ। ਮਨਜੀਤ ਨੇ ਬੜੀ ਕਰੜਾਈ ਨਾਲ ਪੜ੍ਹਨ ਦਾ ਫੈਸਲਾ ਸੁਣਾਉਂਦਿਆਂ ਬਾਪੂ ਨੂੰ ਕਹਿ ਦਿਤਾ ਸੀ "ਜੇ ਬੀ.ਏ. ਕਰਾ ਕੇ ਵਿਆਹ ਕਰਨੈਂ ਤਾਂ ਕੌਡੀ ਨਹੀਂ ਖਰਚਾਉਂਦੀ ; ਨਹੀਂ ਤਾਂ ਮੂੰਹ ਮੰਗਿਆ ਦਾਜ ਲਊਂ।" ਸ਼ਾਇਦ ਪਾਲ ਸਿੰਘ ਦੇ ਪ੍ਰਭਾਵ ਪਾਉਣ ਸਦਕਾ ਹੀ ਸੱਜਣ ਮਨਜੀਤ ਦੇ ਫੈਸਲੇ ਨੂੰ ਮੰਨ ਗਿਆ ਸੀ।

ਉਸ ਤੋਂ ਛੋਟਾ ਸੀ ਭਜਨ ; ਜਿਸਦੇ ਕੰਮਾਂ ਬਾਰੇ ਸੱਜਣ ਨੂੰ ਕੋਈ ਸਮਝ ਨਹੀਂ ਸੀ ਲਗਦੀ। ਜਿੱਦਣ ਘਰ ਆਉਂਦਾ ਸੀ ਨਾਲ ਦੋ ਚਾਰ ਮੁੰਡੇ ਹੁੰਦੇ ਸਨ। ਕਈ ਵਾਰ ਉਹ ਆਉਂਦੇ ਹੀ ਰੋਟੀ ਖਾ ਕੇ ਮੁੜਨ ਦੀ ਕਰਦੇ। ਕਾਲਿਜ ਵਿਚ ਉਸਦਾ ਦੂਜਾ ਸਾਲ ਸੀ ਪਰ ਪਿਓ ਨੂੰ ਫਿਕਰ ਵੱਢ-ਵੱਢ ਖਾਈ ਜਾਂਦਾ ਸੀ ਕਿ ਉਸਦੀ ਕਮਾਈ ਨੂੰ ਖ਼ਬਰੇ ਫਲ ਲੱਗੇਗਾ ਕਿ ਨਹੀਂ। ਸੱਜਣ ਇਹ

ਖਿਆਲ ਕਰਕੇ ਵੀ ਔਖਾ ਹੋਇਆ ਕਿ ਕਿੰਨੇ ਵਾਰ ਭਜਨ, ਵਿਚਕਾਰੋਂ ਸੀਤੀ ਪੱਗ ਤਾਣਕੇ ਸਾਰਾ ਸਾਰਾ ਦਿਨ ਸੁੱਤਾ ਰਿਹਾ ਸੀ—''ਭਲਿਆ ਮਾਣਸਾ ਰਾਤ ਥੋੜੀ ਹੁੰਦੀ ਐ ਸੌਣ ਨੂੰ''-ਉਸਦੇ ਮਨ ਵਿਚ ਆਇਆ ''ਦੱਸ ਕਿਹੜਾ ਪਾਣੀ ਲਵਾਉਂਦਾ ਹੁੰਨੈ ?'' ਭਜਨ ਦੇ ਰਾਤ ਨੂੰ ਜਾਗਣ ਦਾ ਕੋਈ ਕਾਰਨ ਜ਼ਰੂਰ ਹੁੰਦਾ ਸੀ।

— — — —

ਸੱਜਣ ਦਾ ਇਰਾਦਾ ਸੀ ਕਿ ਉਹ ਪਿੰਡ ਵਿਚ ਜਾਣ ਤੋਂ ਪਹਿਲਾਂ ਪੱਠੇ ਕੁਤਰ ਕੇ ਡੰਗਰਾਂ ਨੂੰ ਪਾ ਜਾਏ। ਡੰਗਰ ਜੋ ਸਵੇਰ ਦੇ ਭੁੱਖਣ ਭਾਣੇ ਰੱਸਾ ਤੁੜਾ ਰਹੇ ਸਨ ਤੇ ਜਿਨ੍ਹਾਂ ਦੇ ਅੰਦਰ ਸਵੇਰ ਦਾ ਫੰਦਾ ਵੀ ਨਹੀਂ ਸੀ ਗਿਆ। ਉਸ ਦੇ ਕੰਨਾਂ ਨੇ ਬੇਬੇ ਦੇ ਬੋਲ ਸੁਣੇ ਪਰ ਸਮਝ ਕੁਝ ਨਾ ਆਇਆ।

''ਬੇਬੇ ਮੈਨੂੰ ਕਿਹਾ ਐ ?'' ਉਸਨੇ ਮੁੜ ਕੇ ਚੁਲ੍ਹੇ ਮੂਹਰੇ ਬੈਠੀ ਬੇਬੇ ਵਲ ਵੇਖਿਆ ਤਾਂ ਉਸ ਦੀਆਂ ਅੱਖਾਂ ਕੁਝ ਨਿੱਕੀਆਂ ਹੋ ਗਈਆਂ ਸਨ। ਮੱਥਾ ਵੀ ਕੁਝ ਕਸਿਆ ਗਿਆ ਸੀ।

''ਭਾਈ ਭੁਖਣ ਭਾਣਾ ਖੜੈ ਮਾਲ ਸਾਰੇ ਦਿਨ ਦਾ'', ਬੇਬੇ ਦੇ ਬੋਲਣ ਦੇ ਲਹਿਜੇ 'ਚੋਂ ਉਸਦੀ ਮਾਨਸਿਕ ਔਖ ਸਪਸ਼ਟ ਹੁੰਦੀ ਸੀ—''ਮਰਦੀ ਜਿਉਂਦੀ ਨੇ ਪਾਣੀ ਤਾਂ ਪਿਆ 'ਤਾ ਸੀ, ਨਲਕੇ ਤੋਂ ਪਰ ਪਾਉਂਦੀ ਕੀ-ਕੱਲੀ ਤੂੜੀ ਨੂੰ ਮੂੰਹ ਨੀ ਲਾਇਆ। ਬੇਜ਼ਬਾਨ ਨੇ ਕਿਹੜਾ ਬੋਲ ਕੇ ਸੁਣਾਉਣੈ ?'' ਸੱਜਣ ਨੇ ਬੇਬੇ ਦੀ ਗੱਲ ਨੂੰ ਵੀ ਉਸੇ ਦੁੱਖ ਨਾਲ ਸੁਣਿਆ ਪਰ ਪਤਾ ਨਹੀਂ ਕਿਵੇਂ ਗੱਲ ਗੱਲ 'ਚ ਰੱਬ ਦੀ ਰਜਾ ਮੰਨਣ ਵਾਲਾ ਸੱਜਣ ਅੱਜ ਕਹਿ ਗਿਆ-''ਜੀਹਦੇ ਜ਼ਬਾਨ ਹੈਗੀ ਉਹ ਕਿਹੜਾ ਆਬਦਾ ਦੁਖ ਬੋਲ ਕੇ ਸੁਣਾਉਂਦੈ-ਸੁਣਾਵੇ ਵੀ ਕੀਹਨੂੰ ?''

ਉਹ ਮਸ਼ੀਨ ਵਲ ਹੋਇਆ। ਲੱਕ ਦੁਆਲੇ ਪਰਨਾ ਲਪੇਟਿਆ। ਮਸ਼ੀਨ ਦਾ ਪਰਨਾਲਾ ਸੁਟ ਕੇ ਹੇਠਾਂ ਡੰਡਾ ਖੜਾ ਕੀਤਾ ਅਤੇ ਆਪ ਹੀ ਰੁੱਗ ਲਾਇਆ। ਖੱਬੇ ਹੱਥ ਨਾਲ ਰੁੱਗ ਧਕਦਿਆਂ ਅਤੇ ਸੱਜੇ ਹੱਥ ਨਾਲ ਮਸ਼ੀਨ ਦਾ ਭੌਣ ਗੇੜਦਿਆਂ ਉਸਨੂੰ ਭਜਨ 'ਤੇ ਹੀ ਗੁੱਸਾ ਆਇਆ ਕਿ ਹੋਰ ਨਹੀਂ ਤਾਂ ਕੰਜਰ ਦਾ ਪੁੱਤ ਰੁੱਗ ਈ ਲਾ ਦਿੰਦਾ। ''ਕੰਮ ਦੀ ਗੱਲ ਆਖੋ ਤਾਂ ਸੱਪ ਲੜ ਜਾਂਦੈ ਇਨ੍ਹਾਂ ਛੋਕਰਿਆਂ ਦੇ।''

ਵਾਹਵਾ ਭਰਵਾਂ ਰੁੱਗ ਲੱਗ ਗਿਆ ਸੀ। ਪਰਾਣੇ ਘਸੇ ਅਤੇ ਮੁੜੇ ਹੋਏ ਟੋਕੇ ਉਸ ਨੇ ਰੇਤੇ ਵੀ ਨਹੀਂ ਸਨ। ਇਸ ਕਰਕੇ ਉਸਦਾ ਜ਼ੋਰ ਵੀ ਬਹੁਤਾ ਲੱਗ ਰਿਹਾ ਸੀ। ਜਦੋਂ ਉਹ ਹਥੜੇ ਨੂੰ ਅਗਾਂਹ ਧਕਦਾ ਤਾਂ ਉਸ ਦਾ ਪਿੱਠਾ ਪਿਛੇ ਵਲ ਉਭਰ ਆਉਂਦਾ ਅਤੇ ਤਿੱਗ ਤੇ ਤਿੱਗ ਕਮਾਣ ਵਾਂਗ ਲਿਫ ਜਾਂਦਾ ਅਤੇ ਜਦੋਂ ਉਹ ਆਪਣੇ ਵਲ ਖਿਚਦਾ ਤਾਂ ਉਸਨੂੰ ਬਹੁਤਾ ਹੀ ਝੁਕਣਾ ਪੈਂਦਾ। ਟੋਕਿਆਂ ਦੀ ਘਿਰਚ ਘਿਰਚ ਅਤੇ ਮਸ਼ੀਨ ਦੀ ਹੌਲੀ ਰਫਤਾਰ ਤੋਂ ਬੇਬੇ ਕਿਸ਼ਨੋਂ ਨੇ ਸਮਝ ਲਿਆ ਸੀ ਸੱਜਣ ਨੇ ਰੁੱਗ ਬਹੁਤਾ ਲਾ ਲਿਆ। ਉਹ ਚੁੱਲ੍ਹੇ ਮੂਹਰਿਓਂ ਉਠੀ ਅਤੇ ਔਖੜਨ ਤੋਂ ਬੋਚ ਬੋਚ ਪੈਰ ਪੁਟਦੀ ਮਸ਼ੀਨ ਕੋਲ ਗਈ-''ਕਿਉਂ ਖਪਦੈਂ ਪੁੱਤ ?'' ਉਸਨੇ ਤਰਸ ਭਾਵਨਾ ਨਾਲ ਕਿਹਾ-''ਥੋੜਾ ਥੋੜਾ ਕਰਕੇ ਕੁਤਰ ਲੈ''-ਤੇ ਉਸਨੇ ਮੱਧਮ ਨਜ਼ਰਾਂ ਨਾਲ ਭਰੀ ਟੋਲਦਿਆਂ ਰੁੱਗ ਚੁੱਕ ਲਿਆ।

''ਤੂੰ ਰਹਿਣ ਦੇ ਬੇਬੇ-ਤੈਥੋਂ ਕਿਥੇ ਲਗਣੈ ਐ ਰੁੱਗ ?'' ਕਹਿੰਦਿਆਂ ਕਹਿੰਦਿਆਂ ਸੱਜਣ ਦਾ ਸਾਹ ਚੜ੍ਹ ਗਿਆ। ਤਿਖੇ ਨੱਕ ਦੇ ਹੇਠਾਂ ਉਸਦੀਆਂ ਸੰਘਣੀਆਂ ਚਿੱਟੀਆਂ ਮੁੱਛਾਂ ਸਾਹ ਨਾਲ ਕੰਬ

ਰਹੀਆਂ ਸਨ ਅਤੇ- ਮੱਥੇ ਉਪਰ ਪਸੀਨੇ ਦੀਆਂ ਬੂੰਦਾਂ ਸਿਮ ਆਈਆਂ ਸਨ—"ਹਾਲੇ ਨਾ ਲਾਈਂ ਥੋੜ੍ਹੇ-ਬਹੁਤ ਐ ਰੁਗ ਹਾਲੇ।' ਬੋਲਣ ਨਾਲ ਹੋਰ ਵੀ ਜ਼ਿਆਦਾ ਸਾਹ ਚੜ੍ਹ ਗਿਆ ਜਿਸ ਨਾਲ ਬੇਬਸੀ 'ਚ ਮਸ਼ੀਨ ਰੁਕ ਗਈ। ਹੁਝਕਾ ਜਿਹਾ ਮਾਰਕੇ ਉਸਨੇ ਟੋਕੇ ਨੂੰ ਪੱਟਿਆ ਅਤੇ ਜ਼ੋਰ ਨਾਲ ਗੇੜਾ ਦਿਤਾ ਕਿ ਮਸ਼ੀਨ ਦਾ ਮੂੰਹ ਖਾਲੀ ਹੋ ਗਿਆ। ਬੇਬੇ ਤੋਂ ਵੇਲੇ ਸਿਰ ਰੁੱਗ ਨਾ ਲਗਣ ਕਰਕੇ ਪੁਰਾਣੇ ਵੇਲਣੇ ਨੇ ਰੁੱਗ ਨੂੰ ਖਿਚਿਆ ਨਾ। ਥੋੜੇ ਧੱਕੇ ਨਾਲ ਰੁੱਗ ਨੂੰ ਤੋਰਿਆ ਤਾਂ ਥੋੜਾ ਰੁੱਗ ਹੋਣ ਕਰਕੇ ਟੋਕੇ ਉੱਪਰ ਦੀ ਲੰਘਣ ਲੱਗ ਪਏ ਜਿਸ ਕਰਕੇ ਮਸ਼ੀਨ ਦੇ ਮੂੰਹ ਵਿਚ ਦਾੜ੍ਹੀ ਜਿਹੀ ਲਮਕਣ ਲੱਗ ਪਈ। ਬੇਬੇ ਛੇਤੀ ਕਰਕੇ ਹੋਰ ਖਾਸਾ ਸਾਰਾ ਰੁੱਗ ਪਰਨਾਲੇ ਵਿਚ ਰੱਖ ਰਹੀ ਸੀ ਤਾਂ ਉਸਦੇ ਕਾਲੇ ਝੁਰੜੀਆਂ ਖਾਧੇ ਹੱਥਾਂ ਦੀਆਂ ਨਾੜਾਂ ਹੋਰ ਉਭਰ ਆਈਆਂ ਸਨ। ਉਸਦਾ ਮੂੰਹ ਖੁਲ੍ਹਾ ਸੀ ਜਿਸ ਕਰਕੇ ਅਗਲੇ ਸਾਰੇ ਨਿਕਲੇ ਹੋਏ ਦੰਦਾਂ ਦਾ ਖੋੜ ਅਤੇ ਪਾਸਿਆਂ ਵਾਲੇ ਚਾਰ ਦੰਦ ਦਿਸ ਰਹੇ ਸਨ।

ਕੁਤਰਾ ਹੋ ਗਿਆ। ਮਗਰਲੇ ਖਿਲਰੇ-ਪੁਲਰੇ ਡਾਲ ਬੇਬੇ ਨੂੰ ਨਹੀਂ ਸੀ ਦਿਸਦੇ। ਉਹ ਐਵੇਂ ਹੀ ਇਧਰ ਉਧਰ ਹੱਥ ਜਿਹੇ ਮਾਰੀ ਜਾਂਦੀ ਸੀ। ਸੱਜਣ ਨੇ ਮਸ਼ੀਨ ਰੋਕੀ ਅਤੇ ਆਪ ਡਾਲ ਇਕੱਠੇ ਕਰਕ ਪਰਨਾਲੇ ਵਿਚ ਰੱਖਕੇ ਦੋ ਗੇੜੇ ਹੋਰ ਦੇ ਕੇ ਮਸ਼ੀਨ ਖੜਾ ਦਿਤੀ। ਉਸਨੇ ਪਰਨਾਲਾ ਚੁੱਕ ਦਿਤਾ ਜਿਸ ਕਰਕੇ ਇਕ ਜਾਣਿਆ ਪਛਾਣਿਆ ਜੇਹਾ ਖੜਕਾ ਹੋਇਆ ਜਿਸਨੂੰ ਦੁਹਾਂ ਨੇ ਹੀ ਨਾ ਗੌਲਿਆ। ਤਾਂ ਵੀ ਸੱਜਣ ਨੇ ਡੰਡਾ ਚੁਕ ਕੇ ਪਰ੍ਹੇ ਕਰ ਦਿਤਾ ਮਤੇ ਕੋਈ ਅੜ੍ਹਕ ਕੇ ਡਿੱਗ ਪਵੇ।

"ਪੁੱਤ ਜੇ ਅੱਜ ਭਲਕ ਨਰਮਾ ਲੈ ਕੇ ਜਾਓਗੇ ਤਾਂ ਯਾਦ ਕਰਕੇ ਕੋਈ ਅੱਖਾਂ 'ਚ ਪਾਉਣ ਵਾਲੀ ਦਾਰੂ ਲਿਆਇਓ! ਬੇਬੇ ਦੇ ਦਿਹਰੇ ਦੀਆਂ ਝੁਰੜੀਆਂ ਹੋਰ ਉਭਰ ਆਈਆਂ ਲੱਗੀਆਂ— "ਸੌ ਕੋਈ ਬੱਸ ਬੁੱਸ 'ਚ ਵੇਚਦਾ ਹੁੰਦੈ।" ਸੱਜਣ ਨੇ ਪੱਠਿਆਂ ਦਾ ਟੋਕਰਾ ਮੱਝ ਦੀ ਖੁਰਲੀ 'ਚ ਢੇਰੀ ਕੀਤਾ ਅਤੇ ਛੇਤੀ ਛੇਤੀ ਤੂੜੀ 'ਚ ਹੱਥ ਮਾਰਕੇ ਬੋਲਿਆ-"ਨਰਮਾ ਹਾਲੇ ਕਿਥੇ ਲਿਜਾਇਆ ਜਾਣੈ"- ਸੱਜਣ ਨੇ ਸਾਰੇ ਡੰਗਰਾਂ ਨੂੰ ਪੱਠੇ ਪਾ ਦਿਤੇ ਸਨ। ਟੋਕਰਾ ਉਸਨੇ ਮਸ਼ੀਨ ਦੇ ਪੈਰਾਂ ਨਾਲ ਖੜਾ ਕਰ ਦਿਤਾ- "ਨਰਮਾਂ ਤਾਂ ਪਹਿਲਾਂ ਈ ਬਥੇਰਾ ਮੰਡੀ 'ਚ ਰੁਲੀ ਜਾਂਦੈ-ਬੋਲੀ ਨੀ ਲੱਗੀ।" ਬੇਬੇ ਚੁਪ ਕਰ ਰਹੀ। ਉਸਨੇ ਵੇਖਿਆ ਕਿ ਬੇਬੇ ਨੂੰ ਸਰਦੀਆਂ ਵਾਸਤੇ ਮਾੜਾ ਮੋਟਾ ਸੂਟ ਵੀ ਚਾਹੀਦਾ ਹੈ। ਹੁਣ ਉਹ ਮੋਟੀ ਚਾਦਰ ਹੀ ਲਈ ਫਿਰਦੀ ਸੀ। ਓਹ ਆਪ ਵੀ ਤਾਂ ਕਈ ਟਾਕੀਆਂ ਵਾਲਾ ਕੁੜਤਾ ਪਾਈ ਫਿਰਦਾ ਸੀ। ਉਸਦੀ ਅੰਬਰਸਰੀ ਨੀਲੀ ਪੱਗ ਵੀ ਪਾਟ ਗਈ ਸੀ। ਦੁਹਾਂ ਕਛਿਹਰਿਆਂ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ।

ਜੱਸੇ ਨੇ ਸਾਈਕਲ ਗਲੀ ਵਾਲੇ ਦਰਵਾਜ਼ੇ ਤੋਂ ਮੋੜਿਆ ਤਾਂ ਬੋਰੀ ਕੌਲੇ ਵਿਚ ਵੱਜੀ ਜਿਸ ਨਾਲ ਸਾਈਕਲ ਦਾ ਤਵਾਜ਼ਨ ਡੋਲ ਗਿਆ ਪਰ ਉਸ ਨੇ ਹਿੰਮਤ ਅਤੇ ਤਾਕਤ ਨਾਲ ਹੈਂਡਲ ਨੂੰ ਸਿੱਧਾ ਰੱਖਣ ਦਾ ਜਤਨ ਕਰਦਿਆਂ ਢਾਕ ਦਾ ਸਹਾਰਾ ਦੇ ਕੇ ਬੋਰੀ ਨੂੰ ਸੰਭਾਲਿਆ। ਸੱਜਣ ਨੇ ਵੀ ਅੱਗੇ ਹੋ ਕੇ ਬੋਰੀ ਨੂੰ ਹੱਥ ਪਾ ਲਿਆ।

ਬੋਰੀ ਲਾਹ ਕੇ ਜੱਸੋ ਫੇਰ ਸਾਈਕਲ 'ਤੇ ਚੜ੍ਹ ਗਿਆ। ਸੱਜਣ ਨੇ ਬਾਲਟੀ ਚੁੱਕੀ ਅਤੇ ਚੁੱਲ੍ਹੇ ਦੇ ਮਗਰ ਗੱਡੇ ਘੜੇ 'ਚੋਂ ਤੱਤਾ ਪਾਣੀ ਪਾਇਆ। ਨਲਕੇ ਤੋਂ ਠੰਡਾ ਪਾਣੀ ਮਿਲਾ ਕੇ ਪਟੜੇ ਕੋਲ ਚਲਾ ਗਿਆ। ਪਿੰਡੇ 'ਤੇ ਪਾਣੀ ਪਾ ਕੇ ਅਤੇ ਉਹੀ ਦਿਨ ਵਾਲੇ ਕੱਪੜੇ ਪਾ ਕੇ ਉਹ ਪਿੰਡ 'ਚ ਨੂੰ ਤੁਰ ਗਿਆ।

ਜਦ ਤੱਕ ਉਹ ਮੁੜ ਕੇ ਆਇਆ, ਮੂੰਹ ਹਨੇਰਾ ਹੋ ਚੁੱਕਿਆ ਸੀ। ਖੇਤ ਵਾਲੇ ਸਾਰੇ ਜਣੇ

ਆ ਚੁੱਕੇ ਸਨ। ਮਨਜੀਤ ਸਵੇਰੇ ਧਰਨ ਵਾਸਤੇ ਸਾਗ ਚੀਰੀ ਜਾਂਦੀ ਸੀ ਤੇ ਬੰਸੇ ਦੀ ਵਹੁਟੀ ਪਾਸ਼ੋ ਅਖੀਰਲੇ ਚੌਲਿਆਂ ਦੀ ਸਬਜ਼ੀ ਵਿਚ ਕੜਛੀ ਮਾਰ ਰਹੀ ਸੀ। ਸੱਜਣ ਨੂੰ ਆਉਂਦਾ ਵੇਖ ਕੇ ਉਸ ਨੇ ਛੇਤੀ ਕਰ ਕੇ ਪੱਲਾ ਠੀਕ ਕੀਤਾ। ਤਾਂ ਵੀ ਘਰ ਵਿਚ ਪੱਸਰੀ ਚੁੱਪ ਅਤੇ ਮਨਜੀਤ ਦੇ ਵਿਗੜੇ ਚਿਹਰੇ ਦੀ ਬਣਤਰ ਤੋਂ ਪਤਾ ਲੱਗ ਜਾਂਦਾ ਸੀ ਕਿ ਮਨਜੀਤ ਤੇ ਪਾਸ਼ੋ ਦਿਨੇ ਜ਼ਰੂਰ ਜ਼ਿੱਦ ਪਈਆਂ ਸਨ, ਨਹੀਂ ਤਾਂ ਹੁਣੇ ਕੋਈ ਗੱਲ ਹੋ ਕੇ ਹਟੀ ਸੀ।

ਹੌਲੀ ਹੌਲੀ ਜੱਸੋ ਨੇ ਭੇਤ ਕੱਢ ਹੀ ਲਿਆ ਕਿ ਪਿਛਲੇ ਪਹਿਰ ਰੋਟੀ ਥੁੜ ਗਈ ਸੀ ਜੋ ਉਹਨਾਂ ਵਿਚਕਾਰ ਹੋਏ ਝਗੜੇ ਦਾ ਕਾਰਨ ਸੀ। ਮਨਜੀਤ ਨੇ ਦਿਹਾੜਨਾਂ ਨੂੰ ਚਟਣੀ ਨਾਲ ਦੋ ਦੋ ਰੋਟੀਆਂ ਫੜਾ ਦਿੱਤੀਆਂ ਸਨ। ਮਗਰ ਰਹਿ ਗਈਆਂ ਦੋ ਰੋਟੀਆਂ 'ਚੋਂ ਉਹਨਾਂ ਨੇ ਇਕ ਇਕ ਲੈ ਲਈ ਸੀ। ਸੱਜਣ ਤੇ ਬੰਸਾ ਪਰ੍ਹਾਂ ਛਿਟੀਆਂ ਵਢਦੇ ਫਿਰਦੇ ਸਨ। ਇਸੇ ਗੱਲ 'ਤੇ ਪਾਸ਼ੋ ਭੜਕ ਪਈ ਸੀ ਤੇ ਆਖ ਗਈ ਸੀ—"ਪੁੱਤ ਪਿੱਟੇ ਅਹੇ ਜੇ ਭੁੱਖਿਆਂ ਦੇ ਘਰ ਆਈ ਆਂ ਰੱਜ ਕੇ ਰੋਟੀ ਵੀ ਨਸੀਬ ਨਹੀਂ ਹੁੰਦੀ।" ਮਨਜੀਤ ਮਾਪਿਆਂ ਦੀ ਬਦਖੋਈ ਸਹਾਰ ਨਾ ਸਕੀ ਤੇ ਫਿਰ ਬਹੁਤ ਚਿਰ ਤੱਕ ਮਿਹਣੋ ਮਿਹਣੀ ਹੁੰਦੀਆਂ ਰਹੀਆਂ।

"ਆਪਾਂ ਤੋਂ ਤਾਂ ਕੋਈ ਨੀ ਸਹਾਰੀਆਂ ਜਾਂਦੀਆਂ—ਮੇਰਾ ਏਸ ਨੇ ਕੀ ਬਣਾ 'ਤਾ ਜਿਹੜੀ ਮਿਹਣੇ ਦਿੰਦੀ ਸੀ।" ਮਨਜੀਤ ਫਿੱਸ ਪਈ ਸੀ। ਬਾਪੂ ਨੂੰ ਆਉਂਦਾ ਵੇਖ ਕੇ ਜੱਸੋ ਨੇ ਗੱਲ ਟਾਲ ਦਿਤੀ ਅਤੇ ਮਨਜੀਤ ਨੇ ਵੀ ਗੱਲ ਦਾ ਰੁੱਖ ਬਦਲ ਦਿਤਾ—"ਬੇਬੇ ਨੀ ਤੂੰ ਉਠ ਖੜ੍ਹ ਤਾਂ ਚੁੱਲ੍ਹੇ ਮੂਹਰਿਉਂ"—ਉਸਦੇ ਲਹਿਜੇ ਵਿਚ ਰੁੱਖਾਪਣ ਤੇ ਹਮਦਰਦੀ ਦੋਵੇਂ ਸਨ।—"ਫੇਰ ਆਖੇਂਗੀ ਬਈ ਅੱਖਾਂ ਕੌੜੀਆਂ ਹੋਈਆਂ ਪਈਐਂ।" ਦਰਮਿਆਨੇ ਕੱਦ-ਕਾਠ, ਕਣਕ ਵੰਨੇ ਰੰਗ, ਗੋਲ ਅਤੇ ਨਿੱਕੇ ਚਿਹਰੇ ਅਤੇ ਤਿੱਖੇ ਨੈਣ-ਨਕਸ਼ਾਂ ਵਾਲੀ ਮਨਜੀਤ ਮਾਂ ਦੀ ਮੌਤ ਤੋਂ ਮਗਰੋਂ ਕੁਝ ਜ਼ਿਆਦਾ ਹੀ ਸਚਿਆਰੀ ਅਤੇ ਚੁਸਤ ਹੋ ਗਈ ਸੀ, ਜਿਸ ਦਾ ਪ੍ਰਭਾਵ ਉਸਦੇ ਨਕਸ਼ਾਂ 'ਚੋਂ ਪ੍ਰਤੱਖ ਪੈਂਦਾ ਸੀ।

ਪਾਸ਼ੋ ਇਸ ਗੱਲੋਂ ਵੀ ਮਨਜੀਤ ਨਾਲ ਖਾਰ ਖਾਂਦੀ ਸੀ ਕਿ ਉਹ ਘਰ ਦੀ ਕੁੰਜੀ ਮੁਖਤਿਆਰ ਸੀ। ਸੱਜਣ ਸਾਰੀ ਵੇਚ ਵੱਟਤ ਉਸੇ ਦੇ ਹੱਥ ਦਿੰਦਾ ਸੀ। ਜੱਸੋ ਦੀਆਂ ਚੁਸਤੀਆਂ ਨਾਲ ਤਾਂ ਉਸਨੂੰ ਖਾਸ ਹੀ ਚਿਤਵਣੀ ਲੱਗ ਗਈ ਕਿ ਬੰਸਾ ਤਾਂ ਸਿਧਾ ਸਾਦਾ ਐ-ਇਸਨੇ ਤਾਂ ਬਲਦ ਵਾਂਗ ਕਮਾਈ ਜਾਣੈ, ਕਦੇ ਪਿਓ ਮੂਹਰੇ ਬੋਲਣਾ ਨਹੀਂ ਤੇ ਬਾਕੀ ਸਾਰੇ ਆਪਣਾ ਆਪਣਾ ਘਰ ਬੰਨ੍ਹ ਬੰਨ੍ਹ ਕੇ ਅੱਡ ਹੋਈ ਜਾਣਗੇ। ਜੱਸੋ ਆਪਣੀ ਪਤਨੀ ਤੇ ਬੱਚਿਆਂ ਨੂੰ ਪਟਿਆਲੇ ਲੈ ਗਿਆ ਸੀ। ਉਹ ਉਨ੍ਹਾਂ ਨੂੰ ਪਿੰਡ ਵੀ ਘਟ ਵਧ ਹੀ ਲਿਆਉਂਦਾ ਸੀ। ਸ਼ਹਿਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੇ ਪਿੰਡ ਆ ਕੇ ਗ਼ਲਤ ਆਦਤਾਂ ਹੀ ਸਿਖਣੀਆਂ ਸਨ। "ਅਸੀਂ ਰਹਿ ਜਾਂਗੇ ਰੇਤਾ ਛਾਨਣ ਨੂੰ-ਸਾਰੇ ਆਬਦਾ ਆਬਦਾ ਬਣਾ ਲੈਣਗੇ।"

ਹੌਲੀ ਹੌਲੀ ਗੱਲ ਸੱਜਣ ਤੋਂ ਵੀ ਗੁੱਝੀ ਨਾ ਰਹੀ। ਉਹ ਵੇਖੀ ਖੜਾ ਸੀ ਕਿ ਬੰਸਾ ਬਹੁਤੀ ਦੇਰ ਨਾਲ ਨਹੀਂ ਕੱਟੇਗਾ ਅਤੇ ਉਸਨੇ ਆਪਣੀ ਗਰੀਬੀ ਦੇ ਇਤਿਹਾਸ 'ਤੇ ਨਿਗਾਹ ਮਾਰੀ ਕਿਵੇਂ ਉਸਨੇ ਤੀਲਾ ਤੀਲਾ ਕਰਕੇ ਘਰ ਬੰਨ੍ਹਿਆ ਸੀ। ਹੁਣ ਉਸਦੀ ਬੰਨ੍ਹੀ ਹੋਈ ਗੰਢ ਖਿੰਡਦੀ ਜਾਂਦੀ ਸੀ। ਜਿੰਨੀ ਗਰੀਬੀ ਉਸਦੇ ਹੱਡਾਂ ਨੇ ਹੰਢਾਈ ਸੀ, ਉਸਨੂੰ ਹੀ ਪਤਾ ਸੀ। ਸਾਰੀ ਉਮਰ ਹਲ ਦੇ ਮਗਰ ਲਮਕਦਾ ਰਿਹਾ-ਕਦੇ ਰੱਜ ਕੇ ਖਾ ਕੇ ਨਾ ਵੇਖਿਆ ਕਦੇ ਮਨ ਭਾਉਂਦਾ ਹੰਢਾ ਕੇ ਨਾ ਵੇਖਿਆ-ਟੱਬਰੀ ਪਾਲਦਿਆਂ ਚਿੱਟੇ ਹੋ ਗਏ। ਹੁਣ ਜਦੋਂ ਸੁਖ ਦੇ ਦਿਨ ਆਏ ਸਨ ਟੱਬਰ ਦਾ ਮੂੰਹ

ਵਿੰਗਾ ਰਹਿਣ ਲਗ ਪਿਆ ਸੀ।

"ਬਾਪੂ ਟਰੈਕਟਰ ਦਾ ਪਤਾ ਕਰ ਆਇਆ ?" ਨਰੋਏ ਕੱਦ ਕਾਠ, ਮੋਟੇ ਠਲ੍ਹੇ ਅੰਗ-ਪੈਰ ਅਤੇ ਨੈਣ-ਨਕਸ਼ਾਂ ਵਾਲੇ ਬੰਸੇ ਨੇ ਪੁੱਛਿਆ। "ਆਹੋ"—ਸੱਜਣ ਦੇ ਸਖੇਪ ਉੱਤਰ ਤੋਂ ਬਾਅਦ ਬੰਸਾ ਵੀ ਕੁਝ ਨਾ ਬੋਲਿਆ।

ਪਾਸ਼ੋ ਨੇ ਥਾਲੀ ਵਿਚ ਰੋਟੀ ਪਰੋਸ ਦਿਤੀ ਸੀ। ਮਨਜੀਤ ਉਸਦੀਆਂ ਵੱਡੇ ਕੌਲੇ ਵਿਚ ਸਬਜ਼ੀ ਪਾਉਂਦੀ ਦੀਆਂ ਹਰਕਤਾਂ ਵੇਖਦੀ ਰਹੀ। ਰੋਟੀ ਪਾ ਕੇ ਸਗੋਂ ਉਸਨੇ ਮਨਜੀਤ ਵੱਲ ਹੋਰ ਪਿੱਠ ਭੰਵਾਂ ਲਈ। ਮਨਜੀਤ ਸਮਝਦੀ ਸੀ ਕਿ ਹੁਣ ਰੋਟੀ ਵਾਲੀ ਥਾਲੀ ਉਸਨੇ ਬਾਪੂ ਨੂੰ ਫੜਾਉਣੀ ਹੈ। ਸੱਜਣ ਨਲਕੇ ਤੋਂ ਹੱਥ ਧੋ ਕੇ ਮੰਜੇ 'ਤੇ ਆ ਬੈਠਾ।

ਉਸਨੇ ਪਹਿਲੀ ਬੁਰਕੀ ਹੀ ਤੋੜੀ ਸੀ ਕਿ ਉਚੇ ਲੰਮੇ ਕੱਦ ਕਾਠ ਵਾਲਾ ਭਜਨ ਮੋਢੇ 'ਤੇ ਲੰਮੀ ਤਣੀ ਵਾਲਾ ਝੋਲਾ ਲਟਕਾਈ ਆ ਗਿਆ। ਆਉਂਦਾ ਹੀ ਜੱਸੋ ਵਲ ਵੇਖ ਕੇ ਮੁਸਕਰਾਇਆ ਤਾਂ ਉਸਦੀਆਂ ਅੱਖਾਂ ਅੰਦਰ ਧਸ ਗਈਆਂ। ਜੱਸੋ ਨੇ ਵੇਖਿਆ ਕਿ ਉਹ ਹੁਣ ਵੀ ਮੋਟੇ ਮੋਟੇ ਬੁਲ੍ਹਾਂ ਵਿਚ ਮੁਸਕਰਾਈ ਜਾਂਦਾ ਸੀ। ਨੇੜੇ ਆ ਉਸਨੇ ਸਿਰ ਨੀਵਾਂ ਕਰਕੇ ਜੱਸੋ ਨੂੰ ਸਤਿ ਸ੍ਰੀ ਆਕਾਲ ਆਖੀ ਅਤੇ ਵੱਡਾ ਸਾਰਾ ਹੱਥ ਬੰਸੇ ਵੱਲ ਵਧਾ ਦਿਤਾ। ਖਾਸ ਕਰਕੇ ਬਾਪੂ ਤੋਂ ਬਚਦਾ ਉਹ ਸਿੱਧਾ ਅੰਦਰ ਚਲਾ ਗਿਆ।

ਉਸ ਨੇ ਭੂਰੇ ਜੇਹੇ ਰੰਗ ਦੀ ਅੱਗੋਂ ਮੁੜੀਆਂ ਬਾਹਾਂ ਵਾਲੀ ਕੋਟੀ ਪਾਈ ਹੋਈ ਸੀ। ਜੋ ਪਹਿਲਾਂ ਕਿਸੇ ਨੇ ਨਹੀਂ ਸੀ ਵੇਖੀ। ਇਹ ਸ਼ਾਇਦ ਉਸ ਨੇ ਨਵੀਂ ਖਰੀਦੀ ਸੀ ਜਾਂ ਕਿਸੇ ਮੁੰਡੇ ਦੀ ਸੀ ਪਰ ਇਸ ਨਾਲ ਉਹ ਫਬਦਾ ਬਹੁਤ ਸੀ।

ਬੇਬੇ ਕਿਸ਼ਨੋ ਨੂੰ ਉਹ ਭਾਵੇਂ ਦਿਸਿਆ ਨਹੀਂ ਸੀ ਪਰ ਬੋਲ ਚਾਲ ਤੋਂ ਉਸ ਨੂੰ ਉਹਦੇ ਅੰਦਰ ਲੰਘ ਜਾਣ ਦੀ ਵਿੜਕ ਲੱਗ ਗਈ ਸੀ। "ਵੇ ਮੁੰਡਿਆ ਤੂੰ ਅੰਦਰ ਜਾ ਲੁਕਿਆ—ਰੋਟੀ ਖਾ ਲੈ," ਬੇਬੇ ਨੇ ਖਰਵੀ ਆਵਾਜ਼ ਵਿਚ ਕਿਹਾ—"ਉਤੋਂ ਰਾਤ ਪੈਂਦੀ ਐ ਦਿਨ ਤਾਂ ਨੀ ਚੜ੍ਹਦਾ।" ਅੰਦਰੋਂ ਕੋਈ ਆਵਾਜ਼ ਨਾ ਆਈ। ਸਪਸ਼ਟ ਸੀ ਕਿ ਉਹ ਬਾਪੂ ਦੀ ਹਾਜ਼ਰੀ ਤੋਂ ਕੁਝ ਤ੍ਰਹਿੰਦਾ ਸੀ ਕਿ ਐਵੇਂ ਬੋਲ ਕਬੋਲ ਮੂੰਹੋਂ ਕੱਢੇਗਾ। "ਐਂ ਲੰਘ ਗਿਆ ਅੰਦਰ ਜਿਵੇਂ ਹੋਰ ਕੋਈ ਬਾਹਰ ਬੈਠਾ ਈ ਨੀ ਹੁੰਦਾ।" ਬੇਬੇ ਦੇ ਇਹਨਾਂ ਸ਼ਬਦਾਂ ਦਾ ਭਾਵ ਇਹੋ ਸੀ ਕਿ ਭਜਨ ਨੇ ਹੋਰ ਕਿਸੇ ਨੂੰ ਸਾਹਬ-ਸਲਾਮ ਕਿਉਂ ਨਾ ਕੀਤੀ।

ਸੱਜਣ ਤੋਂ ਰਿਹਾ ਨਾ ਗਿਆ। ਸਬਜ਼ੀ ਦੀ ਭਰੀ ਬੁਰਕੀ ਉਸ ਦੀਆਂ ਉਂਗਲਾਂ ਵਿਚ ਕੰਬ ਰਹੀ ਸੀ ਕਿ ਉਹ ਬੋਲ ਪਿਆ—"ਮੈਂ ਇਹਦੇ ਮੂੰਹ ਬੰਨੀ ਵੇਖਦਾਂ ਇਕ ਦਿਨ 'ਚ ਈ ਸੁਧਾਰ ਦੂੰ ਨਹੀਂ ਤਾਂ।" ਤਾਂ ਵੀ ਅੰਦਰੋਂ ਭਜਨ ਦੇ ਬੈਠੇ ਹੋਣ ਜਾਂ ਸਾਹ ਲੈਣ ਦੀ ਵੀ ਵਿੜਕ ਨਾ ਆਈ।

ਗੱਲ ਕਿਸੇ ਤੋਂ ਗੁੱਝੀ ਨਹੀਂ ਸੀ ਕਿ ਜਦੋਂ ਤੋਂ ਭਜਨ ਕਾਲਿਜ ਵਿਚ ਗਿਆ ਸੀ ਉਸਦਾ ਵਾਹ ਕੁੱਝ ਅਜਿਹੇ ਮੁੰਡਿਆਂ ਨਾਲ ਪੈ ਗਿਆ ਸੀ ਜਿਨ੍ਹਾਂ ਦੀ ਸੰਗਤ ਵਿਚ ਉਹ ਅਜੀਬ ਗੱਲਾਂ ਕਰਨ ਲਗ ਪਿਆ ਸੀ। ਉਸੇ ਵਰਗੀਆਂ ਗੱਲਾਂ ਪਹਿਲਾਂ ਜੱਸੋ ਵੀ ਕਰਿਆ ਕਰਦਾ ਸੀ ਪਰ ਉਹ ਗੱਲਾਂ ਤੱਕ ਹੀ ਸੀਮਿਤ ਰਿਹਾ ਤੇ ਇਕ ਦਿਨ ਅਜੇਹਾ ਵੀ ਆਇਆ ਉਹ ਅਜਿਹੀਆਂ ਗੱਲਾਂ ਕਰਨੋਂ ਹਟ ਗਿਆ, ਬੱਸ ਕਦੇਕਦਾਈਂ ਅਖ਼ਬਾਰ ਜਾਂ ਰਸਾਲੇ ਵਿਚ ਛਪੀ ਅਜੇਹੀ ਗੱਲ ਉਸਦਾ ਧਿਆਨ ਹੀ ਖਿਚਦੀ।

ਜਦੋਂ ਤੋਂ ਸੱਜਣ ਨੂੰ ਪ੍ਰਿੰਸੀਪਲ ਦੀ ਚਿੱਠੀ ਆਈ ਸੀ ਕਿ ਭਜਨ ਕਾਲਿਜ ਵਿਚ ਹੜਤਾਲਾਂ

ਕਰਨ-ਕਰਾਉਣ ਵਾਲੇ ਵਿਦਿਆਰਥੀਆਂ ਵਿਚ ਸ਼ਾਮਲ ਹੈ ਤਾਂ ਸੱਜਣ ਬਹੁਤ ਡਰ ਗਿਆ ਸੀ। ਜਿਸ ਅਨੁਸ਼ਾਸਨੀ ਕਾਰਵਾਈ ਦਾ ਪੱਤਰ ਵਿਚ ਦਬਕਾ ਸੀ, ਉਹ ਕਿਹੋ ਜਿਹੀ ਸੀ ? ਅਣਪੜ੍ਹ ਸੱਜਣ ਦੇ ਇਸਨੇ ਪੈਰ ਉਖਾੜ ਦਿਤੇ ਸਨ। ਐਤਵਾਰ ਨੂੰ ਘਰ ਆਏ ਭਜਨ ਦੇ ਉਹ ਗਲ ਪੈ ਗਿਆ ਕਿ ਉਸਨੂੰ ਮੂਹਰੇ ਲੱਗਣ ਦੀ ਕੀ ਲੋੜ ? ਕਿ ਅੱਜ ਕੱਲ੍ਹ ਤਾਂ ਜ਼ਮਾਨਾ ਈ ਚੁਸਤੀ ਦਾ ਹੈ, ਨਾਲੇ ਸੱਪ ਮਰ ਜਾਏ ਤੇ ਨਾਲੇ ਸੋਟੀ ਬਚ ਜਾਏ। ਆਪਣੇ ਸਿਰ ਗੱਲ ਲੈਣ ਦੀ ਕੀ ਲੋੜ ?

ਭਜਨ ਦੀਆਂ ਦਲੀਲਾਂ ਦਾ ਸੱਜਣ 'ਤੇ ਕੀ ਅਸਰ ਹੋਣਾ ਸੀ ? ਉਹ ਤਾਂ ਸਗੋਂ ਉਸਨੂੰ ਤਾੜਨਾ ਭਰੀਆਂ ਨਸੀਹਤਾਂ ਦੇਣ ਲਗ ਪਿਆ-"ਜੋ ਕਰੇਗਾ ਭਰੇਗਾ। ਪ੍ਰਿੰਸੀਪਲ ਗੰਦਾ ਹੈ ਤਾਂ ਆਪੇ ਪਰਮਾਤਮਾ ਉਹਨੂੰ ਫਲ ਭੁਗਤਾਊ। ਤੂੰ ਗਰੀਬੀ ਅਮੀਰੀ ਦਾ ਠੇਕਾ ਲਿਐ। ਸਿੱਧੀ ਨੀਅਤ ਨਾਲ ਕੀਤੀ ਕਮਾਈ ਨੂੰ ਪਰਮਾਤਮਾ ਘਾਟਾ ਵੀ ਕੀ ਛਡਦੈ।" ਆਪਣੇ ਘਰ ਦੀ ਹਾਲਤ ਬਾਰੇ ਸਪਸ਼ਟੀਕਰਨ ਦਿੰਦਿਆਂ ਸੱਜਣ ਨੇ ਦਲੀਲ ਦਿਤੀ ਕਿ ਪਰਮਾਤਮਾ ਨੇ ਉਸਨੂੰ ਘਾਟਾ ਵੀ ਕਿਹੜੀ ਚੀਜ਼ ਦਾ ਰਖਿਐ। ਸੁੱਖ ਨਾਲ ਏਡੀ ਫੌਜ ਐ ਉਸਦਾ ਆਰ ਪਰਿਵਾਰ। "ਤ ਨਾਲੇ ਜਿਹੜੇ ਗਰੀਬੀ ਅਮੀਰੀ ਦੀਆਂ ਗੱਲਾਂ ਕਰਨ ਆਲੇ ਐ-ਬੱਕਰੀ ਦਾ ਦੁੱਧ ਨੀ ਦਿੰਦੇ ਕਿਸੇ ਨੂੰ - ਬਰਾਬਰ ਕੀ ਕਰ ਦੇਣਗੇ ਇਹ ਸਾਰਿਆਂ ਨੂੰ, ਵੇਖ ਨੀ ਆਪਣੇ ਪਿੰਡ ਆਲੇ ਕਾਮਰੇਟ।"

ਜੱਸੇ ਵਿਚ ਕੋਈ ਜੋਸ਼ ਨਹੀਂ ਸੀ ਤੇ ਭਜਨ ਕਹਿੰਦਾ ਸੀ ਇਹ ਹੋਣਾ ਚਾਹੀਦਾ ਹੈ,ਸਿਰਫ ਹਮ-ਦਰਦੀ ਜਨਤਾ ਦਾ ਬਹੁਤਾ ਕੁਝ ਨਹੀਂ ਸੰਵਾਰਦੀ ਜੇ ਅਮਲ ਵਿਚ ਨਾ ਪਵੇ। ਜੱਸੇ ਦਾ ਅੰਦਰ ਭਾਵੇਂ ਕਈ ਵਾਰ ਕਾਹਲਾ ਪੈਂਦਾ ਜਦੋਂ ਤੇਰਾਂ ਤੇਰਾਂ ਰੁਪਏ ਕਿੱਲੋ ਖੰਡ ਲਿਆ ਕੇ ਚਾਹ ਬਣਾਉਣੀ ਪੈਂਦੀ। ਅੰਦਰ ਦਬਿਆ ਲਾਵਾ ਫਟ ਜਾਣਾ ਲੋਚਦਾ ਪਰ ਕਿਸੇ ਅਖੌਤੀ ਸ਼ਾਨ ਦੇ ਘੇਰੇ 'ਚੋਂ ਉਹ ਕਦੇ ਵੀ ਨਾ ਨਿਕਲ ਸਕਿਆ ; ਜਿਹੜੀ ਸ਼ਾਨ ਅਤੇ ਇਜ਼ਤ ਉਸ ਨੂੰ ਪਿੰਡ ਵਿਚ ਵੀ ਪ੍ਰਾਪਤ ਸੀ ਤੇ ਦਫਤਰ ਦੇ ਮਾਤਹਿਤ ਜਾਂ ਦਰਜਾ ਚਾਰ ਕਰਮਚਾਰੀਆਂ ਵਿਚ ਵੀ। ਉਹ ਅੰਦੋਲਨਕਾਰੀਆਂ ਦੇ ਪੱਖ ਵਿਚ ਖੜਨੋ ਵੀ ਹਟ ਗਿਆ ਸੀ, ਅਖੇ ਘਰ ਦੀ ਗਰੀਬੀ ਅਤੇ ਸੰਕੋਚਵੀਂ ਹਾਲਤ ਉਸਦੇ ਪੈਰਾਂ ਵਿਚ ਬੇੜੀ ਬਣੀ ਹੋਈ ਹੈ।

ਇਸਦੇ ਨਾਲ ਹੀ ਉਸ ਦਾ ਆਪਾ ਦੁਵੰਦ ਵਿਚ ਪਲ ਪਲ ਖੁਰਦਾ ਪ੍ਰਤੀਤ ਹੁੰਦਾ। ਉਸਨੂੰ ਅੱਜ ਅਹਿਸਾਸ ਹੋ ਰਿਹਾ ਸੀ ਕਿ ਉਹ ਹਮੇਸ਼ਾ ਟੁਕੜੇ ਟੁਕੜੇ ਹੋ ਕੇ ਜੀਵਿਆ ਸੀ। ਉਸਦੇ ਜਿਸਮ ਦਾ ਇਕ ਟੁਕੜਾ ਭਜਨ ਦੀ ਗਵਾਹੀ ਭਰਦਾ ਸੀ ਤੇ ਦੂਜਾ ਪਿਉ ਦੀ ਸੱਜਣਤਾਈ ਦੀ ਸ਼ਾਹਦੀ ਭਰਦਾ ਸੀ। ਉਸਦਾ ਇਕ ਟੁਕੜਾ ਅੰਦੋਲਨਕਾਰੀਆਂ ਨਾਲ ਫੋਕੀ ਹਮਦਰਦੀ ਰਖਦਾ ਰਿਹਾ ਸੀ ਅਤੇ ਦੂਜਾ ਟੁਕੜਾ ਅਧਿਕਾਰੀਆਂ ਦੀ ਜੀ ਹਜ਼ੂਰੀ, ਚਮਚਾਗੀਰੀ ਅਤੇ ਚਾ-ਪਲੂਸੀ ਕਰਦਾ ਸੀ। ਉਸਨੂੰ ਜਾਪਿਆ ਉਸਦੇ ਇਹ ਦੋਵੇਂ ਟੁਕੜੇ ਹੀ ਝੂਠੇ ਸਨ ਤੇ ਉਸਨੇ ਦੂਹਾਂ ਨੂੰ ਇਕ ਵਾਰ ਲਾਹਣਤ ਪਾਈ ਪਰ ਫੇਰ ਵੀ ਉਹ ਹੁਣ ਨਾ ਭਜਨ ਦੇ ਪੱਖ ਵਿਚ ਬੋਲ ਰਿਹਾ ਸੀ ਤੇ ਨਾ ਬਾਪੂ ਦੀ ਗੱਲ ਵਿਚ ਹਾਂ ਕਹਿ ਰਿਹਾ ਸੀ।

"ਪਤਾ ਨਹੀਂ ਇਹ ਕੀਹਦੇ 'ਤੇ ਗਿਐ, ਘਰ ਵਿਚ ਤਾਂ ਕੋਈ ਨਹੀਂ ਇਹੋ ਜਾ।" ਸੱਜਣ ਹੋਰ ਲੋਹਾ-ਲਾਖਾ ਹੋ ਗਿਆ। ਜੱਸੇ ਨੂੰ ਬਾਪੂ ਦੇ ਸ਼ਬਦ ਰੜਕੇ ਪਰ ਉਹ ਕੋਈ ਵੀ ਪ੍ਰਤੀਕਰਮ ਪ੍ਰਗਟ ਨਾ ਕਰ ਸਕਿਆ।

"ਮੈਂ ਕੋਈ ਮਾੜੇ ਕੰਮ ਤਾਂ ਨੀ ਕਰਦਾ ਫਿਰਦਾ ਬਾਪੂ !" ਭਜਨ ਦੇ ਮੋਟੇ ਬੁਲ੍ਹਾਂ ਵਿਚ

ਹਰਕਤ ਆਈ। ਉਸਦਾ ਮੱਥਾ ਹੋਰ ਕਸਿਆ ਗਿਆ। ਉਹ ਬੂਹੇ ਵਿਚ ਆ ਖੜਾ ਸੀ। ਬਿਜਲੀ ਦੇ ਮੱਧਮ ਜਿਹੇ ਚਾਨਣ ਵਿਚ ਉਸਦਾ ਪੱਕਾ ਰੰਗ ਹੋਰ ਵੀ ਗੂੜ੍ਹਾ ਹੋ ਗਿਆ ਸੀ—"ਮੈਂ ਕਿਹੜਾ ਅਵਾਰਾ ਗਰਦੀ ਕਰਦਾ ਫਿਰਦਾਂ ?"

"ਹੋਰ ਤੂੰ ਭੱਦਰਕਾਰੀ ਕਰਦੈਂ ? ਖਾਣ ਹੰਢਾਉਣ ਨੂੰ ਚੰਗਾ ਚੋਖਾ ਮਿਲ ਜਾਂਦੈ।" ਸੱਜਣ ਨੂੰ ਤਾਅ ਚੜ ਗਿਆ-"ਹੁਣ ਫਿਰਦਾ ਰਹਿ ਡੰਡੇ ਵਜਾਉਂਦਾ।" ਸੱਜਣ ਦੀ ਚਿੱਟੀ ਭਰਵੀਂ ਦਾਹੜੀ ਕੰਬ ਰਹੀ ਸੀ-"ਦੋ ਦਿਨ ਜੇ ਘਰ ਦਾ ਕੰਮ ਕਰਾ ਦਿੰਦਾ ਤਾਂ ਕੋਈ ਮਿਹਣਾ ਲੱਗ ਜਾਂਦਾ।" ਸੱਜਣ ਨੇ, ਉੱਨੀ ਕੁ ਰੋਟੀ, ਜਿੰਨੀ ਕੁ ਮਨਜੀਤ ਨੇ ਫੜਾਈ ਸੀ, ਖਾ ਕੇ ਥਾਲੀ ਮੰਜੇ ਤੋਂ ਹੇਠਾਂ ਰੱਖ ਦਿੱਤੀ ਤੇ ਪਾਣੀ ਦਾ ਗਲਾਸ ਮੂੰਹ ਨੂੰ ਲਾ ਲਿਆ। ਮਨਜੀਤ ਇਕ ਰੋਟੀ ਹੋਰ ਚੁਕਕੇ ਉਸ ਵਲ ਅਹੁਲੀ, "ਬਾਪੂ ਹੋਰ ਲੈ ਤਾਂ ਇਕ ਰੋਟੀ"-ਉਸਨੇ ਤਰਲਾ ਕੀਤਾ, "ਜਮਾ ਈ ਥੋੜੀ ਜੀ ਖਾਧੀ ਐ ਤੂੰ ਤਾਂ।"

"ਬੱਸ ਭਾਈ !" ਸੱਜਣ ਨੇ ਅੰਤਰ ਆਤਮੇ ਦੀ ਪੀੜ 'ਚੋਂ ਦੁਖ ਕੇ ਕਿਹਾ-"ਕਿਥੇ ਕਰਮਾਂ 'ਚ ਰੱਜ ਕੇ ਰੋਟੀ ਖਾਣੀ-ਜੇ ਰੱਜਕੇ ਰੋਟੀ ਮਿਲਣੀ ਹੁੰਦੀ ਤਾਂ ਰੱਬ ਜੱਟ ਦੀ ਜੂਨ 'ਚ ਪਾਉਂਦਾ ?" ਤੇ ਉਸਨੇ ਕੁਰਲੀ ਕਰ ਦਿਤੀ। ਘਰ ਦੇ ਵਾਤਾਵਰਣ ਵਿਚ, ਇਕ ਸਹਿਮ, ਇਕ ਸੋਗੀ ਜਹਾ ਸਹਿਮ ਪਸਰਿਆ ਹੋਇਆ ਸੀ। ਜੱਸੇ ਦੀ ਜ਼ਬਾਨ ਨੂੰ ਵੀ ਤਾਲਾ ਲਗਿਆ ਹੋਇਆ ਸੀ। ਬੇਬੇ ਖੇਸੀ ਦੀ ਬੁਕਲ ਮਾਰੀ, ਪੀੜ੍ਹੀ 'ਤੇ ਬੈਠੀ ਉਂਜ ਹੀ ਉਹਨਾਂ ਵਲ ਵੇਖੀ ਜਾਂਦੀ ਸੀ ; ਭਾਵੇਂ ਕਿ ਉਸਨੂੰ ਦਿਸਦਾ ਕੋਈ ਵੀ ਨਹੀਂ ਸੀ-ਸਿਵਾਏ ਕੋਲ ਬੈਠੀਆਂ ਕੁੜੀਆਂ ਦੇ ਧੁੰਦਲੇ ਅਕਾਰ ਤੋਂ।

— — — —

ਵੱਡੀ ਰਾਤ ਤਕ ਗੱਲਾਂ ਹੁੰਦੀਆਂ ਰਹੀਆਂ। ਰਜਾਈ ਵਿਚ ਮੂੰਹ ਸਿਰ ਢਕੀ ਪਿਆ ਸੱਜਣ ਗੱਲ ਨਾਲ ਗੱਲ ਜੋੜੀ ਜਾ ਰਿਹਾ ਸੀ ਕਿ ਹੁਣ ਤਾਂ ਗਰੀਬ ਆਦਮੀ ਨੂੰ ਦਿਨ ਤੋੜਨੇ ਬਹੁਤ ਦੁੱਭਰ ਹੋਈ ਜਾਂਦੇ ਐ, ਕਿ ਹੁਣ ਤਾਂ ਜ਼ਮੀਨਾਂ ਦੇ ਮਾਲਕ ਵੀ ਅੰਦਰੋ ਅੰਦਰ ਖੁਰਦੇ ਜਾਂਦੇ ਐ : "ਲੋਹੜਾ ਆ ਗਿਆ" ਉਸਨੇ ਗੱਲ ਚਾਲੂ ਰਖਦਿਆਂ ਕਿਹਾ-"ਦਾਦੇ-ਪੜਦਾਦਿਆਂ ਦੇ ਦਾਦੇ-ਪੜਦਾਦਿਆਂ ਤੋਂ ਵੀ ਪਹਿਲਾਂ ਦੇ ਕਮਾਈਆਂ ਕਰੀ ਜਾਨੇ ਆਂ-ਹੱਥ ਪੱਲੇ ਤਾਂ ਵੀ ਕੁਛ ਨੀ। ਹੋਰ ਤਾਂ ਹੋਰ ਭਲਿਓ ਲੋਕੋ"-ਲੋਕੋ ਸ਼ਬਦ ਨੂੰ ਕੁਝ ਲਮਕਾਉਂਦਿਆਂ ਉਸਨੇ ਮੂੰਹ ਨੰਗਾ ਕੀਤਾ-"ਆਪਣੇ ਹੱਥੀਂ ਪੈਦਾ ਕੀਤੀਆਂ ਚੀਜ਼ਾਂ ਨੂੰ ਈ ਤਰਸੀ ਜਾਨੇ ਆਂ।" ਜੱਸੋ ਬਾਪੂ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣਦਾ ਖੁਸ਼ ਨਾਲੋਂ ਬਹੁਤਾ ਹੈਰਾਨ ਹੁੰਦਾ ਰਿਹਾ।

ਭਜਨ ਸਬਾਤ ਵਿਚ ਨਹੀਂ ਸੁੱਤਾ। ਉਸਦਾ ਸਬਾਤ ਵਾਲਿਆਂ ਨੂੰ ਪਤਾ ਵੀ ਨਹੀਂ ਸੀ ਕਿ ਉਹ ਬੈਠਕ ਵਿਚ ਸੀ ਜਾਂ ਡੰਗਰਾਂ ਵਾਲੇ ਦਰਵਾਜ਼ੇ ਵਿਚ ਸੀ ਜਾਂ ਪਿੰਡ ਵਿਚ ਆਪਣੇ ਕਿਸੇ ਮੇਲੀ ਕੋਲ। ਪਿੰਡ ਵਿਚ ਉਸਦੇ ਮੇਲੀ ਤਾਂ ਕਈ ਸਨ ਪਰ ਉਸਨੂੰ ਸਮਝਣ ਵਾਲਾ ਕੋਈ ਨਹੀਂ ਸੀ।

"ਬੇਬੇ ਨਿਗਾਹ ਕਿਵੇਂ ਐ ਤੇਰੀ ?" ਜੱਸੇ ਨੇ ਪੁੱਛਿਆ ਜਦੋਂ ਗੱਲਾਂ ਜੱਟ ਸਿਆਸਤ 'ਚੋਂ ਨਿਕਲ ਕੇ ਮੁੜ ਘਰ ਦੀ ਕਬੀਲਦਾਰੀ ਵਿਚ ਆ ਟਿਕੀਆਂ।

"ਬੱਸ ਪੁੱਤ ਐਨੀ ਕੁ ਈ ਰਹਿ ਜੇ-ਮੁਕਦੀ ਨੀ"—ਬੇਬੇ ਨੇ ਸਬਰ ਨਾਲ ਕਿਹਾ। ਸੱਜਣ ਨੇ ਉਨ੍ਹਾਂ ਵੱਲ ਪਾਸਾ ਭੰਵਾਇਆ ਤਾਂ ਜੱਸੇ ਨੇ ਵੇਖਿਆ ਕਿ ਦਿਨ ਵਾਲਾ ਪਰਨਾ ਉਸਨੇ ਸਿਰ 'ਤੇ ਲਪੇਟਿਆ ਹੋਇਆ ਸੀ ਅਤੇ ਨੀਲੀ ਪੱਗ ਸਿਰ੍ਹਾਣੇ ਰੱਖੀ ਹੋਈ ਸੀ। ਲਗ ਪਗ ਸਾਰੀ ਦਾਹੜੀ ਰਜਾਈ ਵਿਚ ਲੁਕੀ ਹੋਈ ਸੀ। ਕਣਕਵੰਨੇ ਚਿਹਰੇ 'ਤੇ ਟਿਕਿਆ ਤਿੱਖਾ ਨੱਕ, ਚੌੜਾ ਮੱਥਾ ਤੇ ਚਿੱਟੇ ਹੋ ਰਹੇ ਸੰਘਣੇ

ਲੰਮੇ ਭਰਵੱਟੇ ਹਿੱਲ ਰਹੇ ਸਨ—"ਪਰ ਬੇਬੇ ਨੀ ਮੰਨਦੀ।" ਗੱਲ ਬੇਬੇ ਦੇ ਮੰਨਣ ਨਾ ਮੰਨਣ ਦੀ ਵੀ ਨਹੀਂ ਸੀ। ਕੰਮ 'ਚੋਂ ਕਿਹੜਾ ਸੁਰਤ ਮਿਲਦੀ ਸੀ ਜੋ ਇਹ ਕੰਮ ਕਰਵਾ ਦਿੰਦੇ। ਹੋਰ ਤਾਂ ਹੋਰ ਕਿਸੇ ਨੇ ਕੋਈ ਦੁਆਈ ਵੀ ਨਾ ਲਿਆ ਕੇ ਦਿੱਤੀ।

"ਹੁਣ ਕਾਹਦੀ ਖ਼ਾਤਰ ਪੁੱਤ—ਪਤਾ ਨੀ ਸਾਲ ਛੀ ਮਹੀਨੇ ਰਹਿੰਦੀ ਐ, ਪਤਾ ਨੀ, ਨਹੀਂ।" ਬੇਬੇ ਨੇ ਬਿਲਕੁਲ ਉਹੀ ਸ਼ਬਦ ਦੁਹਰਾ ਦਿੱਤੇ ਜੋ ਉਹ ਲਗ ਪਗ ਦਸ ਬਾਰਾਂ ਸਾਲ ਤੋਂ ਦੁਹਰਾਉਂਦੀ ਆ ਰਹੀ ਸੀ। "ਜੇ ਉਦੋਂ ਹੀ ਅੱਖਾਂ ਸੰਵਰ ਜਾਂਦੀਆਂ ਤੇ ਐਨਕਾਂ ਲੱਗ ਜਾਂਦੀਆਂ..." ਜੱਸੇ ਦਾ ਇਸ ਪਾਸਿਓਂ ਧਿਆਨ ਉਖੜ ਗਿਆ। ਉਹ ਸੋਚਣ ਲੱਗ ਪਿਆ ਕਿ ਗੁਰੂ ਨਾਨਕ ਨੇ ਰਈਅਤ ਨੂੰ ਅੰਨ੍ਹੀ ਕਿਹਾ ਸੀ। ਹੁਣ ਵੀ ਰਈਅਤ ਅੰਨ੍ਹੀ ਹੈ। ਅੱਖਾਂ ਬਣਵਾਉਣ ਦਾ ਨਾਂ ਨੀ ਲੈਂਦੀ। ਉਸਨੂੰ ਕਿਸੇ ਮੈਗਜ਼ੀਨ ਵਿਚੋਂ ਪੜ੍ਹੀ ਕਵਿਤਾ ਦਾ ਖ਼ਿਆਲ ਆਇਆ ਤੇ ਉਸਦੀ ਸੋਚ ਲੜੀ ਹੋਰ ਅੱਗੇ ਤੁਰੀ—"ਜੇ ਦਸ ਸਾਲ ਪਹਿਲਾਂ ਬੇਬੇ ਦੀ ਨਿਗਾਹ ਬਣ ਜਾਂਦੀ, ਜੇ ਦਸ ਸਾਲ ਪਹਿਲਾਂ ਉਹ ਆਪਣੇ ਜਜ਼ਬਿਆਂ ਨੂੰ ਕਾਬੂ ਰਖ ਸਕਦਾ ਤਾਂ ਉਹ ਵੀ ਭਜਨ ਦੇ ਰਾਹ ਤੁਰਦਾ ਹੁੰਦਾ — ਜੇ ਦਸ ਸਾਲ ਪਹਿਲਾਂ-ਬਾਰਾਂ ਸਾਲ ਪਹਿਲਾਂ...ਉਹਨਾਂ ਸਭ ਦੀਆਂ ਹੀ ਅੱਖਾਂ ਖੁੱਲ੍ਹ ਗਈਆਂ ਹੁੰਦੀਆਂ। ਉਹ ਮਨ ਦੇ ਘੋੜੇ 'ਤੇ ਅਸਵਾਰ ਹੋ ਕੇ ਕਿਸੇ ਹੋਰ ਹੀ ਸੰਸਾਰ ਵਿਚ ਪਹੁੰਚ ਗਿਆ ਸੀ—ਕਵਿਤਾ ਦੇ ਉਸ ਸੰਸਾਰ ਵਿਚ ਜਿਸਨੂੰ ਪੜ੍ਹ ਕੇ ਉਹ ਭਾਵ ਗ੍ਰਸਤ ਹੋ ਗਿਆ ਸੀ। ਉਸਨੂੰ ਜਾਪਿਆ ਸਾਰੀ ਗਰੀਬ ਜੰਤਾ ਬੇਬੇ ਕਿਸ਼ਨੋ ਦੀਆਂ ਅੱਖਾਂ ਵਿਚ ਬੈਠੀ ਸੀ ਤੇ ਬਾਪੂ ਸੱਜਣ ਵੀ ਉਸਦੇ ਮੋਤੀਏ ਦੇ ਪਰਦੇ ਓਹਲੇ ਛੁਪਿਆ ਬੈਠਾ ਸੀ। ਮੋਤੀਏ ਦਾ ਇਹ ਪਰਦਾ ਹੀ ਸੀ ਕਿ ਪਹਿਲਾਂ ਉਸਦੇ ਤੇ ਹੁਣ ਭਜਨ ਦੇ ਜਾਂ ਭਜਨ ਵਰਗੇ ਹੋਰ ਅਨੇਕਾਂ ਲੋਕਾਂ ਦੇ ਵਿਚਾਰ ਇਸ ਚਿੱਤਰ ਪੱਟ 'ਤੇ ਨਹੀਂ ਸਨ ਉਤਰਨ ਦਿੱਤੇ ਜਿਥੋਂ ਲੱਖਾਂ ਤੇ ਕਰੋੜਾਂ ਬੇਬਿਆਂ ਤੇ ਬਾਪੂਆਂ ਨੂੰ ਦਿਸ ਸਕਦੇ ਸਨ। ਮੋਤੀਏ ਦੇ ਇਸ ਪਰਦੇ ਪਿਛੇ ਤਾਂ ਖ਼ੁਦ ਜੱਸੋ ਵੀ ਗੁਆਚ ਗਿਆ ਸੀ। ਉਹ ਸੋਚਦਾ ਰਿਹਾ।

"ਪਤਾ ਨੀ ਕੀ ਹਵਾ ਫਿਰੀ ਐ ਜ਼ਮਾਨੇ 'ਚ" ਸੱਜਣ ਦੇ ਸ਼ਬਦਾਂ ਨੇ ਜੱਸੇ ਦੀ ਬਿਰਤੀ ਉਖੇੜ ਦਿੱਤੀ—"ਹੱਥ ਹੱਥ ਨੂੰ ਖਾਣ ਆਉਂਦੈ।"

"ਕੀ ਕਿਹੈ ਬਾਪੂ ?" ਜੱਸੇ ਨੇ ਸਿਰ ਹੇਠਾਂ ਕੂਹਣੀ ਕਰਦਿਆਂ ਕਿਹਾ।

"ਹੁਣ ਬੰਸਾ ਫਿਰਦੈ ਅੱਡ ਹੋਣ ਨੂੰ।" ਸੱਜਣ ਨੇ ਸੰਵਾਰ ਕੇ ਮੂੰਹ ਰਜਾਈ 'ਚੋਂ ਬਾਹਰ ਕੱਢ ਲਿਆ—"ਅੱਜ ਮਾੜੀ ਜੀ ਗੱਲ ਕਹਿ 'ਤੀ ਸਾਰਾ ਦਿਨ ਮਹਾਂ ਦੇ ਆਟੇ ਆਂਗੂ ਆਕੜਿਆ ਫਿਰਦਾ ਰਿਹਾ। ਮਰਿਆ ਸੜਿਆ ਜਾ ਕੰਮ ਤਾਂ ਕਰਦਾ ਰਿਹਾ—ਪਰ ਮੂੰਹ 'ਚ ਜਿਵੇਂ ਬੱਕਲੀਆਂ ਪਾਈਆਂ ਹੋਣ—ਸਾਰਾ ਦਿਨ ਨੀ ਬੋਲਿਆ।"

"ਤੂੰ ਭਾਈ ਫੇਰ ਕਿਉਂ ਜੁੱਤੀ ਹੇਠ ਆਉਨੈ ?" ਬੇਬੇ ਨੇ ਦਖ਼ਲ ਦਿਤਾ— "ਚੁੱਪ ਕਰਕੇ ਅੱਡ ਨੀ ਕਰਿਆ ਜਾਂਦਾ !"

"ਬੇਬੇ ਤੂੰ ਨਾ ਬੋਲਿਆ ਕਰ ਵਿਚ।" ਮਨਜੀਤ ਜੋ ਚੁੱਪ ਕੀਤੀ ਸਭ ਕੁਝ ਸੁਣਦੀ ਰਹੀ ਸੀ ਬੋਲੀ—"ਤੇਰੀ ਗੱਲ ਹੋਰ ਐ—ਤੈਨੂੰ ਤਾਂ ਸਾਰੇ ਈ ਇਕ ਨੇ।" ਮਨਜੀਤ ਦਾ ਭਾਵ ਸੀ ਕਿ ਬੇਬੇ ਦੀ ਕੀਤੀ ਦੂਰ ਜਾ ਸਕਦੀ ਸੀ ਤੇ ਕਿਸੇ ਤੋਂ ਐਵੇਂ ਹੀ ਅਖੀਰਲੀ ਉਮਰੇ ਬੋਲ-ਕਬੋਲ ਅਖਵਾ ਕੇ ਉਸਦੀ ਕੀ ਰਹਿਣੀ ਸੀ ?

ਸੱਜਣ ਤੇ ਜੱਸੋ ਆਪੋ ਆਪਣੀ ਥਾਈਂ ਸੋਚਦੇ ਰਹੇ ਕਿ ਜੇ ਘਰ ਇਉਂ ਖਖੜੀਆਂ ਕਰੇਲੇ ਹੋ

ਗਿਆ ਤਾਂ ਘਰ ਦਾ ਗੁਜ਼ਾਰਾ ਕਿਵੇਂ ਚਲੇਗਾ ਜੋ ਹੁਣ ਵਾਹਵਾ ਰੁੜ੍ਹੀ ਜਾਂਦਾ ਸੀ।

......ਤੇ ਨਵਾਂ ਸੂਰਜ ਚੜ੍ਹਨ ਤੱਕ ਉਹ ਸੌਂ ਗਏ।

— — —

ਸਵੇਰੇ ਦਿਨ ਚੜ੍ਹਿਆ ਤਾਂ ਜੱਸੋ ਨੇ ਉਠਦਿਆਂ ਸਾਰ ਮਾਲ ਡੰਗਰ ਬਾਹਰ ਕੱਢ ਦਿਤਾ। ਖੁਰਲੀਆਂ ਵਿਚ ਥੋੜੇ ਥੋੜੇ ਪੱਠੇ ਵੀ ਸੁੱਟ ਦਿਤੇ। ਵੱਡੇ-ਵਡੇਰਿਆਂ ਦੀਆਂ ਕੀਤੀਆਂ ਪੈੜਾਂ ਵਿਚ ਪੈੜ ਕਰਦੇ ਜੱਸੋ ਨੂੰ ਵੇਖ ਕੇ ਸੱਜਣ ਦਾ ਜੇਹ ਖੂਨ ਵਧ ਗਿਆ।

ਬੇਬੇ ਅੜ੍ਹਕਣ ਤੋਂ ਬਚਦੀ, ਹੌਲੀ ਹੌਲੀ ਪੈਰ ਪੁਟਦੀ ਬੈਠਕ ਦੇ ਦਰਵਾਜ਼ੇ ਤੱਕ ਆ ਗਈ। ਉਸਨੇ ਅਕਾਰਥ ਹੀ ਅੰਦਰ ਵੇਖਣ ਦਾ ਜਤਨ ਕੀਤਾ। ਉਸ ਨੂੰ ਬੈਠਕ ਵਿਚ ਹਨੇਰਾ ਹੀ ਪਸਰਿਆ ਨਜ਼ਰ ਆਇਆ—"ਵੇ ਭਜਨ-ਤੂੰ ਉਠਣਾ ਈ ਨੀ-ਚਾਹ 'ਚ ਬਾਈ ਪਈ ਜਾਂਦੀ ਐ।" ਅੰਦਰੋਂ ਕੋਈ ਆਵਾਜ਼ ਨਾ ਆਈ। ਬੇਬੇ ਅੰਦਰ ਆ ਗਈ। ਟੋਹ ਟੋਹ ਕੇ ਮੰਜਾ ਲੱਭਿਆ ਅਤੇ ਉਪਰ ਵਿਛੇ ਬਿਸਤਰੇ ਨੂੰ ਟੋਹਿਆ ਪਰ ਉਪਰ ਕਿਸੇ ਮਨੁੱਖੀ ਸਰੀਰ ਨੂੰ ਨਾ ਪਾ ਕੇ ਅਤੇ ਚਾਹ ਵਿਚ ਪੈਂਦੀ ਵਾਈ ਦਾ ਦੁਬਾਰਾ ਖ਼ਿਆਲ ਕਰਕੇ ਮੁੜ ਚੁੱਲ੍ਹੇ ਮੂਹਰੇ ਆ ਬੈਠੀ ਜਿਥੇ ਪਾਸ਼ੋ ਨੇ ਤਪਲੇ ਹੇਠਾਂ ਗੋਹੇ ਲਾਏ ਹੋਏ ਸਨ ਤੇ ਸਾਗ ਖੱਦ ਖੱਦ ਰਿਝ ਰਿਹਾ ਸੀ।

ਥੋੜੇ ਚਿਰ ਮਗਰੋਂ ਬੇਬੇ ਨੇ ਚੁਲ੍ਹੇ ਮੂਹਰੇ ਬੈਠਣ ਲੱਗੇ ਭਜਨ ਨੂੰ ਪਛਾਣ ਲਿਆ ਜੋ ਕਿਸੇ ਨੂੰ ਪਤਾ ਨਹੀਂ ਸੀ ਕਿ ਕਿਥੋਂ ਆਇਆ ਸੀ—? ਸ਼ਾਇਦ ਬਾਹਰ ਅੰਦਰ ਜਾ ਕੇ ਹੀ ਆਇਆ ਸੀ। ਉਸਨੇ ਆਪ ਹੀ ਪਤੀਲੀ 'ਚੋਂ ਗਲਾਸ ਵਿਚ ਚਾਹ ਪਾਈ ਤੇ ਚੁਲ੍ਹੇ ਮੂਹਰੇ ਬੈਠ ਕੇ ਹੀ ਪੀਣ ਲੱਗ ਪਿਆ। ਸੱਜਣ ਇਧਰ ਉਧਰ ਕੰਮ ਧੰਦੇ ਲਗਿਆ ਰਿਹਾ। ਸਾਰਾ ਸਮਾਂ ਭਜਨ ਨੂੰ ਇਹ ਤੌਖਲਾ ਜ਼ਰੂਰ ਰਿਹਾ ਕਿ ਕਿਤੇ ਬਾਪੂ ਬੋਲ ਨਾ ਪਵੇ।

ਬੰਤਾ ਸਵੇਰ ਦਾ ਹੀ ਖੇਤ ਜਾ ਚੁਕਾ ਸੀ। ਜੱਸੋ ਵੀ ਇਕ ਕਹੀ ਮੋਢੇ 'ਤੇ ਰੱਖ ਕੇ ਤੁਰ ਗਿਆ। ਨਰਮੇ ਵਾਲੇ ਵਾਹਣ ਦੇ ਨਾਲ ਲਗਦੀ ਵੱਡੀ ਵੱਟ ਵੱਢ ਵੱਢ ਕੇ ਖੇਤ ਵਿਚ ਸੁੱਟਣੀ ਸੀ। ਚਾਰ ਚਾਰ ਸਿਆੜ ਜ਼ਮੀਨ ਉਧਰੋਂ ਨਿਕਲਦੀ ਸੀ। ਟਰੈਕਟਰ ਵਾਲੇ ਦਾ ਸੁਨੇਹਾ ਵੀ ਆ ਗਿਆ ਸੀ ਤਾਂ ਜੋ ਛੇਤੀ ਛੇਤੀ ਵਾਹਣ ਕਰਾਹਿਆ ਵੀ ਜਾ ਸਕੇ। ਸੱਜਣ ਦੇ ਮਨ ਵਿਚ ਕਾਹਲ ਹੋਣ ਕਰਕੇ ਉਸਦੀ ਹਰ ਹਰਕਤ ਹੀ ਕਾਹਲ ਵਾਲੀ ਸੀ।

"ਤੂੰ ਅੱਜ ਕੀ ਕਰੇਂਗਾ ਭਾਈ?" ਨਲਕੇ 'ਤੇ ਹੱਥ ਧੋਕੇ ਪਰਨੇ ਨਾਲ ਪੂੰਝਦਿਆਂ, ਭਜਨ ਵੱਲ ਸਿੱਧਾ ਅਤੇ ਘੂਰਕੇ ਵੇਖਦਿਆਂ ਸੱਜਣ ਨੇ ਕਿਹਾ।

"ਬਠਿੰਡੇ ਜਾਣੈ ਬਾਪੂ।" ਭਜਨ ਨੇ ਗਰਦਨ ਨਾ ਉਠਾਈ। ਉਹ ਇਸੇ ਸਵਾਲ ਤੋਂ ਬਚਣ ਦੇ ਜਤਨ ਵਿਚ ਸੀ।

"ਅੱਜ ਫੇਰ ਜਿੰਦਾਬਾਦ ਮੁਰਦਾਬਾਦ ਕਰਨੀ ਹੋਊ?" ਸੱਜਣ ਨੇ ਵਿਅੰਗ ਨਾਲ ਕਣੱਖਾ ਵੇਖਿਆ ਕਿ ਉਸਦੀ ਸ਼ਕਲ ਕੁੱਝ ਡਰਾਉਣੀ ਜੇਹੀ ਬਣ ਗਈ। ਭਜਨ ਗੋਹਿਆਂ ਦੀ ਬਲਦੀ ਅੱਗ ਵਿਚ ਡੱਕੇ ਤੁੰਨੀ ਗਿਆ ਅਤੇ ਡੱਕਿਆਂ ਦੀ ਨਿੱਕੀ ਨਿੱਕੀ ਲਾਲ ਲਾਟ ਨੂੰ ਵੇਖਦਾ ਰਿਹਾ। ਉਸਨੇ 'ਮਘਦੀ ਅੱਗ ਜਿਹਾ ਜੋਸ਼ 'ਨਾਮੀ ਕਵਿਤਾ ਵੀ ਲਿਖੀ ਸੀ ਜੋ ਇਕੱਠਾਂ ਵਿਚ ਵਾਹਵਾ ਲੈ ਚੁਕੀ ਸੀ। ਇਸ ਵੇਲੇ ਤਾਂ ਉਸਦੇ ਦਿਮਾਗ ਵਿਚ ਇਸ ਕਿਸਮ ਦੇ ਭਾਵ ਨਹੀਂ ਸਨ—"ਦੇਖ ਭਾਈ, ਏਧਰ ਮੇਰੇ ਵੱਲ"—ਸੱਜਣ ਨੇ ਤਾੜਨਾ ਕੀਤੀ — ਸਿੱਧਾ ਹੋ ਕੇ ਜਾਂ ਤਾਂ ਪੜ੍ਹ ਤੇ ਜਾਂ ਲੱਗ ਜਾ ਘਰ ਦੇ

ਕੰਮ 'ਤੇ—ਨਹੀਂ ਤਾਂ ਇਕ ਦਿਨ ਲੱਤ ਬਾਂਹ ਤੋੜ ਘਰ ਬਿਠਾ ਦੂੰ। ਪਿਆ ਰਹੀਂ ਫੇਰ ਅੰਦਰੇ।" ਭਜਨ ਫੇਰ ਵੀ ਨਾ ਬੋਲਿਆ।

ਪਾਸ਼ੋ ਨੇ ਬੁੜ ਬੁੜ ਕਰਦੀ ਨੇ ਅੱਜ ਫੇਰ ਗੋਹਾ ਵੀ ਰੂੜੀ 'ਤੇ ਹੀ ਸੁੱਟ ਦਿੱਤਾ। ਬੇਬੇ ਨੇ ਬਥੇਰਾ ਕਿਹਾ ਸੀ ਪਈ ਪਾਥੀਆਂ ਬਗੈਰ ਨਹੀਂ ਸਰਦਾ ਪਰ ਪਾਸ਼ੋ ਨੇ ਜ਼ਿੱਦ ਹੀ ਕੀਤੀ। ਮਨਜੀਤ ਵੀ ਇਸ ਗੱਲੋਂ ਕੁੜ੍ਹਦੀ ਰਹੀ ਤੇ ਬੱਠਲ ਭਰ ਭਰ ਕੇ ਚੁੱਪ ਕੀਤੀ ਚੁਕਾਉਂਦੀ ਰਹੀ।

"ਵੇ ਤੂੰ ਦਿਹ ਕੋਈ ਵਰ ਉੱਤਰ" ਬੇਬੇ ਨੇ ਸਖ਼ਤ ਰੌਂ ਵਿਚ ਸਮਝਾਉਣਾ ਚਾਹਿਆ—ਆਖਦੇ ਬਈ ਬਾਪੂ ਨਹੀਂ ਕਰਦਾ ਅੱਗੋਂ ਤੋਂ ਅਹੇ ਜਾ ਕੰਮ।"

"ਬੇਬੇ ਤੂੰ ਨਾ ਬੋਲਿਆ ਕਰ ਤਾਂ—ਇਹਤੋਂ ਵੀ ਰਿਹਾ ਨੀ ਜਾਂਦਾ"-ਮਨਜੀਤ ਜੋ ਨਲਕੇ 'ਤੇ ਮੁਤਰਾਲ ਨਾਲ ਲਿਬੜੇ ਹੱਥ ਧੋ ਰਹੀ ਸੀ, ਨੇ ਗਰਦਨ ਬੇਬੇ ਵਾਲੇ ਪਾਸੇ ਲਮਕਾਈ ਅਤੇ ਮੱਥਾ ਕਸ ਕੇ ਬੋਲੀ ਕਿ ਉਸਦਾ ਨਿੱਕਾ ਜਿਹਾ ਪਰ ਤਿਖਾ ਨੱਕ ਵੀ ਉਤਾਂਹ ਨੂੰ ਚੜ੍ਹ ਗਿਆ-"ਜਦੋਂ ਤੇਰੀ ਕੋਈ ਸੁਣਦਾ ਈ ਨੀ-ਫੇਰ ਤੂੰ ਕਿਉਂ ਵਿਚ...ਹੁੰ।"

"ਕਿਉਂ ਨਾ ਬੋਲੇ," ਸੱਜਣ ਗੜ੍ਹਕੇ ਨਾਲ ਬੋਲਿਆ-"ਹਾਲੇ ਤਾਂ ਏਸੇ ਦਾ ਹੈ ਸਾਰਾ ਕੁਛ।" ਸੱਜਣ ਭਜਨ ਦੀ ਹੋਰ ਵੀ ਝਾੜ ਝੰਬ ਕਰਦਾ ਰਿਹਾ; ਭਜਨ ਕਦੇ ਪਿਘਲ ਜਾਂਦਾ ਰਿਹਾ; ਕਦੇ ਬਿਟਰ ਜਾਂਦਾ ਰਿਹਾ। ਕਦੇ ਡਰ ਜਾਂਦਾ ਰਿਹਾ; ਕਦੇ ਬਾਗੀ ਹੋ ਜਾਣਾ ਚਾਹੁੰਦਾ। ਇਕ ਵਾਰ ਤਾਂ ਉਸਦੀਆਂ ਅੱਖਾਂ ਭਰ ਹੀ ਜਾਣੀਆਂ ਸਨ ਪਰ ਉਸੇ ਵਕਤ ਉਸਨੂੰ ਆਪਣਾ ਆਪ ਸੌ ਫੀ-ਸਦੀ ਠੀਕ ਲਗਿਆ। ਜਿੰਨੀ ਵਾਰ ਵੀ ਉਸਨੇ ਸੋਚਿਆ ਉਸਨੂੰ ਆਪਣਾ ਆਪ ਦਰੁਸਤ ਲੱਗਿਆ।

ਅੱਜ ਵੀ ਉਸਨੇ ਕਿਸੇ ਪਿੰਡ ਵਿਚ ਹੋਣ ਵਾਲੀ ਰੈਲੀ ਵਿਚ ਗੀਤ ਬੋਲਣੇ ਸਨ। ਕਿਸਾਨਾਂ ਤੇ ਮਜ਼ਦੂਰਾਂ ਦੇ ਦੁੱਖਾਂ ਦਰਦਾਂ ਦੀਆਂ ਤਰੰਨਮ ਵਿਚ ਗਾਈਆਂ ਉਸਦੀਆਂ ਕਵਿਤਾਵਾਂ ਸਰੋਤਿਆਂ ਨੂੰ ਹਲੂਣ ਕੇ ਰੱਖ ਦਿੰਦੀਆਂ ਸਨ ਕਿ ਵਾਰ ਵਾਰ ਉਸਦੀ ਮੰਗ ਹੋਣ ਲਗ ਪੈਂਦੀ ਸੀ।

" ਤਿੱਤਰ ਬਟੇਰੇ ਠੁੰਗ ਗਏ ਬੂਟੇ, ਸਿੱਟਿਆ ਨੂੰ ਖਾ ਗਈ ਡਾਰ।
ਚੁੱਕ ਗਲੇਲਾ ਲਿਆ ਕਾਮਿਆਂ, ਕਰੀਂ ਗੋਪੀਆ ਤਿਆਰ।"

ਪੇਂਡੂ ਬੋਲੀ ਵਿਚ ਲਿਖਿਆ ਉਸਦਾ ਗੀਤ ਪੇਂਡੂ ਮੁੰਡਿਆ ਦੇ ਮੂੰਹ ਚੜ੍ਹ ਗਿਆ ਸੀ।

"ਸਾਲਿਆ ਕਿਸੇ ਨੇ ਮੰਗਿਆ ਟੁਕ ਨੀ ਦੇਣਾ ਜਿਹਤਾ ਤੂੰ ਰੱਥ ਫੜਿਆ।" ਮੱਝ ਨੇ ਗੋਹਾ ਕਰ ਦਿੱਤਾ। ਸੱਜਣ ਨੇ ਔਖਾ ਭਾਰਾ ਹੁੰਦਿਆਂ ਫਹੁੜਾ ਚੁੱਕਿਆ ਤੇ ਗੋਹਾ ਹਟਾ ਦਿੱਤਾ। ਉਸੇ ਵੇਲੇ ਉਸਦਾ ਧਿਆਨ ਬਲਦ ਵੱਲ ਗਿਆ। ਉਸਦੇ ਹੇਠਾਂ ਬੱਠਲ ਰੱਖ ਦਿੱਤਾ। "ਅਸੀਂ ਹੱਕ ਦੇ ਟੁੱਕ ਦੀ ਗੱਲ ਕਰਾਂਗੇ ਬਾਪੂ।" ਭਜਨ ਨੇ ਚਿੱਤ ਵਿਚ ਕਿਹਾ।

"ਤੁਸੀਂ ਕੁੜੀਏ ਰੋਟੀ ਟੁੱਕ ਦਾ ਕਰੋ।" ਕਹਿ ਕੇ ਸੱਜਣ ਗੁਰਦੁਆਰੇ ਵੱਲ ਤੁਰ ਪਿਆ। ਕਈ ਦਿਨਾਂ ਤੋਂ ਉਹ ਨਿਤਨੇਮ ਸੁਣਨ ਨਹੀਂ ਸੀ ਜਾ ਸਕਿਆ—"ਮੈਂ ਈ ਲੈ ਜੂ ਰੋਟੀ ਜਾਂਦਾ ਹੋਇਆ।"

ਅੱਧੇ ਕੁ ਘੰਟੇ ਬਾਅਦ ਉਹ ਵਾਹਿਗੁਰੂ ਕਹਿੰਦਾ ਸੰਗਰਾਂਦ ਦੀ ਦੇਗ ਲੈ ਕੇ ਮੁੜਿਆ। ਦੁਹਾਂ ਹੱਥਾਂ ਵਿਚ ਉਸਨੇ ਦੇਗ ਨੂੰ ਢਕਿਆ ਹੋਇਆ ਸੀ। ਸਾਰਿਆਂ ਦੇ ਹੱਥ 'ਤੇ ਕਿਣਕਾ ਕਿਣਕਾ ਰੱਖ ਕੇ ਆਖਰੀ ਕਿਣਕਾ ਆਪਣੇ ਮੂੰਹ ਵਿਚ ਪਾ ਕੇ ਸੱਜਣ ਨੇ ਫੇਰ ਲੰਮੀ ਧੁਨ ਵਿਚ ਵਾਹਿਗੁਰੂ ਕਿਹਾ ਅਤੇ ਰੋਟੀ ਚੁੱਕ ਕੇ ਖੇਤ ਨੂੰ ਤੁਰ ਗਿਆ।

"ਬੇਬੇ ਆਹ ਦਾਰੂ ਸੰਭਾਲ ਲੈ ਅੱਖਾਂ ਦੀ, ਰਾਤ ਫੜਾਉਣੀ ਯਾਦ ਨਹੀਂ ਰਹੀ।" ਕਹਿ ਕੇ ਭਜਨ ਸਬਾਤ ਵਿਚ ਆਪਣਾ ਝੋਲਾ ਤਿਆਰ ਕਰਨ ਲੱਗ ਪਿਆ।

★

[ਭੁੱਚੋ ਕਲਾਂ, ਜ਼ਿਲਾ ਬਠਿੰਡਾ]

ਹਰਭਜਨ ਹਲਵਾਰਵੀ

# ਪੁਨਰ ਉਥਾਨ ਤੇ ਮਾਰਕਸਵਾਦ

ਮਨੁੱਖੀ ਸਮਾਜ ਦੀ ਗਤੀਮਾਨਤਾ ਅਤੇ ਇਸ ਦੀ ਵਿਕਾਸ ਦਿਸ਼ਾ ਨੂੰ ਜਾਨਣ ਸਮਝਣ ਦੀ ਪ੍ਰਕਿਰਿਆ ਵਿਚੋਂ ਹੀ ਇਤਿਹਾਸ ਦੇ ਸੰਕਲਪ ਨੇ ਜਨਮ ਲਿਆ। ਇਸ ਤੋਂ ਅਗਲਾ ਪ੍ਰਸ਼ਨ ਇਤਿਹਾਸਕ ਤੱਤਾਂ ਤੇ ਘਟਨਾਵਾਂ ਦੀ ਤਰਕਸ਼ੀਲ ਵਿਆਖਿਆ ਦਾ ਹੈ ਜਿਸ ਵਿਚੋਂ ਇਤਿਹਾਸ ਦਾ ਦਰਸ਼ਨ ਪੈਦਾ ਹੋਇਆ। ਇਸ ਦਾ ਮੰਤਵ ਕਿਸੇ ਵਿਸ਼ੇਸ਼ ਇਤਿਹਾਸਕ ਪੜਾਅ 'ਤੇ ਸਮਾਜ ਵਿਚਲੀਆਂ ਭਿੰਨ ਭਿੰਨ ਸ਼ਕਤੀਆਂ ਦੀਆਂ ਚੇਸ਼ਟਾਵਾਂ ਵਿਚੋਂ ਉਭਰੀ ਕਿਸੇ ਸਮੂਹਕ ਤੇ ਕੇਂਦਰੀ ਸਰਗਰਮੀ ਅਤੇ ਇਸ ਦੇ ਦੂਜੇ ਸਮਾਜਕ ਪ੍ਰਵਰਗਾਂ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਲੇਖਾ-ਜੋਖਾ ਕਰਦੇ ਹੋਏ ਸਮਾਜਕ ਵਿਕਾਸ ਦੀ ਮੁਖ ਧਾਰਾ ਨੂੰ ਨਿਰਧਾਰਿਤ ਤੇ ਨਿਰੂਪਿਤ ਕਰਨਾ ਹੁੰਦਾ ਹੈ। ਇਤਿਹਾਸ ਦੇ ਦਰਸ਼ਨ ਦਾ ਸੰਬੰਧ ਇਤਿਹਾਸਕਾਰ ਜਾਂ ਇਤਿਹਾਸ ਦੀ ਤਾਰਕਿਕ ਵਿਆਖਿਆ ਕਰਨ ਵਾਲੇ ਵਿਅਕਤੀ ਦੇ ਸੰਸਾਰ ਦ੍ਰਿਸ਼ਟੀਕੋਣ ਨਾਲ ਹੁੰਦਾ ਹੈ ਜਿਹੜਾ ਆਪਣੇ ਇਸ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਇਤਿਹਾਸਕ ਸੱਚ ਜਾਂ ਸੱਚਾਂ ਨੂੰ ਉਘਾੜ ਕੇ ਸਾਹਮਣੇ ਲਿਆਉਂਦਾ ਹੈ। ਇਤਿਹਾਸਕ ਪ੍ਰਕਿਰਿਆ ਕਿਉਂਕਿ ਸਮੇਂ ਤੇ ਸਥਾਨ ਦੀਆਂ ਸੀਮਾਵਾਂ ਵਿਚ ਬੱਝੀ ਪ੍ਰਕਿਰਿਆ ਹੈ ਅਤੇ ਇਸ ਦੀ ਵਿਆਖਿਆ ਵੀ ਵੱਖ ਵੱਖ ਦ੍ਰਿਸ਼ਟੀਕੋਣਾਂ ਅਨੁਸਾਰ ਵੱਖ ਵੱਖ ਹੋ ਸਕਣ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਇਤਿਹਾਸਕ ਸੱਚ ਹਮੇਸ਼ਾਂ ਸਪੇਖ ਸੱਚ ਹੁੰਦਾ ਹੈ। ਆਪਣੀ ਭੂਮਿਕਾ ਅਨੁਸਾਰ ਇਹ ਵਿਆਪਕ ਜਾਂ ਦੀਰਘਕਾਲੀ ਤਾਂ ਹੋ ਸਕਦਾ ਹੈ ਪਰ ਸਰਬ-ਵਿਆਪਕ ਜਾਂ ਸਰਬ-ਅਤੀਤ ਨਹੀਂ। ਇਸੇ ਤਰ੍ਹਾਂ ਇਤਿਹਾਸ ਨੂੰ ਸਮਝਣ ਤੇ ਉਸ ਦੀ ਵਿਆਖਿਆ ਕਰਨ ਵਾਲੇ ਹਰ ਦਾਰਸ਼ਨਿਕ ਚੌਖਟੇ ਦੀਆਂ ਵੀ ਆਪਣੀਆਂ ਸੀਮਾਵਾਂ ਹੁੰਦੀਆਂ ਹਨ।

ਇਤਿਹਾਸ ਦੀ ਵੱਖ ਵੱਖ ਪ੍ਰਕਾਰ ਦੀ ਵਿਆਖਿਆ ਦੀ ਸੰਭਾਵਨਾ ਕਾਰਨ ਹੀ ਇਹ ਪ੍ਰਸ਼ਨ ਸਿਧਾਂਤਕ ਤੇ ਵਿਚਾਰਧਾਰਕ ਮਹੱਤਤਾ ਗ੍ਰਹਿਣ ਕਰ ਗਿਆ ਹੈ, ਖਾਸ ਕਰਕੇ ਉਸ ਸਮੇਂ ਤੋਂ ਜਦੋਂ ਤੋਂ ਇਹ ਵਿਆਖਿਆ ਵਿਗਿਆਨਕ ਆਧਾਰ 'ਤੇ ਕੀਤੀ ਜਾਣ ਲੱਗੀ ਹੈ। ਇਤਿਹਾਸ ਦੀ ਅਜਿਹੀ ਵਿਆਖਿਆ ਦੀ ਵੱਖਰੀ ਪਰਿਪਾਟੀ ਮਾਰਕਸਵਾਦ ਨੇ ਚਲਾਈ। ਇਸ ਨੇ ਆਪਣੀ ਦਵੰਦਵਾਦੀ-ਭੌਤਿਕਵਾਦੀ ਵਿਧੀ ਦੁਆਰਾ ਸਮਾਜ ਦੀ ਗਤੀਸ਼ੀਲਤਾ (ਇਤਿਹਾਸ) ਦੇ ਵੱਖਰੇ ਆਧਾਰ ਨਿਸਚਿਤ ਕੀਤੇ ਅਤੇ ਇਹਨਾਂ ਆਧਾਰਾਂ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਠੋਸ ਤੇ ਲੌਕਿਕ ਤੱਤਾਂ ਤੇ ਤੱਥਾਂ ਦੀ ਵਰਤੋਂ ਕੀਤੀ। ਇਤਿਹਾਸ ਦੀ ਮਾਰਕਸਵਾਦੀ ਵਿਆਖਿਆ ਵਿਚ ਸਮਾਜ ਦੀ ਗਤੀਸ਼ੀਲਤਾ ਨੂੰ ਇਸ ਵਿਚਲੀਆਂ ਵੱਖ ਵੱਖ ਸ਼ਰੇਣੀਆਂ ਦੀਆਂ ਆਰਥਿਕ, ਰਾਜਸੀ ਤੇ ਸਭਿਆਚਾਰਕ ਸਥਿਤੀਆਂ ਅਤੇ ਉਹਨਾਂ ਦੇ ਹਿਤਾਂ ਦੇ ਆਪਸੀ ਟਕਰਾਉ ਦੇ ਕੁਲ ਜਮ੍ਹਾ ਜੋੜ ਵਜੋਂ ਦੇਖਦੇ ਹੋਏ ਕਿਸੇ ਵਿਸ਼ੇਸ਼

ਪੜਾਅ 'ਤੇ ਇਸ ਦੀ ਮੁੱਖ ਧਾਰਾ ਅਤੇ ਉਸ ਵਿਚ ਹੋਣ ਵਾਲੀਆਂ ਸੰਭਾਵਿਤ ਤਬਦੀਲੀਆਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਇਉਂ ਇਤਿਹਾਸ ਨੂੰ ਕੁਝ ਇਕ 'ਮਹਾਨ' ਵਿਅਕਤੀਆਂ ਦੀ ਮਨ-ਮਰਜ਼ੀ ਦੀਆਂ ਕਾਰਵਾਈਆਂ ਨਾ ਰਹਿ ਕੇ ਵੱਖ ਵੱਖ ਸ਼ਰੇਣੀ ਹਿਤਾਂ ਦੇ ਟਕਰਾਉ ਦੀ ਵਿਸ਼ਾਲ ਦਸਤਾਵੇਜ਼ ਵਜੋਂ ਵੇਖਿਆ ਜਾਂਦਾ ਹੈ ਅਤੇ ਮਹਾਨ ਵਿਅਕਤੀ ਨੂੰ ਵੀ ਇਸ ਟਕਰਾਉ ਵਿਚਲੀ ਕਿਸੇ ਇਕ ਧਿਰ ਦੇ ਮੋਹਰੀ ਵਜੋਂ ਸਮਝਿਆ ਤੇ ਅੰਕਿਆ ਜਾਂਦਾ ਹੈ।

ਇਸ ਸੰਖੇਪ ਚਰਚਾ ਦਾ ਮੰਤਵ ਕਿਸੇ ਕੌਮ ਜਾਂ ਕੌਮੀਅਤ ਦੇ ਇਤਿਹਾਸਕ ਵਿਰਸੇ ਦੇ 'ਗੌਰਵ' ਪ੍ਰਤੀ ਮਾਰਕਸਵਾਦੀ ਦ੍ਰਿਸ਼ਟੀਕੋਣ ਨੂੰ ਸਮਝਣ ਦਾ ਪ੍ਰਯਾਸ ਹੈ। ਸੰਸਾਰ ਵਿਚ ਪੂੰਜੀਵਾਦੀ ਆਰਥਿਕ ਰਾਜਸੀ ਪ੍ਰਣਾਲੀ ਦੇ ਉਦੈ ਤੋਂ ਪਹਿਲਾਂ ਸਾਰੀਆਂ ਮਨੁੱਖੀ ਸਰਗਰਮੀਆਂ ਦੀ ਕੇਂਦਰੀ ਸੋਚ-ਦ੍ਰਿਸ਼ਟੀ ਤੇ ਸੇਧ ਕਈ ਨਾ ਕੋਈ ਵਿਸ਼ਸ਼ ਧਰਮ ਰਿਹਾ ਹੈ ਜਿਹੜਾ ਉਨ੍ਹਾਂ ਨੂੰ ਆਪਣੇ ਸੰਸਥਾਵੀ ਰੂਪ ਵਿਚ ਨਿਰਦੇਸ਼ਿਤ ਕਰਦਾ ਰਿਹਾ ਹੈ। ਹਰ ਧਰਮ ਵਿਚ ਕਿਸੇ ਨਾ ਕਿਸੇ ਮਿਥਿਤ ਅਲੌਕਿਕ ਸ਼ਕਤੀ ਅਤੇ ਕੁਝ ਕਰੜੇ ਸਦਾਚਾਰਕ ਨਿਯਮਾਂ ਤੇ ਕਦਰਾਂ ਕੀਮਤਾਂ ਨੂੰ ਪ੍ਰਭੁਤਾ ਪ੍ਰਾਪਤ ਹੁੰਦੀ ਹੈ ਜਿਸ ਦੀ ਕਿੰਤੂ-ਰਹਿਤ ਪਾਲਣਾ ਕਰਨਾ ਉਸ ਦੇ ਹਰ ਅਨੁਆਈ ਦਾ ਮੁਖ ਫਰਜ਼ ਹੁੰਦਾ ਹੈ। ਪੂੰਜੀਵਾਦੀ ਪ੍ਰਣਾਲੀ ਨੇ ਪਹਿਲੀ ਵਾਰ ਧਰਮ ਦੀ ਇਸ ਪ੍ਰਭੁਤਾ ਨੂੰ ਚੁਣੌਤੀ ਦਿੱਤੀ ਤੇ ਢਾਹ ਲਾਈ ਅਤੇ ਮਨੁੱਖੀ ਸਰਗਰਮੀਆਂ ਦਾ ਕੇਂਦਰ ਬਿੰਦੂ, ਆਪਣੀਆਂ ਸਾਰੀਆਂ ਮਾਨਵੀ ਲੋੜਾਂ ਤੇ ਅਕਾਂਖਿਆਵਾਂ ਸਮੇਤ, ਮਨੁੱਖ ਆਪ ਬਣਿਆ। ਅਲੌਕਿਕ ਸ਼ਕਤੀ ਦੀ ਥਾਂ ਲੌਕਿਕ ਸੰਸਾਰ ਨੇ ਲੈ ਲਈ ਅਤੇ ਸਮਾਜੀ ਵਿਕਾਸ ਵਿਚ ਇਕ ਨਵੇਂ ਦੌਰ ਦਾ ਆਰੰਭ ਹੋਇਆ। ਅਜੋਕੇ ਯੁਗ ਵਿਚ ਭਾਵੇਂ ਧਰਮ ਦੀ ਚੜ੍ਹਤ ਪਹਿਲਾਂ ਵਾਲੀ ਨਹੀਂ ਰਹੀ ਤਾਂ ਵੀ ਸਦੀਆਂ ਦੀ ਪਕੜ ਸਦਕਾ ਇਸ ਨੇ ਮਨੁੱਖ ਦੇ ਅਚੇਤ ਵਿਚ ਏਨੀ ਕੁ ਥਾਂ ਬਣਾ ਲਈ ਹੈ ਕਿ ਧਾਰਮਿਕ ਦ੍ਰਿਸ਼ਟੀ ਤੇ ਕਦਰਾਂ ਕੀਮਤਾਂ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਸਾਡੀ ਸੋਚਣੀ ਨੂੰ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਸਮਾਜ ਵਿਚ ਜਿਥੇ ਅਗਾਂਹ ਵਿਕਾਸ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹੁੰਦੀਆਂ ਹਨ, ਉਥੇ ਮਾਨਸਿਕ ਸਿਥਲਤਾ (Inertia) ਕਾਰਨ ਬਹੁਤ ਸਾਰੇ ਮਨੁੱਖ ਪਿੱਛੇ ਵਲ ਝਾਕਣ ਦੇ ਆਹਰ ਵਿਚ ਵੀ ਰੁੱਝੇ ਰਹਿੰਦੇ ਹਨ ਕਿਉਂਕਿ ਅਜਿਹੀ ਬਿਰਤੀ ਉਨ੍ਹਾਂ ਨੂੰ ਸਥਾਪਿਤ ਵਾਤਾਵਰਨ ਵਿਚ ਵਿਅਕਤੀਗਤ ਸੁਰਖਿਆ ਪ੍ਰਦਾਨ ਕਰਦੀ ਹੈ ਜਿਹੜੀ ਨਵੇਂ ਦਿਸਹੱਦਿਆਂ ਦੀ ਖੋਜ ਵਿਚ ਲੱਗੇ ਵਿਅਕਤੀਆਂ ਲਈ ਅਨਿਸਚਿਤ ਹੁੰਦੀ ਹੈ।

ਮਨੁੱਖ ਦੇ ਅਚੇਤ ਵਿਚ ਰਮ ਰਹੀ ਧਾਰਮਿਕ ਦ੍ਰਿਸ਼ਟੀ ਅਤੇ ਕਿਸੇ ਹੱਦ ਤਕ ਅੱਜ ਵੀ ਸੰਸਥਾਵੀ ਰੂਪ ਵਿਚ ਬੱਝਾ ਧਰਮ ਇਕ 'ਸਭਿਆਚਾਰਕ' ਵਿਸਤਾਰ ਗ੍ਰਹਿਣ ਕਰੀ ਬੈਠਾ ਹੈ। ਇਹ ਸਭਿਆਚਾਰਕ ਵਿਸਥਾਰ ਅੱਜ ਵੀ ਕਿਸੇ ਕੌਮ ਜਾਂ ਕੌਮੀਅਤ ਦੀ ਵੱਖਰੀ ਜੁੱਟ-ਪਛਾਣ ਦਾ ਪਰਿਪੇਖ ਬਣਦਾ ਹੈ,ਭਾਵੇਂ ਮਨੁੱਖੀ ਸਮਾਜ ਦੇ ਇਹਨਾਂ ਦੋਹਾਂ ਪ੍ਰਾਵਰਗਾਂ ਦੇ ਮੂਲ ਆਧਾਰ ਧਾਰਮਿਕ ਪਰਿਪੇਖ ਤੋਂ ਬਿਲਕੁਲ ਬਾਹਰ ਤੇ ਵੱਖਰੀ ਭਾਂਤ ਦੇ ਹੋ ਚੁੱਕੇ ਹਨ।

ਹਰ ਧਰਮ ਆਪਣੇ ਮੁਢਲੇ ਰੂਪ ਤੇ ਕਾਲ ਵਿਚ ਕ੍ਰਾਂਤੀਕਾਰੀ ਰਿਹਾ ਹੈ ਕਿਉਂਕਿ ਉਸ ਨੇ ਸਥਾਪਿਤ ਕਦਰਾਂ ਕੀਮਤਾਂ ਨੂੰ ਚੁਣੌਤੀ ਦੇ ਕੇ, ਉਸ ਵਿਰੁਧ ਲੰਮਾ ਸੰਘਰਸ਼ ਕਰਕੇ ਤੇ ਕੁਰਬਾਨੀਆਂ ਦੇ ਕੇ ਨਵੀਆਂ ਕਦਰਾਂ ਕੀਮਤਾਂ ਸਥਾਪਿਤ ਕਰਨ ਦਾ ਇਤਿਹਾਸਿਕ ਰੋਲ ਨਿਭਾਇਆ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਹਰੇਕ ਧਰਮ ਦਾ ਇਤਿਹਾਸਕ ਵਿਰਸਾ ਕ੍ਰਾਂਤੀਕਾਰੀ ਤੇ ਗੌਰਵਸ਼ੀਲ ਹੀ ਹੁੰਦਾ ਹੈ। ਪਰ ਆਪਣੇ ਸੰਸਥਾਵੀ ਰੂਪ ਵਿਚ ਬੱਝ ਕੇ ਇਹ ਪਹਿਲੇ ਸਥਾਪਿਤ ਧਰਮਾਂ ਅਤੇ ਉਹਨਾਂ ਦੇ ਪੂਜਕ

ਕੁਲੀਨ ਵਰਗਾਂ ਦੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਰਹਿ ਸਕਦਾ। ਸੱਚ ਤਾਂ ਇਹ ਹੈ ਕਿ ਜਿਹਨਾਂ ਕੁਲੀਨ ਵਰਗਾਂ ਦੀ ਪ੍ਰਭੂਸੱਤਾ ਵਿਰੁੱਧ ਅਤੇ ਉਹਨਾਂ ਦੇ 'ਜ਼ੁਲਮ' ਦਾ ਸ਼ਿਕਾਰ ਹੋਈ ਲੁਕਾਈ ਦੇ ਹੱਕ ਵਿਚ ਕੋਈ ਨਵਾਂ ਧਰਮ ਸੰਘਰਸ਼ ਕਰਦਾ ਹੈ, ਆਪਣੇ ਸੰਸਥਾਵੀ ਰੂਪ ਵਿਚ ਆਉਣ ਪਿਛੋਂ ਉਹ ਉਹਨਾਂ ਕੁਲੀਨ ਵਰਗਾਂ ਦੇ ਦਾਖਲੇ ਦੀ ਜਾਂ ਆਪਣੇ ਅਨੁਆਈਆਂ ਵਿਚ ਨਵੇਂ ਕੁਲੀਨ ਵਰਗ ਦੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਤੋਂ ਮੁਕਤ ਨਹੀਂ ਹੁੰਦਾ! ਕੁਲੀਨ ਵਰਗਾਂ ਕੋਲ ਕਿਉਂਕਿ ਸਾਧਨਾਂ ਦੀ ਘਾਟ ਨਹੀਂ ਹੁੰਦੀ, ਇਸ ਲਈ ਉਹ ਹੌਲੀ ਹੌਲੀ ਇਹਨਾਂ ਸਾਧਨਾਂ ਦੇ ਸਹਾਰੇ ਉਸ ਧਾਰਮਿਕ ਲਹਿਰ ਦੇ ਕ੍ਰਾਂਤੀਕਾਰੀ ਇਤਿਹਾਸਕ ਵਿਰਸੇ ਅਤੇ ਇਸ ਨਾਲ ਜੁੜੀਆਂ ਸੰਸਥਾਵਾਂ 'ਤੇ ਕਾਬਜ਼ ਹੋ ਕੇ ਇਹਨਾਂ ਨੂੰ ਆਪਣੇ 'ਸਭਿਆਚਾਰਕ' ਹਿਤਾਂ ਦੀ ਪੂਰਤੀ ਲਈ ਅਤੇ ਸਾਧਾਰਨ ਲੋਕਾਂ ਵਿਚ ਆਪਣੀ ਮਾਣ ਮਰਿਆਦਾ ; ਚੌਧਰ ਤੇ ਸਤਿਕਾਰ ਨੂੰ ਕਾਇਮ ਰਖਣ ਲਈ ਵਰਤਣ ਲਗਦੇ ਹਨ। ਉਹ ਆਪਣੇ ਧਰਮ ਦੇ 'ਕ੍ਰਾਂਤੀਕਾਰੀ' ਜਾਂ ਕਲਿਆਣਕਾਰੀ ਵਿਰਸੇ 'ਤੇ ਜ਼ਬਾਨੀ ਕਲਾਮੀ ਮਾਣ ਜਤਾਉਂਦੇ ਹੋਏ ਇਸਨੂੰ ਵਿਹਾਰਕ ਪੂਜਾ ਪਾਠ (Rituals) ਤਕ ਸੀਮਿਤ ਕਰ ਦਿੰਦੇ ਹਨ। ਉਹ ਇਸ ਦੁਆਲੇ ਏਨੇ ਅਡੰਬਰ ਦਾ ਖਿਲਾਰਾ ਪਾ ਦਿੰਦੇ ਹਨ ਕਿ ਉਹ ਸਾਧਾਰਣ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ ਅਤੇ ਇਹ ਅਡੰਬਰ ਕੁਲੀਨ ਵਰਗ ਦੀ ਚੌਧਰ ਤੇ ਦਬਦਬੇ ਦਾ ਪ੍ਰਤੀਕ ਹੋ ਨਿਬੜਦਾ ਹੈ। ਸਾਧਨਹੀਣ ਤੇ ਦਬੇ ਕੁਚਲੇ ਲੋਕਾਂ ਲਈ ਉਸ ਵਿਚ ਥਾਂ ਬਹੁਤ ਘੱਟ ਰਹਿ ਜਾਂਦੀ ਹੈ ਅਤੇ ਉਹ ਇਸ ਦੇ ਸੰਸਥਾਵੀ ਤੇ ਅਡੰਬਰੀ ਰੂਪ ਦਾ ਪਾਣੀ ਭਰਨ ਦੀ ਕਾਰਜ-ਸਥਿਤੀ ਵੱਲ ਧੱਕੇ ਜਾਂਦੇ ਹਨ। ਅਜਿਹੀ ਸ਼ਕਲ ਅਖਤਿਆਰ ਕਰ ਚੁਕੇ ਧਰਮ ਜਾਂ ਧਾਰਮਿਕ ਸਭਿਆਚਾਰ ਨੂੰ ਮੁੜ ਸਾਧਾਰਨ ਲੋਕਾਂ ਦੇ ਹਿਤਾਂ ਜਾਂ ਤਿੱਖੀਆਂ ਕ੍ਰਾਂਤੀਕਾਰੀ ਤਬਦੀਲੀਆਂ ਲਈ ਵਰਤਣਾ ਅਸੰਭਵ ਹੋ ਜਾਂਦਾ ਹੈ। ਇਸ ਤੋਂ ਧਰਮ ਦੀ 'ਅਸਲੀ ਤੇ ਸਹੀ' ਰੂਪ-ਰੇਖਾ ਬਾਰੇ ਵਿਵਾਦ ਆਰੰਭ ਹੁੰਦਾ ਹੈ ਅਤੇ ਇਸ ਦੇ ਅਨੁਆਈਆਂ ਵਿਚ ਦੋ ਜਾਂ ਵਧ ਧਾਰਾਵਾਂ ਹੋਂਦ ਵਿਚ ਆਉਣ ਲਗਦੀਆਂ ਹਨ। ਨਿਰਾ ਧਰਮ ਹੀ ਨਹੀਂ, ਬਾਕੀ ਦਾਰਸ਼ਨਿਕ ਤੇ ਸਭਿਆਚਾਰਕ ਪ੍ਰਣਾਲੀਆਂ ਵੀ ਅਜਿਹੀ ਪ੍ਰਕਿਰਿਆ ਤੋਂ ਬਚ ਨਹੀਂ ਸਕਦੀਆਂ। ਕੁਝ ਤਕਾਜ਼ਾ ਬਦਲੀਆਂ ਹੋਈਆਂ ਸਮਾਜਕ ਪਰਿਸਥਿਤੀਆਂ ਦਾ ਵੀ ਹੁੰਦਾ ਹੈ।

ਪਰ ਦੇਖਣ ਵਿਚ ਆਇਆ ਹੈ ਕਿ ਸਮੇਂ ਸਮੇਂ ਕਿਸੇ ਵਿਸ਼ੇਸ਼ ਧਰਮ ਦੇ ਅਨੁਆਈਆਂ ਵਿਚ ਆਪਣੇ ਅਕੀਦੇ ਪ੍ਰਤੀ ਆਸਥਾ ਵਧ ਜਾਂਦੀ ਹੈ, ਉਹ ਇਸ ਦੀ ਬਾਕੀ ਧਰਮਾਂ ਨਾਲੋਂ ਉੱਚਤਾ ਵਿਚ ਵਿਸ਼ਵਾਸ ਕਰਦੇ ਹੋਏ ਇਸ ਨੂੰ ਕੁਝ ਅਰਸੇ ਲਈ ਆਪਣੇ ਸਮਾਜਕ ਸੰਘਰਸ਼ ਦਾ ਮਾਧਿਅਮ ਵੀ ਬਣਾ ਲੈਂਦੇ ਹਨ। ਅਜਿਹੀ ਸਥਿਤੀ ਜਾਂ ਪ੍ਰਵਿਰਤੀ ਨੂੰ ਪੁਨਰ ਉਥਾਨ (Revivalism) ਦਾ ਨਾਂ ਦਿੱਤਾ ਜਾਂਦਾ ਹੈ। ਪੁਨਰਉਥਾਨ ਦੀ ਪ੍ਰਵਿਰਤੀ ਵਿਸ਼ੇਸ਼ ਇਤਿਹਾਸਕ ਹਾਲਤਾਂ ਦੀ ਉਪਜ ਹੁੰਦੀ ਹੈ। ਇਹ ਉਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਧਰਮ ਅੰਦਰਲੇ ਜਾਂ ਬਾਹਰਲੇ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ। ਸੰਸਥਾਵੀ ਰੂਪ ਧਾਰਨ ਕਰਨ ਤੇ ਕੁਲੀਨ ਵਰਗਾਂ ਦੇ ਕਬਜ਼ੇ ਵਿਚ ਆਉਣ ਪਿਛੋਂ ਕਿਸੇ ਧਰਮ ਵਿਚ ਗਿਰਾਵਟ ਜਾਂ ਅਧੋਗਤੀ ਆਉਣੀ ਸੁਭਾਵਕ ਹੀ ਹੋ ਜਾਂਦੀ ਹੈ। ਇਸ ਅਧੋ-ਗਤੀ ਨੂੰ ਰੋਕਣ ਲਈ ਅਤੇ ਧਰਮ ਦੀ 'ਪਵਿੱਤਰਤਾ' ਨੂੰ ਮੁੜ ਸਥਾਪਿਤ ਕਰਨ ਲਈ ਇਸ ਦੇ ਅਨੁਆਈਆਂ ਵਿਚੋਂ ਵਧੇਰੇ 'ਸੁਹਿਰਦ' ਤੇ ਚਿੰਤਨਸ਼ੀਲ ਜਾਂ ਸੁਧਾਰਕ ਵਿਅਕਤੀ ਇਸ ਗਿਰਾਵਟ ਦਾ ਖੰਡਨ ਕਰਦੇ ਹੋਏ ਆਪਣੇ ਧਰਮ ਵਿਚ ਘਟਦੇ ਜਾਂਦੇ ਲੋਕਾਂ ਦੇ ਵਿਸ਼ਵਾਸ ਨੂੰ ਮੁੜ ਬੰਨ੍ਹਾਉਣ ਲਈ ਯਤਨਸ਼ੀਲ ਹੁੰਦੇ ਹਨ। ਇਸੇ ਤਰ੍ਹਾਂ ਜਦੋਂ ਕਿਸੇ ਧਰਮ ਨੂੰ ਕਿਸੇ ਹੋਰ ਵਡੇਰੇ ਧਰਮ ਦੇ ਟਾਕਰੇ

ਵਿਚ ਆਪਣੀ ਹੋਂਦ ਖੁਰਦੀ ਲਗਦੀ ਹੈ ਤਾਂ ਉਸਦੇ ਜ਼ਿਆਦਾ ਸਮਰੱਥ ਅਨੁਆਈ ਇਸਦੀ ਸੁਰ-ਖਿਆ ਹਿਤ ਇਸਦੇ ਇਤਿਹਾਸਕ ਗੌਰਵ, ਪ੍ਰਾਪਤੀਆਂ ਤੇ ਉੱਚਤਾ ਦਾ ਢੰਡੋਰਾ ਤੇ ਹੋਕਾ ਦੇ ਕੇ ਬਾਹਰੋਂ ਪੈਦਾ ਹੋਏ ਸੰਕਟ ਦਾ ਮੁਕਾਬਲਾ ਕਰਨ ਲਈ ਡੱਟ ਜਾਂਦੇ ਹਨ। ਇਹ 'ਸੰਘਰਸ਼ਸ਼ੀਲ' ਅਵਸਥਾ ਆਮ ਲੋਕਾਂ ਨੂੰ ਉਸ ਧਰਮ ਨਾਲ ਵਧੇਰੇ ਜੁੜਨ ਲਈ ਖਿੱਚ ਪੈਦਾ ਕਰਦੀ ਹੈ ਅਤੇ ਕੁਝ ਸਮੇਂ ਲਈ ਅੰਦਰਲਾ ਜਾਂ ਬਾਹਰਲਾ ਸੰਕਟ ਟਲ ਗਏ ਮਹਿਸੂਸ ਵੀ ਹੁੰਦੇ ਹਨ। ਪਰ ਇਸ ਸਾਰੀ ਪ੍ਰਕਿਰਿਆ ਦਾ ਮੁੱਖ ਲਾਭ ਉਸ ਧਰਮ 'ਤੇ ਕਾਬਜ਼ ਕੁਲੀਨ ਵਰਗ ਨੂੰ ਹੀ ਹੁੰਦਾ ਹੈ, ਸਾਧਾਰਨ ਲੋਕ ਕੇਵਲ ਇਸ 'ਸੰਘਰਸ਼' ਦੀ ਸਮੱਗਰੀ ਹੀ ਬਣਦੇ ਹਨ। ਅਜਿਹੇ ਪੁਨਰਉਥਾਨ ਦੀਆਂ ਉਦਾਹਰਣਾਂ ਸਭ ਧਰਮਾਂ ਦੇ ਇਤਿਹਾਸ ਵਿਚ ਦੇਖੀਆਂ ਜਾ ਸਕਦੀਆਂ ਹਨ। ਆਧੁਨਿਕ ਕਾਲ ਵਿਚ ਹਿੰਦੂ ਧਰਮ ਵਿਚ ਪੁਨਰ-ਉਥਾਨ ਦੀ ਲਹਿਰ ਈਸਾਈ ਧਰਮ ਅਤੇ ਪੱਛਮੀ ਸਭਿਆਚਾਰ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਚਲਾਈ ਗਈ। ਇਸਲਾਮ ਤੇ ਸਿੱਖੀ ਵਿਚ ਵੀ ਇਹ ਲਹਿਰਾਂ ਲਗਪਗ ਉਸੇ ਸਮੇਂ ਹੀ ਆਰੰਭ ਹੋ ਗਈਆਂ, ਪਰ ਇਨ੍ਹਾਂ ਨੂੰ ਦੂਹਰੀ ਲੜਾਈ ਲੜਨੀ ਪਈ। ਇਕ ਪਾਸੇ ਈਸਾਈ ਮੱਤ ਤੇ ਪੱਛਮੀ ਸਭਿ-ਆਚਾਰ ਵਿਰੁਧ ਅਤੇ ਦੂਜੇ ਪਾਸੇ ਭਾਰਤ ਦੇ ਬਹੁ-ਗਿਣਤੀ ਦੇ ਹਿੰਦੂ ਮਤ ਵਿਰੁਧ ਆਪਣੀ ਵੱਖਰੀ ਜੁੱਟ-ਪਛਾਣ ਕਾਇਮ ਰੱਖਣ ਹਿਤ। ਪੁਨਰਉਥਾਨ ਦੀ ਲਹਿਰ ਦਾ ਮੰਤਵ ਕਿਉਂਕਿ ਕਿਸੇ ਵੱਖਰੇ ਤੇ ਵਡੇਰੇ ਮਤ ਦੀਆਂ ਸ਼ਾਵਨਵਾਦੀ ਕਾਰਵਾਈਆਂ ਦਾ ਵਿਰੋਧ ਕਰਨਾ ਅਤੇ ਕਿਸੇ ਹੱਦ ਤਕ ਅੰਦਰਲੀ ਅਧੋਗਤੀ ਵਿਰੁਧ ਸੰਘਰਸ਼ ਕਰਨਾ ਹੁੰਦਾ ਹੈ, ਇਸ ਲਈ ਆਪਣੀ ਇਸ ਅਵਸਥਾ ਵਿਚ ਇਹ ਕੁਝ ਹੱਦ ਤਕ ਜਮਹੂਰੀ ਰੰਗਣ ਵੀ ਅਖਤਿਆਰ ਕਰ ਲੈਂਦੀ ਹੈ ਅਤੇ ਇਸ ਅਧੀਨ ਸਮਾਜ ਸੁਧਾਰ ਦੇ ਕੁਝ ਕਾਰਜ ਵਿੱਢੇ ਤੇ ਸੰਪੰਨ ਕੀਤੇ ਜਾਂਦੇ ਹਨ। ਇਉਂ ਪੁਨਰਉਥਾਨ ਦੀ ਲਹਿਰ ਸਦਕਾ ਅਧੋਗਤੀ ਦਾ ਸ਼ਿਕਾਰ ਹੋਇਆ ਧਰਮ ਤੇ ਉਸ ਨਾਲ ਜੁੜਿਆ ਸਭਿਆਚਾਰ ਕਿਸੇ ਹੱਦ ਤਕ ਲੋਕਾਂ ਵਿਚ ਆਪਣਾ ਵਿਸ਼ਵਾਸ ਤੇ ਸਤਿਕਾਰ ਮੁੜ ਸਥਾਪਿਤ ਕਰਨ ਵਿਚ ਸਫਲ ਹੋ ਜਾਂਦਾ ਹੈ।

ਪਰ ਫਿਰ ਵੀ ਨਿਰੇ ਇਤਿਹਾਸਕ ਗੌਰਵ ਦੀ ਭਾਵਨਾ ਜਾਂ ਵੱਖਰੀ ਜੁੱਟ-ਪਛਾਣ ਕਿਸੇ ਵਿਸ਼ੇਸ਼ ਧਰਮ ਨਾਲ ਜੁੜੇ ਸਭਿਆਚਾਰ ਨੂੰ ਨਵੀਆਂ ਪਦਾਰਥਕ ਤਬਦੀਲੀਆਂ ਤੋਂ ਨਿਰਲੇਪ ਹੋ ਕੇ ਵਿਚਰਨ ਦੇ ਸਮਰੱਥ ਨਹੀਂ ਬਣਾ ਸਕਦੀਆਂ। ਪੂੰਜੀਵਾਦੀ ਪ੍ਰਣਾਲੀ ਅਤੇ ਤਕਨੀਕੀ ਵਿਕਾਸ ਦੀ ਏਕਾਕਾਰੀ ਪ੍ਰਕਿਰਿਆ ਇਨ੍ਹਾਂ ਸੰਪਰਦਾਇਕ ਹੱਦਬੰਦੀਆਂ ਨੂੰ ਖੋਰ ਕੇ ਨਵੇਂ ਸੰਯੁਕਤ ਸਭਿਆਚਾਰ ਦੀ ਉਸਾਰੀ ਵਿਚ ਲਗਾਤਾਰ ਜੁਟੀ ਹੋਈ ਹੈ।। (ਇਥੇ ਚਰਚਾ ਸਿਰਫ ਪੂੰਜੀਵਾਦੀ ਅਰਥ ਵਿਵਸਥਾ ਵਾਲੇ ਸਮਾਜਾਂ ਤਕ ਸੀਮਿਤ ਰਖੀ ਗਈ ਹੈ ਕਿਉਂਕਿ ਸਾਡਾ ਸਮਾਜ ਇਸੇ ਦਾ ਹੀ ਅੰਗ ਹੈ।) ਪੂੰਜੀਵਾਦੀ ਪ੍ਰਣਾਲੀ ਨੇ ਕਾਫੀ ਹੱਦ ਤਕ ਸੰਪਰਦਾਇਕ ਸੀਮਾਵਾਂ ਨੂੰ ਤੋੜਿਆ ਹੈ,ਪਰ ਕਿਉਂਕਿ ਇਸਨੇ ਸ਼ੋਸ਼ਣ ਨੂੰ ਘਟਾਇਆ ਹੀ ਨਹੀਂ ਸਗੋਂ ਪਹਿਲਾਂ ਨਾਲੋਂ ਵੀ ਵਡੇਰੇ ਪੈਮਾਨੇ 'ਤੇ ਕਰ ਦਿੱਤਾ ਹੈ, ਇਸ ਲਈ ਕੁਲੀਨ ਵਰਗ ਇਸ ਗੱਲ ਦੇ ਵਧੇਰੇ ਸਮਰੱਥ ਹੋ ਗਏ ਹਨ ਕਿ ਉਹ ਪੂੰਜੀਵਾਦੀ ਪ੍ਰਣਾਲੀ ਨੂੰ ਅਪਣਾਉਣ ਦੇ ਨਾਲ ਨਾਲ ਪਹਿਲੇ ਧਰਮ-ਆਧਾਰਿਤ ਸਭਿਆਚਾਰ ਨੂੰ ਵੀ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ ਰਹਿਣ। ਮਿਸਾਲ ਵਜੋਂ ਇਕ ਸ਼ਹਿਰੀ ਜਾਂ ਪੇਂਡੂ ਧਨਵਾਨ ਸਿੱਖ,ਮਾਇਆ ਦੀ ਬੁਰਿਆਈ ਵਿਰੁਧ ਬਾਣੀ ਤੇ ਸਿੱਖ ਇਤਿਹਾਸ ਚੋਂ ਮਿਸਾਲਾਂ ਵੀ ਦਿੰਦਾ ਰਹੇਗਾ ਪਰ ਨਾਲ ਹੀ ਸ਼ੋਸ਼ਣ ਦੁਆਰਾ ਜਾਇਦਾਦ ਤੇ ਧਨ ਜਮ੍ਹਾਂ ਕਰਦਾ ਜਾਏਗਾ ਅਤੇ ਆਪਣੀ 'ਪਵਿੱਤਰ ਕਮਾਈ' ਵਿਚੋਂ, ਯਥਾਸ਼ਕਤ, ਹਿੱਸਾ ਧਾਰਮਿਕ ਸੰਸਥਾਵਾਂ ਦੇ ਲੇਖੇ ਲਾ ਕੇ ਆਪਣੀ 'ਸਭਿਆਚਾਰਕ ਪ੍ਰਭਤਾ' ਤੇ ਮਾਣ ਮਰਿਆਦਾ ਵੀ ਬਣਾਈ ਰਖੇਗਾ। ਉਹ

ਸਮਾਜ ਦੇ ਬਹੁਤੇ ਮਸਲੇ ਇਸੇ ਸਭਿਆਚਾਰਕ ਚੌਖਟੇ ਦੇ ਵਿਚ ਹੀ ਹੱਲ ਕਰਨ ਦੀ ਅਨਿਵਾਰਤਾ 'ਤੇ ਜ਼ੋਰ ਦੇਵੇਗਾ, ਕਿਉਂਕਿ ਉਹ ਇਸ ਵਿਚ ਵਧੇਰੇ ਸੁਰਖਿਅਤ ਮਹਿਸੂਸ ਕਰਦਾ ਹੈ, ਅਤੇ ਹੁੰਦਾ ਵੀ ਹੈ। ਅਜਿਹਾ ਧਰਮ-ਆਧਾਰਿਤ ਸਭਿਆਚਾਰਕ ਚੌਖਟਾ, ਭਾਵੇਂ ਉਸਦਾ ਇਤਿਹਾਸਕ ਵਿਰਸਾ ਕਿੰਨਾ ਵੀ ਗੌਰਵਸ਼ਾਲੀ ਜਾਂ ਕ੍ਰਾਂਤੀਕਾਰੀ ਕਿਉਂ ਨਾ ਰਿਹਾ ਹੋਵੇ, ਸਾਧਾਰਨ ਲੋਕਾਂ ਦੇ ਸ਼ੋਸ਼ਨ ਅਤੇ ਹੋਰ ਸਮਾਜਕ ਵਿਤਕਰਿਆਂ ਨੂੰ ਖਤਮ ਕਰਨ ਦੇ ਸਮਰੱਥ ਨਹੀਂ ਹੋ ਸਕਦਾ ਕਿਉਂਕਿ ਇਹ ਆਪਣੀਆਂ ਸੰਪਰਦਾਇਕ ਸੀਮਾਵਾਂ ਕਾਰਨ ਸਾਧਾਰਨ ਲੋਕਾਂ ਨੂੰ ਆਪੋ ਵਿਚ ਵੰਡੀ ਰਖਣ ਦਾ ਸਾਧਨ ਬਣਿਆ ਰਹੇਗਾ। ਇਸੇ ਲਈ ਪ੍ਰੋ. ਕਿਸ਼ਨ ਸਿੰਘ ਦਾ ਸਿੱਖੀ ਦੇ ਚੌਖਟੇ ਵਿਚ ਜਾਤ ਪਾਤ ਦੇ ਮਸਲੇ ਨੂੰ ਹਲ ਕਰਨ ਦਾ 'ਸਿਧਾਂਤਕ' ਯਤਨ ਤਰਕਹੀਣ ਤੇ ਨਿਰਾਰਥਕ ਹੀ ਨਹੀਂ, ਸਗੋਂ ਹਾਸੋਹੀਣਾ ਵੀ ਹੈ। ਉਹ ਆਪਣੇ ਇਉਂ ਕਰਨ ਨੂੰ ਭਾਵੇਂ ਸੌ ਵਾਰ "ਪ੍ਰੋਲਤਾਰੀ ਦਾ ਪੈਂਤੜਾ" ਕਹਿਣ ਦੀ ਤਸੱਲੀ ਕਰ ਲੈਣ, ਉਨ੍ਹਾਂ ਦਾ ਇਹ ਯਤਨ ਸਿੱਖ ਬੁਰਜੂਆਜ਼ੀ ਦੇ ਹਿੱਤ ਵਿਚ ਹੀ ਜਾਏਗਾ, ਪ੍ਰੋਲਤਾਰੀ ਦੇ ਨਹੀਂ। ਨਾਲੇ ਇਉਂ ਕਰਨ ਦਾ ਭਾਵ ਇਹ ਸਿੱਧ ਕਰਨਾ ਹੋ ਜਾਂਦਾ ਹੈ ਜਿਵੇਂ ਪੰਜਾਬ ਵਿਚ ਮੁੱਖ ਵਿਰੋਧ ਸਿੱਖ ਬੁਰਜੁਆਜ਼ੀ ਤੇ 'ਸਿੱਖ ਪ੍ਰੋਲਤਰੀ' ਜਮਾਤਾਂ ਵਿਚ ਹੀ ਹੋਵੇ, ਹਾਲਾਂ ਕਿ ਪੰਜਾਬ ਵਿਚ 40 ਪ੍ਰਤੀਸ਼ਤ ਹਿੰਦੂ ਮਤ ਦੇ ਅਨੁਆਈ ਵੀ ਵੱਸਦੇ ਹਨ।

ਸਿੱਖੀ ਦੇ 'ਸਭਿਆਚਾਰਕ' ਚੌਖਟੇ ਵਿਚ ਇਨਕਲਾਬ ਦੇ ਮਾਮਲਿਆਂ ਦੇ ਹੱਲ ਤੋਂ ਇਕ ਤਾਰਕਿਕ ਸਿੱਟਾ 'ਸਿੱਖ ਸਮਾਜਵਾਦ' ਦੀ ਸਥਾਪਤੀ ਦਾ ਨਿਕਲਦਾ ਹੈ ਜਿਹੜਾ ਹਿੰਦੂ ਰਾਮ ਰਾਜ ਅਤੇ ਈਸਾਈ ਸਮਾਜਵਾਦ ਦੀਆਂ ਸ਼ਕਲਾਂ ਵਿਚ ਇਨ੍ਹਾਂ ਮੱਤਾਂ ਦੇ ਅਨੁਆਈਆਂ ਨੇ ਵੀ ਪੇਸ਼ ਕੀਤਾ ਹੈ। ਇਥੋਂ ਤਕ ਕਿ ਮੁਸਲਿਮ ਦੇਸ਼ਾਂ ਵਿਚ ਇਸਲਾਮੀ ਸਮਾਜਵਾਦ ਦਾ ਨਾਅਰਾ ਵੀ ਲੱਗ ਚੁੱਕਾ ਹੈ। ਹੁਣ ਚੋਣ ਕਿਸ਼ਨ ਸਿੰਘ ਦੀ ਹੈ ਕਿ ਉਨ੍ਹਾਂ ਨੂੰ ਪ੍ਰੋਲਤਾਰੀ ਇਨਕਲਾਬ ਦੁਆਰਾ ਸਥਾਪਿਤ ਹੋਇਆ ਸਮਾਜਵਾਦ ਪਸੰਦ ਹੈ ਜਾਂ ਕਿਸੇ ਵਿਸ਼ੇਸ਼ ਧਾਰਮਿਕ ਸਭਿਆਚਾਰ 'ਤੇ ਆਧਾਰਿਤ ਸਮਾਜਵਾਦ, ਜਿਹੜਾ ਕਿ ਉਨ੍ਹਾਂ ਦੀ ਆਪਣੀ ਅਕਾਂਖਿਆ ਤੇ ਚੇਸ਼ਟਾ ਅਨੁਸਾਰ 'ਸਿੱਖ ਸਮਾਜਵਾਦ' ਹੀ ਹੋ ਸਕਦਾ ਹੈ।

ਇਥੇ ਸਾਡਾ ਮੰਤਵ ਕਿਸ਼ਨ ਸਿੰਘ ਦੀ ਸੁਹਿਰਦਤਾ ਜਾਂ ਵਿਦਵਤਾ 'ਤੇ ਕਿੰਤੂ ਕਰਨਾ ਨਹੀਂ ਸਗੋਂ ਉਨ੍ਹਾਂ ਦੇ ਉਸ "ਪੈਂਤੜੇ" ਦੇ ਬੁਨਿਆਦੀ ਵਿਚਾਰਧਾਰਕ ਨੁਕਸ 'ਤੇ ਉਂਗਲ ਰਖਣਾ ਹੈ ਜਿਸ ਨੂੰ ਉਹ "ਪ੍ਰੋਲਤਾਰੀ ਦਾ ਪੈਂਤੜਾ" ਆਖੀ ਜਾਣ ਦੀ ਜ਼ਿੱਦ 'ਤੇ ਅਟੱਲ ਹਨ। ਪ੍ਰੋ. ਕਿਸ਼ਨ ਸਿੰਘ ਨੇ ਕਈ ਸਾਲਾਂ ਤੋਂ 'ਸੇਧ' ਵਿਚ "ਆਏ ਇਨਕਲਾਬ ਕੁਰਾਹੇ ਕਿਉਂ?" ਅਤੇ "ਲੈਨਿਨ ਨੇ ਭੁਲੇਖਾ ਕਿਥੇ ਖਾਧਾ" ਵਰਗੀਆਂ ਲੰਮੀਆਂ ਕਥਾਵਾਚਕ ਸ਼ੈਲੀ ਦੀਆਂ ਦੁਹਰਾਉਪੂਰਣ ਲੇਖ-ਲੜੀਆਂ ਲਿਖ ਕੇ "ਪੰਜਾਬ ਵਿਚ ਮਾਰਕਸਵਾਦ ਦੇ ਵਿਕਾਸ" ਵਿਚ ਕਾਫੀ 'ਯੋਗਦਾਨ' ਪਾਇਆ ਹੈ ਅਤੇ ਇਨ੍ਹਾਂ ਤੋਂ ਉਹ ਆਪਣੀ ਮੰਤਕ ਨਾਲ ਇਸ ਸਿੱਟੇ 'ਤੇ ਪੁੱਜੇ ਹਨ ਕਿ ਹੁਣ ਸਾਰੀਆਂ ਕਮਿਊਨਿਸਟ ਪਾਰਟੀਆਂ (ਸੋਵੀਅਤ, ਚੀਨੀ ਤੇ ਭਾਰਤੀ) ਕੁਰਾਹੇ ਪੈ ਚੁੱਕੀਆਂ ਹਨ, ਇਸ ਲਈ 'ਸਿੱਖ ਕ੍ਰਾਂਤੀਕਾਰੀ ਚੇਤਨਾ' ਹੀ 'ਪੰਜਾਬ ਵਿਚ ਇਨਕਲਾਬ' ਕਰਨ ਦੇ ਸਮਰਥ ਹੋ ਸਕਦੀ ਹੈ। ਉਨ੍ਹਾਂ ਦਾ ਰਵਈਆ ਕੁਝ ਇਸ ਤਰ੍ਹਾਂ ਦੇ ਭਾਵਕ ਤੇ ਕਾਵਿਕ ਅੰਦਾਜ਼ ਵਾਲਾ ਹੈ ਕਿ : ਹੁਣ ਜਦੋਂ ਸਮੁੰਦਰ ਹੀ ਗੰਧਲਾ ਹੋ ਗਿਆ ਹੈ, ਆਓ ਆਪਣੇ ਖੂਹ ਦੇ ਪਾਣੀ ਨੂੰ ਸਾਫ ਕਰਕੇ ਪਹਿਲਾਂ ਵਰਗਾ ਪਵਿੱਤਰ ਤੇ ਨਿਰਮਲ ਜਲ ਬਣਾ ਲਈਏ। ਇਸ ਮੰਤਵ ਲਈ ਉਨ੍ਹਾਂ ਨੇ 'ਸਿੱਖੀ ਦੇ ਪ੍ਰੋਲਤਾਰੀਕਰਣ' ਦਾ ਨਾਅਰਾ ਦਿਤਾ ਹੈ। ਇਸ ਨਾਲ ਉਨ੍ਹਾਂ ਦੀ ਆਪਣੀ ਮਾਨਸਿਕ ਤਸੱਲੀ ਤਾਂ ਬੇਸ਼ਕ ਹੁੰਦੀ ਹੋਵੇ ਪਰ ਪ੍ਰੋਲਤਾਰੀ ਇਨਕਲਾਬ ਤੇ

ਮਾਰਕਸਵਾਦ ਦਾ ਕੁਝ ਸੰਵਰਨ ਦੀ ਥਾਂ ਬਿਗੜੇਗਾ ਹੀ, ਕਿਉਂਕਿ ਉਹ ਇਨ੍ਹਾਂ ਦੋਹਾਂ ਨੂੰ ਇਕ ਵਿਸ਼ੇਸ਼ ਸੰਪਰਦਾਇਕ ਚੌਖਟੇ ਤਕ ਹੀ ਸੀਮਿਤ ਕਰ ਦੇਣਾ ਚਾਹੁੰਦੇ ਹਨ। ਉਨ੍ਹਾਂ ਦਾ ਇਹ ਯਤਨ ਪੂੰਜੀਵਾਦ ਦੀ ਸਥਾਪਤੀ ਤੋਂ ਪਹਿਲਾਂ ਦੇ ਸਮੇਂ ਵਿਚ ਵਿਚਰਦਾ ਜਾਪਦਾ ਹੈ ਜਦੋਂ ਕਿ ਮਾਰਕਸਵਾਦ ਪੂੰਜੀਵਾਦੀ ਪ੍ਰਣਾਲੀ ਤੋਂ ਅੱਗੇ ਜਾਣ ਲਈ ਰਾਹ ਦਿਖਾਉਂਦਾ ਹੈ।

ਆਪਣੇ ਇਤਿਹਾਸਕ ਤੇ ਸਭਿਆਚਾਰਕ ਵਿਰਸੇ ਦੀ ਪਛਾਣ ਦਾ ਕਾਰਜ ਆਪਣੀ ਥਾਂ ਬੜਾ ਮਹੱਤਵਪੂਰਨ ਹੈ। ਇਸ ਤੋਂ ਸਾਨੂੰ ਆਪਣੀਆਂ ਸਿਮਾਜਕ ਪਰੰਪਰਾਵਾਂ ਦੀ ਸੋਝੀ ਹੁੰਦੀ ਹੈ ਅਤੇ ਇਸ ਦੇ ਸਿਹਤਮੰਦ ਪੱਖ ਸਾਨੂੰ ਪ੍ਰੇਰਨਾ ਤੇ ਉਤਸ਼ਾਹ ਦਿੰਦੇ ਹਨ। ਪਰ ਬੀਤੇ ਸਮੇਂ ਦੀਆਂ ਪ੍ਰਵਿਰਤੀਆਂ ਨੂੰ ਆਧਾਰ ਬਣਾਕੇ ਅੱਜ ਦੀਆਂ ਸਮਸਿਆਵਾਂ ਨੂੰ ਸਮਝਣਾ ਅਤੇ ਭਵਿੱਖ ਲਈ ਰਾਹ ਉਲੀਕਣਾ ਕਿਵੇਂ ਵੀ ਸੰਭਵ ਨਹੀਂ, ਸਗੋਂ ਇਹ ਸਾਰਾ ਪ੍ਰਯਤਨ ਪ੍ਰਸੰਗਹੀਣ ਤੇ ਨਿਰਾਰਥਕ ਸਾਬਤ ਹੋਣ ਦੇ ਨਾਲ ਨਾਲ ਪਰੰਪਰਾਵਾਂ ਦੀ ਜਕੜ ਨੂੰ ਬੇਲੋੜਿਆਂ ਹੀ ਮਜ਼ਬੂਤ ਕਰਨ ਵਿਚ ਸਹਾਇਕ ਹੋਵੇਗਾ। ਲੋੜ ਵੇਲਾ ਵਿਹਾ ਚੁੱਕੀਆਂ ਪਰੰਪਰਾਵਾਂ ਦਾ ਤਿਆਗ ਕਰਕੇ ਨਵੀਆਂ ਪ੍ਰਗਤੀਸ਼ੀਲ ਕਦਰਾਂ ਕੀਮਤਾਂ ਦੀ ਉਸਾਰੀ ਕਰਨ ਦੀ ਹੈ। ਪਿੱਛੇ ਵੱਲ ਝਾਕੀ ਜਾਣਾ ਸਾਨੂੰ ਇਸ ਅਜੇਕੇ ਇਤਹਾਸਕ ਕਾਰਜ ਤੋਂ ਬੇਮੁਖ ਤੇ ਅਵੇਸਲਾ ਕਰ ਦੇਵੇਗਾ। ਅਜਿਹੀ ਅਤੀਤ-ਮੁਖੀ ਪ੍ਰਵਿਰਤੀ ਤੋਂ ਬਚਣ ਦੀ ਸਖਤ ਜ਼ਰੂਰਤ ਹੈ।

[ਸਹਾਇਕ ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ]

*

## ਅੱਗ ਦਾ ਕਿਰਦਾਰ/ਬਖ਼ਸ਼ਿੰਦਰ

ਐਵੇਂ ਗੱਲਾਂ ਗੱਲਾਂ ਵਿਚ ਗੱਲ ਫੁਰੀ ਹੈ,
ਅੱਗ ਵਾਂਗ ਹੀ ਇਹ ਗੱਲ ਜੋ ਹੋ ਗਈ ਬੇਮੁਹਾਰ
ਬਦੋਬਦੀ ਹੀ ਹੋ ਜਾਣਾ ਹੈ ਇਸ ਦਾ ਵਿਸਥਾਰ

ਅੱਗ ਭਾਵੇਂ ਹੈ ਔਰਤ ਵਰਗੀ
(ਔਰਤ ਮਹਿਬੂਬਾ ਹੀ ਨਹੀਂ ਹੁੰਦੀ)
ਅੱਗ ਵਿਚ ਕਈ ਕੁਝ ਰਾਹਤ ਵਰਗਾ
ਕੰਜ-ਕੁਆਰੀ ਚਾਹਤ ਵਰਗਾ।
ਅੱਗ ਹੁੰਦੀ ਹੈ ਮਾਂ ਵਰਗੀ ਵੀ
ਰੱਬ ਦੇ ਸੱਚੇ ਨਾਂ ਵਰਗੀ ਵੀ
ਅੱਗ ਦਾ ਨਿੱਘ ਜਦੋਂ ਸੇਕ 'ਚ ਬਦਲੇ
ਤਾਂ ਮਤਰੇਈ ਮਾਂ ਵਰਗੀ ਵੀ।

ਜਦ ਅੱਗ ਦੀ ਰੁੱਤੇ ਫੁੱਲ ਖਿੜਦੇ ਹਨ
ਰੰਗ ਚੜ੍ਹਦੇ ਹਨ—
ਪਰ ਜ਼ਹਿਰੀਲੇ ਮੌਸਮ ਅੰਦਰ ਜਦ ਫੁੱਲਾਂ 'ਤੇ ਅੱਗ ਬਲਦੀ ਹੈ

ਦੂਰ ਕਿਤੇ ਫਿਰ ਅੰਦਰੋਂ-ਅੰਦਰੀ, ਜਲਦੀ ਬਲਦੀ ਕੁਖ ਫਲਦੀ ਹੈ
ਉੱਚੇ ਉੱਚੇ, ਧੁੱਪ ਤੋਂ ਸੱਖਣੇ
ਘੁਰਨਿਆਂ ਦੇ ਵਿਚ
ਮਾਂਗ 'ਚ ਲਾਜ ਦੀ ਰਾਖ ਧੂੜ ਕੇ
ਮਜਬੂਰੀ ਦੀ ਸੇਜਾ ਉਤੇ
ਅੱਗ ਲਿਟਦੀ ਹੈ।
ਅੰਗਾਂ ਵਿਚ ਇਕ ਅੱਗ ਦਬਾ ਕੇ
ਅੰਗਾਂ ਹੇਠਾਂ ਅੱਗ ਵਿਛਦੀ ਹੈ।

ਇਕ ਅੱਗ ਨੰਗ ਧੜੰਗੀ ਫਿਰਦੀ
ਪਰ ਬਲਣੇ ਤੋਂ ਪਹਿਲਾਂ ਨਹੀਂ ਦਿਸਦੀ।
ਚੁੱਲ੍ਹੇ ਵਿਚ ਬਲਦੀ ਇਕ ਅੱਗ
ਜੀਵਨ ਨੂੰ ਉਬਲਦੀ ਅੱਗ
ਧੂੰਏ ਦੇ ਸੁੱਬਰ ਦੇ ਓਹਲੇ
ਦਿਸਦੀ ਨਹੀਂ ਪਰ ਬਲਦੀ ਅੱਗ
ਦੂਰ ਹਨੇਰਾ ਧੱਕਦੀ ਅੱਗ
ਮਾਂ ਵਰਗੀ ਹੈ
ਰੱਬ ਦੇ ਸੱਚੇ ਨਾਂ ਵਰਗੀ ਹੈ।

ਪਰ ਅੱਗ ਜੋ ਚੇਤ ਦੇ ਜੰਗਲ
ਤੇ ਕੁੱਲੀ ਦੇ ਛੱਪਰ ਦਾ ਨਾ ਅੰਤਰ ਜਾਣੇ,
ਉਸ ਮਤਰੇਈ ਨੂੰ ਕਿਹੜਾ ਮਾਂ ਦਾ ਲਾਲ ਪਛਾਣੇ ?
ਚੰਗਿਆੜੀ ਜਾਂ ਹੋਵੇ ਭਾਂਬੜ
ਅੱਗ ਦਾ ਹੋਵੇ ਕੋਈ ਆਕਾਰ
ਅੱਗ ਮਤਰੇਈ ਭਾਵੇਂ ਹੋਵੇ
ਪਰ ਹੋਵੇ ਨਾ ਬਦਕਿਰਦਾਰ

ਖੈਰ ਗੱਲਾਂ ਗੱਲਾਂ ਵਿਚ
ਇਹ ਗੱਲ ਫੁਰੀ ਸੀ...
ਤੇ ਅੱਗ ਦੀ ਗੱਲ ਤੁਰੀ ਸੀ...
ਉਂਜ ਗੱਲਾਂ ਤਾਂ ਹੋਰ ਵੀ ਬੜੀਆਂ ਸਨ
ਉਂਜ ਗੱਲਾਂ ਤਾਂ ਹੋਰ ਵੀ ਬੜੀਆਂ ਹਨ।

[ਸਹਾਇਕ ਸੰਪਾਦਕ, ਜੱਗ ਬਾਣੀ, ਜਲੰਧਰ]

★

ਸੁਲੱਖਣ ਸਿੰਘ ਸਰਹੱਦੀ

## ਗ਼ਜ਼ਲ

ਨ੍ਹੇਰ ਦਾ ਝੱਖੜ ਰੋਸ਼ਨੀਆਂ ਸੰਗ ਰਾਤੀਂ ਕੀ ਕੀ ਕਰਦਾ ਹੈ ;
ਇਹ ਸੂਰਜ ਕੀ ਜਾਣੇਂ ਇਹ ਤਾਂ ਸ਼ਾਮੀ ਹੀ ਡੁੱਬ ਮਰਦਾ ਹੈ ।

ਅੱਗ ਵਰ੍ਹਾਉਂਦਾ ਸੂਰਜ ਉਸ ਦੇ ਵਿਹੜੇ ਦੇ ਵਿਚ ਆਣ ਪਿਐ,
ਬੁਜ਼ਦਿਲ ਜੇਹਾ ਘਰ ਦਾ ਮਾਲਕ ਹੁਣ ਵੀ ਠ੍ਹਰ ਠ੍ਹਰ ਕਰਦਾ ਹੈ ।

ਮਿੱਤਰ-ਮਾਰ ਵੀ ਮਹਿਫਲ ਅੰਦਰ ਰੰਗ ਜਮਾਈ ਬੈਠਾ ਏ,
ਹੈਰਾਨੀ ਹੈ ਪਾਣੀ ਉਤੇ ਪੱਥਰ ਕਿੱਦਾਂ ਤਰਦਾ ਹੈ ?

ਮੈਨੂੰ ਉਸ ਬੰਦੇ 'ਤੇ ਯਾਰੋ ਉਦੋਂ ਤਰਸ ਬੜਾ ਆਉਂਦੈ,
'ਚੱਚ ਦੇ ਵਸਤਰ' ਪਹਿਨ ਕੇ ਜਦ ਉਹ ਸੰਗ-ਤਰਾਸ਼ੀ ਕਰਦਾ ਹੈ ।

ਮੈਂ ਤਾਂ ਇਕ ਕੰਡੇ ਨੂੰ ਤਕ ਕੇ ਬਾਗ ਦੀ ਹਾਲਤ ਦੱਸ ਦਿਆ,
ਪਰਦੇ ਦਾਰੋ ! ਮੇਰੇ ਸਾਹਵੇਂ ਹਰ ਕੋਈ ਬੇ-ਪਰਦਾ ਹੈ ।

ਅੱਜ ਕਲ੍ਹ ਲੋਕੀ ਡਰਦੇ ਨੇ ਤਾਂ ਕੇਵਲ ਆਪਣੇ ਸ਼ੀਸ਼ੇ ਤੋਂ,
ਲਿਸ਼ਕਦੀਆਂ ਤਲਵਾਰਾਂ ਕੋਲੋਂ ਅਜ ਕਲ੍ਹ ਕਿਹੜਾ ਡਰਦਾ ਹੈ ?

ਜਿਸ 'ਅੱਯਾਸ਼' ਦੇ ਪਾਪ 'ਚ ਯਾਰੋ ਕਈ ਅਬਲਾਵਾਂ ਡੁਬ ਮਰੀਆਂ,
ਉਸ'ਪੁੰਨੀ' ਦਾ ਬੁੱਤ ਮੰਦਰ ਵਿਚ ਝਿਲਮਿਲ ਝਿਲਮਿਲ ਕਰਦਾ ਹੈ !

ਤੰਦੂਏ ਦੀਆਂ ਲੱਤਾਂ ਵਾਂਗਰ ਫੈਲ ਗਈਆਂ ਹਨ ਅਫਵਾਹਾਂ,
ਜੰਗਲ ਨੂੰ ਜਿਉਂ ਅੱਗ ਲੱਗ ਜਾਵੇ, ਹਾਲ ਇਹ ਸਾਡੇ ਘਰ ਦਾ ਹੈ ।

ਆਪਣੀ ਰੰਗ ਸ਼ਨਾਸੀ ਉਤੇ ਕਾਹਦਾ ਫ਼ਖਰ ਹੈ ਸਰਹੱਦੀ !
ਕਾਲੀ ਰਾਤ ਹੈ ਚਾਰ ਚੁਫੇਰੇ ਨ੍ਹੇਰ ਦਾ ਗੂੜ੍ਹਾ ਪਰਦਾ ਹੈ ।

*

[ਪਿੰਡ : ਕੁਹਾੜ, ਡਾਕ : ਡਿਹਰੀਵਾਲਾ ਦਰੋਗਾ, ਜ਼ਿਲਾ ਗੁਰਦਾਸਪੁਰ 143518]

ਰਣਜੀਤ ਗਰੇਵਾਲ

## ਭੁੱਥ ਤਾਂ ਕੀ ਕਹਿੰਦੇ ਨੇ

ਸ਼ਹੀਦ ਭਗਤ ਸਿੰਘ ਖੋਜ ਕਮੇਟੀ ਵਲੋਂ ਛਾਪੇ ਗਏ "ਮੈਂ ਨਾਸਤਕ ਕਿਉਂ ਹਾਂ" ਅਤੇ "ਡਰੀਮਲੈਂਡ ਦੀ ਭੂਮਿਕਾ" ਤੋਂ ਇਲਾਵਾ ਇਹਨਾਂ ਦੋ ਲੇਖਾਂ ਉਤੇ ਸੰਮਿਲਤ ਪੈਂਫਲਿਟ ਵਿਚ ਇਕ "ਅਨੁਵਾਦਕੀ" ਹੈ ਜੋ ਅਮਰਜੀਤ ਚੰਦਨ ਵਲੋਂ ਲਿਖਿਆ ਗਿਆ ਹੈ ਅਤੇ ਇਕ ਲੰਮੀ ਚੌੜੀ "ਜਾਣ ਪਛਾਣ" ਪ੍ਰੋ: ਬਿਪਨ ਚੰਦਰ ਵਲੋਂ ਹੈ ਜਿਨ੍ਹਾਂ ਦੀ ਮਿਹਰਬਾਨੀ ਸਦਕਾ ਇਹ ਲੇਖ ਸਾਨੂੰ ਪੜ੍ਹਨ ਲਈ ਮਿਲੇ। 'ਮਿਹਰਬਾਨੀ' ਵੀ ਉਸ ਇਤਿਹਾਸਕਾਰ ਦੀ ਜਿਹੜਾ ਖੁਦ ਇਸ 'ਖੋਜ ਕਮੇਟੀ' ਦਾ ਮੈਂਬਰ ਵੀ ਹੈ।

ਇਹਨਾਂ ਦੋਹਾਂ ਲੇਖਾਂ ਵਿਚੋਂ, ਖਾਸ ਤੌਰ 'ਤੇ "ਮੈਂ ਨਾਸਤਕ ਕਿਉਂ ਹਾਂ" ਪੜ੍ਹ ਲੈਣ ਉਪਰੰਤ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਪਹੁੰਚ ਅਤੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦੇ ਆਜ਼ਮ ਦੀ ਦੇਣ ਬਾਰੇ ਕੁਝ ਸ਼ੰਕੇ ਉਤਪੰਨ ਹੁੰਦੇ ਹਨ, 'ਜਿਹਨਾਂ ਦੀ ਨਵਿਰਤੀ ਜ਼ਰੂਰੀ ਹੈ ਤਾਂ ਜੋ ਸ਼ਹੀਦੇ-ਆਜ਼ਮ ਦੇ ਇਨਕਲਾਬੀ ਰੋਲ ਨਾਲ ਕਿਸੇ ਵੀ ਤਰ੍ਹਾਂ ਦੀਆਂ ਕੂੜ ਘਾੜਤਾਂ ਨੂੰ ਜੁਮੇਲਣ ਤੋਂ ਰੋਕਿਆ ਜਾਵੇ। "ਜਾਣ ਪਛਾਣ" ਵਿਚ ਵੀ ਅਜਿਹੀ ਹਰਕਤ ਕੀਤੀ ਗਈ ਜਾਪਦੀ ਹੈ। ਉਂਜ ਸਾਨੂੰ ਪਤਾ ਹੈ ਕਿ ਕੂੜ ਘਾੜਤਾਂ ਉਹ ਚਾਹੇ ਕਿੰਨੀਆਂ ਵੀ ਪ੍ਰਸ਼ੰਸਾ ਭਰੀਆਂ ਕਿਉਂ ਨਾ ਹੋਣ, ਬਾਅਦ ਵਿਚ ਹੀ ਨਾਲ ਜੋੜੀਆਂ ਜਾਂਦੀਆਂ ਹਨ ਅਤੇ ਇਹ ਹਾਕਮ ਵਰਗ ਵਲੋਂ ਲੋਕਾਂ ਦੀ "ਮਾਨਸਿਕ ਘੜੌਤ" ਲਈ ਹੀ ਘੜੀਆਂ ਸਕੀਮਾਂ ਦਾ ਇਕ ਹਿੱਸਾ ਹੁੰਦੀਆਂ ਹਨ। ਅਜਿਹੀਆਂ ਸਕੀਮਾਂ ਦੇ ਲੱਣ ਜੋ ਅੱਗੇ ਚਲ ਕੇ ਬਹੁਤ ਹੀ ਪੇਚੀਦਾ ਹੋ ਜਾਣਗੇ, ਅਸੀਂ ਹੁਣ ਵੀ ਭਗਤ ਸਿੰਘ ਦੀ ਸਮਾਧ ਤੋਂ ਦੇਖ ਸਕਦੇ ਹਾਂ ਜਿਸ ਉਤੇ ਅੱਜ ਹੀ ਪੈਸੇ ਚੜ੍ਹਾ ਕੇ ਮੱਥਾ ਟੇਕਣ ਦੀ ਪਰੰਪਰਾ ਸ਼ੁਰੂ ਵੀ ਕੀਤੀ ਜਾ ਚੁਕੀ ਹੈ। ਤੇ ਸਮਾਧ ਅੱਜ ਮਜ਼ਾਰ ਦਾ ਰੂਪ ਵਟਾਉਣ ਲਈ ਹਲਕੇ ਤੇ ਨਿੱਕੇ ਕਦਮ ਚੁੱਕ ਰਹੀ ਹੈ।

ਜਿਵੇਂ ਕਿ ਅਨੁਵਾਦਕੀ ਤੋਂ ਪਤਾ ਲਗਦਾ ਹੈ ਇਹ ਲੇਖ ਲਹੌਰੋਂ ਛਪਦੇ ਪਰਚੇ "ਪੀਪਲ" ਦੇ 27 ਸਤੰਬਰ 1931 ਦੇ ਅੰਕ ਵਿਚੋਂ ਮਿਲਿਆ ਹੈ ਜਦੋਂ ਕਿ ਭਗਤ ਸਿੰਘ ਨੂੰ ਉਸਦੇ ਸਾਥੀਆਂ ਸਮੇਤ 23 ਮਾਰਚ 1931 ਨੂੰ ਸ਼ਹੀਦ ਕਰ ਦਿਤਾ ਗਿਆ ਸੀ। ਭਾਵ ਇਹ ਲੇਖ ਭਗਤ ਸਿੰਘ ਦੀ ਸ਼ਹਾਦਤ ਤੋਂ ਲਗ ਪਗ ਛੇ ਮਹੀਨੇ ਮਗਰੋਂ ਛਪਿਆ।

ਪ੍ਰੋਫੈਸਰ ਬਿਪਨ ਚੰਦਰ ਦੀ ਲਿਖੀ ਭੂਮਿਕਾ (ਜਾਣ ਪਛਾਣ) ਪੜ੍ਹਦਿਆਂ ਸਭ ਤੋਂ ਪਹਿਲਾ ਪ੍ਰਸ਼ਨ ਪੰਨਾ 10 ਉਤੇ ਲਿਖੀ ਪੈਰ ਟਿਪਣੀ ਤੋਂ ਪੈਦਾ ਹੁੰਦਾ ਹੈ, ਜਿਸ ਵਿਚ ਪੂਰੇ ਜ਼ੋਰ ਨਾਲ ਇਹ ਪ੍ਰਭਾਵ ਦਿਤਾ ਗਿਆ ਹੈ ਕਿ "ਨੌਜਵਾਨ ਭਗਤ ਸਿੰਘ ਦੇ ਵਿਚਾਰ ਨੌਜਵਾਨ ਮਾਰਕਸ ਨਾਲ ਕਿੰਨੇ ਰਲਦੇ ਹਨ।"

ਜਦੋਂ ਇਸ ਦੇ ਉਲਟ ਪ੍ਰੋਫੈਸਰ ਬਿਪਨ ਚੰਦਰ ਆਪ ਹੀ ਇਸੇ ਭੂਮਿਕਾ ਵਿਚ ਹੀ ਲਿਖਦੇ ਹਨ। "1927-28 ਵਿਚ ਹੀ ਉਹਦਾ ਰੁਖ ਇਨਕਲਾਬੀ ਦਹਿਸ਼ਤਵਾਦ ਤੋਂ ਮਾਰਕਸਵਾਦ ਵੱਲ ਸ਼ੁਰੂ ਹੋ ਗਿਆ ਸੀ......ਮਾਰਕਸਵਾਦ ਬਾਰੇ ਸਭ ਤੋਂ ਵਧ ਪੜ੍ਹਿਆ-ਗੁੜ੍ਹਿਆ ਭਗਤ ਸਿੰਘ ਹੀ ਸੀ।"

ਜੇਕਰ ਭਗਤ ਸਿੰਘ ਮਾਰਕਸਵਾਦ ਨਾਲ ਹੀ ਪੂਰੀ ਤਰ੍ਹਾਂ ਪ੍ਰਤੀਬੱਧ ਸੀ ਤਾਂ ਫਿਰ ਇਹ ਕਹਿਣਾ ਕਿਥੋਂ ਤੱਕ ਠੀਕ ਹੋਵੇਗਾ ਕਿ ਭਗਤ ਸਿੰਘ ਦੇ ਵਿਚਾਰ "ਨੌਜਵਾਨ ਮਾਰਕਸ" ਨਾਲ ਰਲਦੇ ਸਨ ਜਦੋਂ ਕਿ ਭਗਤ ਸਿੰਘ ਨੇ ਆਪ (ਬਿਪਨ ਚੰਦਰ ਦੇ ਕਥਨ ਅਨੁਸਾਰ) ਮਾਰਕਸਵਾਦ ਦਾ ਡੂੰਘੇ ਤੌਰ 'ਤੇ ਮੁਤਾਲਿਆ ਕੀਤਾ ਹੋਇਆ ਸੀ। "ਵਿਚਾਰ ਰਲਦੇ" ਤਦ ਕਿਹਾ ਜਾਂ ਮੰਨਿਆ ਜਾ ਸਕਦਾ ਸੀ, ਜੇਕਰ ਭਗਤ ਸਿੰਘ ਨੇ ਮਾਰਕਸਵਾਦ ਦਾ ਅਧਿਐਨ ਨਾ ਕੀਤਾ ਹੁੰਦਾ ਅਤੇ ਇਤਿਹਾਸ ਵਿਚ ਭਗਤ ਸਿੰਘ ਤੇ ਮਾਰਕਸ ਦੇ ਦਾਰਸ਼ਨਿਕ ਪੱਖ ਨੂੰ ਕਿਸੇ ਤੁਲਨਾਤਮਕ ਪੱਖ ਤੋਂ ਵਿਚਾਰਿਆ ਗਿਆ ਹੁੰਦਾ ਜਦੋਂ ਕਿ ਇਥੇ ਕੋਈ ਤੁਲਨਾਤਮਕ ਪੱਖ ਹੀ ਨਹੀਂ (ਸਗੋਂ ਸਾਫ ਲਫਜ਼ਾਂ ਵਿਚ ਪੰਨਾ 6 ਉਤੇ ਲਿਖਿਆ ਗਿਆ ਹੈ ਕਿ ਭਗਤ ਸਿੰਘ "ਮਾਰਕਸਵਾਦ ਨੂੰ ਇਸ ਦੀ ਵਿਧੀ ਦੀਆਂ ਪੇਚੀਦਗੀਆਂ ਸਮੇਤ ਲਾਗੂ ਕਰ ਸਕਣ ਦੇ ਸਮਰੱਥ ਹੈ") ਤਾਂ ਫਿਰ ਕਿਵੇਂ ਕਿਹਾ ਜਾ ਸਕਦਾ ਹੈ ਕਿ, ਭਗਤ ਸਿੰਘ ਦੇ ਵਿਚਾਰ ਮਾਰਕਸ ਨਾਲ ਮਿਲਦੇ ਸਨ ?

ਇਸ ਲਈ ਅਸੀਂ ਇਸ ਸਿੱਟੇ 'ਤੇ ਪੁਜਦੇ ਹਾਂ ਕਿ ਭਗਤ ਸਿੰਘ ਦੇ ਮਾਰਕਸ ਨਾਲ ਵਿਚਾਰ ਨਹੀਂ ਸਨ ਰਲਦੇ ਸਗੋਂ ਇਸ ਦੇ ਉਲਟ ਭਗਤ ਸਿੰਘ ਆਪ ਮਾਰਕਸ ਦਾ ਅਨੁਯਾਈ ਬਣ ਚੁਕਿਆ ਸੀ। ਜੇ ਕਰ ਸਚਮੁਚ ਹੀ ਅਸੀਂ ਕਹਾਂਗੇ ਕਿ 'ਵਿਚਾਰ ਰਲਦੇ' ਹਨ ਜਿਵੇਂ ਕਿ ਪੈਰ ਟਿਪਣੀ ਕਹਿੰਦੀ ਹੈ ਤਾਂ ਫਿਰ ਭੂਮਿਕਾ ਦੇ ਸ਼ੁਰੂ ਵਿਚ ਦਿਤੀ ਚਿਤਾਵਨੀ ਨੂੰ ਚੇਤੇ ਕਰਨ ਦੀ ਲੋੜ ਹੈ ਜਿਸ ਅਨੁਸਾਰ ਪ੍ਰਤਿਗਾਮੀ, ਪੁਰਾਤਨ ਪੰਥੀ ਤੇ ਫਿਰਕਾਪ੍ਰਸਤ "ਉਹਨਾਂ ਦੀ ਸ਼ੁਹਰਤ ਨੂੰ ਬੇਈਮਾਨੀ ਤੇ ਗਲਤ ਤਰੀਕੇ ਨਾਲ ਆਪਣੀ ਸਿਆਸਤ ਤੇ ਵਿਚਾਰਧਾਰਾਵਾਂ ਵਾਸਤੇ ਵਰਤਣ ਦੀ ਕੋਸ਼ਿਸ਼ ਕਰਦੇ ਰਹੇ ਹਨ।" ਤਾਂ ਇਹਨਾਂ ਵਾਂਗ ਹੀ ਇਸ ਟਿਪਣੀ ਦੇ ਲੇਖਕ ਨੇ ਵੀ ਇਸ ਅਲਾਮਤ 'ਤੇ ਭਰਪੂਰ ਤਰ੍ਹਾਂ ਨਾਲ ਅਮਲ ਕੀਤਾ ਹੈ। ਇਹ ਟਿਪਣੀ ਭਗਤ ਸਿੰਘ ਦੀ ਪ੍ਰਤਿਭਾ ਦੇ ਵਿਪਰੀਤ ਉਹਦੀ ਇਨ-ਕਲਾਬੀ ਪਹੁੰਚ ਵਿਚ ਖੋਟ ਰਲਾ ਕੇ ਲੋਕਾਂ ਅੱਗੇ ਪੇਸ਼ ਕਰਨ ਤੋਂ ਇਲਾਵਾ "ਮਾਰਕਸ" ਨੂੰ ਵੀ ਛੁਟਿਆਉਣ ਦੇ ਤੁਲ ਹੈ।

"ਮੈਂ ਨਾਸਤਕ ਕਿਉਂ ਹਾਂ" ਲੇਖ ਭਗਤ ਸਿੰਘ ਵਲੋਂ ਉਸ ਵੇਲੇ ਲਿਖਿਆ ਗਿਆ ਜਦੋਂ ਉਹਨਾਂ ਉਤੇ ਮੁਕਦਮਾਂ ਚਲ ਰਿਹਾ ਸੀ, ਤੇ ਉਹ ਫੈਸਲੇ ਦੀ ਉਡੀਕ ਵਿਚ ਸਨ। "ਹਫਤੇ ਦੇ ਵਿਚ ਵਿਚ ਫੈਸਲਾ ਸੁਣਾ ਦਿਤਾ ਜਾਵੇਗਾ।" (ਪੰਨਾ 22)

ਇਹ ਲੇਖ ਇਥੋਂ ਸ਼ੁਰੂ ਹੁੰਦਾ ਹੈ : "ਨਵੀਂ ਸਮਸਿਆ ਖੜੀ ਹੋ ਗਈ ਹੈ।" ਭਾਵ "ਰੱਬ" ਵਿਚ ਭਗਤ ਸਿੰਘ ਦੇ ਵਿਸ਼ਵਾਸ ਬਾਰੇ। "ਨਵੀਂ ਸਮਸਿਆ"—ਮਤਲਬ ਇਹ ਕਿ ਭਗਤ ਸਿੰਘ ਦੇ ਜੇਲ੍ਹ ਜਾਣ ਤੋਂ ਪਹਿਲਾਂ ਅਤੇ ਫਿਰ ਮੁਕਦਮੇ ਦੇ ਫੈਸਲੇ ਤੋਂ "ਇਕ ਹਫਤਾ" ਪਹਿਲਾਂ ਤੱਕ ਵੀ ਇਹ ਸਮਸਿਆ ਉਹਨਾਂ ਦੀ ਪਾਰਟੀ (ਆਰਮੀ) ਵਿਚ ਨਹੀਂ ਸੀ। ਕਿਉਂ ਕਿ "ਮੈਨੂੰ ਕਿਸੇ ਵੇਲੇ ਵੀ ਚਿੱਤਚੇਤਾ ਨਹੀਂ ਸੀ ਕਿ ਮੈਨੂੰ ਇਹੋ ਜਿਹੀ ਸਮਸਿਆ ਦਾ ਸਾਹਮਣਾ ਕਰਨਾ ਪਵੇਗਾ (ਪੰਨਾ 15)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ, "ਰੋਮਾਂਟਕ ਇਨਕਲਾਬੀ" ਤੋਂ ਬਾਅਦ "ਫੇਰ ਸਾਰੀ ਜ਼ੁੰਮੇਵਾਰੀ ਆਪਣੇ ਮੋਢਿਆਂ 'ਤੇ ਲੈਣ" ਉਪਰੰਤ "ਹੁਣ ਰਹੱਸਵਾਦ ਵਾਸਤੇ, ਅੰਧ ਵਿਸ਼ਵਾਸ

ਸਿਰਜਣਾ

ਵਾਸਤੇ ਕੋਈ ਥਾਂ ਨਹੀਂ ਰਹੀ।" ਭਾਵ ਸਰਬ ਹਿੱਤਕਾਰੀ ਰੱਬ ਦੀ ਹੋਂਦ ਬਾਰੇ ਉਹਨਾਂ ਦੀ ਆਰਮੀ ਵਿਚ। "1926 ਦੇ ਅਖੀਰ ਤੱਕ ਮੇਰਾ ਇਹ ਪੱਕਾ ਵਿਸ਼ਵਾਸ ਹੋ ਚੁਕਾ ਸੀ ਕਿ.. ...ਸਰਬ ਸ਼ਕਤੀਮਾਨ ਦਾ ਸਿਧਾਂਤ ਬੇ-ਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿਤੀ।" ਭਰਪੂਰ ਅਤੇ ਇਥੋਂ ਤੱਕ ਕਿ ਤਲਖ ਬਹਿਸ ਚਲਦੀ ਰਹੀ ਤਾਂ ਜਾ ਕੇ "ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ।"

ਹੁਣ ਵੇਖੋ ਲੇਖ ਦੇ ਸ਼ੁਰੂ ਵਿਚ ਇਹ ਕਿਹਾ ਗਿਆ ਹੈ ਕਿ ਅਜਿਹੀ ਸਮਸਿਆ ਨਾਲ ਵਾਸਤਾ ਪੈਣ ਬਾਰੇ "ਚਿੱਤ-ਚੇਤਾ ਹੀ ਨਹੀਂ।" ਦੂਜੇ ਪਾਸੇ ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਆਰਮੀ ਵਿਚ ਡਟਵੀਂ ਬਹਿਸ ਹੁੰਦੀ ਰਹੀ ਹੈ। ਤਾਂ ਫਿਰ ਪ੍ਰੋ: ਬਿਪਨ ਚੰਦਰ ਨੇ ਕਿਸ ਸਮਝ ਅਧੀਨ ਇਹ ਪ੍ਰਮਾਣਿਤ ਕਰ ਦਿਤਾ ਕਿ ਭਗਤ ਸਿੰਘ ਦੀ ਇਨਕਲਾਬੀ ਪ੍ਰਤੀਬੱਧਤਾ ਅਤੇ ਇਤਿਹਾਸਕ ਪਦਾਰਥਵਾਦੀ ਤੇ ਵਿਗਿਆਨਕ ਤਰੀਕੇ ਨਾਲ ਸਮਝ ਦੀ ਯੋਗਤਾ ਦਾ ਪਤਾ ਚਲਦਾ ਹੈ।" ਜਾਂ "ਦਾਰਸ਼ਨਿਕ ਤੇ ਰਾਜਨੀਤਕ ਪਹੁੰਚ-ਵਿਧੀਆਂ ਅਤੇ ਵਿਚਾਰਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਉਸਦੀ ਯੋਗਤਾ" ਬੜੀ ਸ਼ਾਨਦਾਰ ਸੀ। ਅਤੇ ਫਿਰ ਜਿਸ ਵਿਸ਼ੇ ਉਪਰ 1926 ਤੋਂ ਹੀ ਬਹਿਸ ਚਲ ਰਹੀ ਹੋਵੇ ਤਾਂ ਉਹ 1930 ਦੇ ਅਖੀਰ ਵਿਚ ਜਾ ਕੇ ਕਿਵੇਂ "ਨਵੀਂ ਸਮਸਿਆ" ਬਣ ਗਿਆ। ਇਥੋਂ ਤਾਂ ਭਗਤ ਸਿੰਘ ਦੀ ਅਜੀਬ ਜਿਹੀ ਮਾਨਸਿਕ ਦਸ਼ਾ ਦਾ ਪ੍ਰਗਟਾਵਾ ਹੁੰਦਾ ਹੈ। ਇਸਤੋਂ ਭਗਤ ਸਿੰਘ ਦੀ ਉਸ ਦਾਰਸ਼ਨਿਕ ਪਹੁੰਚ ਦੀ ਪੁਸ਼ਟੀ ਨਹੀਂ ਹੁੰਦੀ ਜਿਸਦੇ ਦਰਸ਼ਨ ਪ੍ਰੋਫੈਸਰ ਬਿਪਨ ਚੰਦਰ ਨੇ ਕਰਵਾਉਣ ਦਾ ਯਤਨ ਕੀਤਾ ਹੈ।

ਇਸ ਲੇਖ ਨੂੰ ਪੜ੍ਹਦਿਆਂ ਅਗਾਂਹ ਅਸੀਂ ਏਥੇ ਪੁਜਦੇ ਹਾਂ : "ਨਕਾਰਾਤਮਕ ਪੱਖ......ਤੋਂ ਮਗਰੋਂ ਸਕਾਰਾਤਮਕ ਪੱਖ ਸ਼ੁਰੂ ਹੁੰਦਾ ਹੈ। ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਮੱਗਰੀ ਉਸਾਰੀ ਲਈ ਵਰਤੀ ਜਾ ਸਕਦੀ ਹੈ। (ਪੰਨਾ 27)

ਜਦੋਂ ਭਗਤ ਸਿੰਘ ਨੂੰ ਇਸ ਬਾਰੇ ਗਿਆਨ ਸੀ ਕਿ "ਕੁਝ ਪੁਰਾਣੀ ਸਮਗਰੀ" ਉਸਾਰੀ ਲਈ ਮੁੜ ਵਰਤੀ ਜਾ ਸਕਦੀ ਹੈ ਤਾਂ ਉਹ ਕਿਹੜਾ ਸਮਾਂ ਆਇਆ ਜਦੋਂ ਇਸ ਸਮੱਗਰੀ ਨੂੰ ਮੁੜ ਵਰਤੋਂ ਵਿਚ ਲਿਆਉਣ ਦੀ ਕੋਈ ਆਮ ਜਿਹੀ ਕੋਸ਼ਿਸ਼ ਵੀ ਕੀਤੀ ਗਈ ਹੋਵੇ। ਘੱਟੋ ਘੱਟ ਸਾਨੂੰ ਅਜਿਹਾ ਕੋਈ ਵੀ ਸਮਾਂ ਹੱਥ ਨਹੀਂ ਲੱਗੇਗਾ।

"ਅਹੰਕਾਰ ਮੇਰੇ ਸੁਭਾਅ ਦਾ ਅੰਗ ਹੈ।" (ਪੰਨਾ 15) ਅੰਹਕਾਰ ਦੇ ਅਰਥਾਂ ਨੂੰ ਕੇਵਲ ਰੱਬ ਨਾਲ ਜੋੜਨਾ ਅਤੇ ਉਸਨੂੰ ਪੱਕੀ ਪਕੜ ਵਾਂਗ ਆਰਮੀ ਦੇ ਅਮਲਾਂ ਉਤੇ ਵੀ ਭਾਰੂ ਰਖਣਾ। "ਇਥੋਂ ਤੱਕ ਕਿ ਮੇਰਾ ਦੋਸਤ ਬੀ. ਕੇ. ਦੱਤ ਕਦੀ ਕਦੀ ਮੈਨੂੰ ਤਾਨਾਸ਼ਾਹ ਕਹਿੰਦਾ ਹੁੰਦਾ ਸੀ।"

ਜਦੋਂ ਆਪਣੇ ਹੀ ਸਾਥੀਆਂ ਵਿਚ ਕੋਈ ਤਾਨਾਸ਼ਾਹ ਜਾਪਣ ਲਗ ਪਵੇ, ਉਹ ਹੋਵੇ ਵੀ ਆਗੂ, ਤਾਂ ਉਸ ਲਹਿਰ ਦਾ ਭਵਿਖ ਕੀ ਹੋਵੇਗਾ, ਜਿਸ ਉਤੇ ਉਹ ਦ੍ਰਿੜਤਾ ਨਾਲ ਚਲ ਰਹੇ ਹਨ। ਇਹ ਗੱਲ ਆਮ ਆਦਮੀ ਦੀ ਸਮਝ ਵਿਚ ਆ ਸਕਦੀ ਹੈ। ਦੂਜੇ ਅਰਥਾਂ ਵਿਚ ਇਸਨੂੰ ਜ਼ਿੱਦੀਪੁਣਾ ਵੀ ਕਿਹਾ ਜਾ ਸਕਦਾ ਹੈ। ਇਸ ਲਈ, ਇਸ ਲੇਖ ਵਿਚੋਂ ਕੋਈ ਅਜਿਹਾ ਲਾਹੇਵੰਦਾ ਸਮਾਂ ਹੱਥ ਨਾ ਲੈਣ ਜਾਂ ਰਾਜਨੀਤਕ ਪਹੁੰਚ ਵਿਧੀ ਦੀ ਕੋਈ ਸੋਅ ਨਾ ਮਿਲਣਾ ਵੀ ਜ਼ਿੱਦੀਪੁਣੇ ਦੀ ਸ਼ਾਹਦੀ ਭਰਦਾ ਹੈ। ਤਾਂ ਕੀ ਅਸੀਂ ਇਸ ਸਿੱਟੇ 'ਤੇ ਪੁੱਜ ਜਾਈਏ ਕਿ ਭਗਤ ਸਿੰਘ ਨੇ ਆਪਣੇ ਜ਼ਿੱਦੀ-ਪੁਣੇ ਕਾਰਨ ਹੀ ਫਾਂਸੀ ਦਾ ਰੱਸਾ ਆਪਣੇ ਗਲ ਵਿਚ ਪੁਆਇਆ। ਨਾ ਕਿ ਮਾਰਕਸਿਜ਼ਮ ਦੀਆਂ ਵਿਧੀਆਂ ਲਾਗੂ

ਕਰਦਿਆਂ ਹੋਇਆਂ ।

ਇਸ ਤੋਂ ਅੱਗੇ ਚਲ ਕੇ ਜਿਹੜੀ ਗੱਲ ਆਉਂਦੀ ਹੈ ਉਹ ਬਹੁਤ ਰੜਕਵੀਂ ਹੈ ਅਤੇ ਕਈ ਸ਼ੰਕੇ ਪੈਦਾ ਕਰਦੀ ਹੈ । ਉਹ ਇਹ ਕਿ ਜਦੋਂ ਭਗਤ ਸਿੰਘ ਅਜਿਹੀ ਗੰਭੀਰ ਸਮਸਿਆ ਬਾਰੇ ਗੱਲ ਕਰ ਰਿਹਾ ਹੈ ਤਾਂ ਉਸ ਵਲੋਂ, ਇਸ ਲੇਖ ਵਿਚ, ਕਿਸੇ ਵੀ ਸਾਥੀ ਦਾ ਜ਼ਿਕਰ ਤਕ ਛੋਹਿਆ ਨਹੀਂ ਗਿਆ ਜਿਹੜੇ ਉਸ ਦੇ ਨਾਲ ਹੀ ਉਸਦੇ ਬਰਾਬਰ ਦੀ ਸਜ਼ਾ ਭੁਗਤਣ ਲਈ ਜਾ ਰਹੇ ਹਨ, ਅਤੇ ਹਨ ਵੀ ਇਸ ਲਹਿਰ ਅਤੇ ਇਸ ਬਹਿਸ ਦੇ ਆਗੂ । ਅਗਾਂਹ ਸਾਨੂੰ ਇਹ ਵੀ ਪੜ੍ਹਨ ਨੂੰ ਮਿਲਦਾ ਹੈ : "ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਸ ਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁਟਣਾ ਪਵੇਗਾ ਅਤੇ ਹਰ ਮੁਸ਼ਕਲ, ਹਰ ਆਫਤ ਦਾ ਤੇ ਹਰ ਤਰ੍ਹਾਂ ਦੀ ਹਾਲਤ ਦਾ ਡੱਟ ਕੇ ਮੁਕਾਬਲਾ ਕਰਨਾ ਪਏਗਾ । ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ ।" (ਪੰਨਾ 34) ।

ਭਾਵ ਰੱਬ ਦੀ ਅਣਹੋਂਦ ਬਾਰੇ ਬਣੇ ਵਿਸ਼ਵਾਸ ਨੂੰ ਟੁਟਣ ਤੋਂ ਬਚਾਉਣ ਲਈ ਸਾਰੀ ਮਾਨਸਿਕ ਸ਼ਕਤੀ ਨੂੰ ਇਕੋ ਇਕ ਨੁਕਤੇ 'ਤੇ ਇਕਾਗਰ ਕੀਤਾ ਗਿਆ ਹੈ ।" ਡੱਟ ਕੇ ਮੁਕਾਬਲਾ ਕੀਤਾ ਜਾ ਰਿਹਾ ਹੈ ।" ਇਸ ਨੂੰ ਹੀ ਕਹਿੰਦੇ ਹਨ ਕਿ ਮਾਨਸਿਕ ਸਥਿਤੀ ਜਨੂੰਨ ਦੀ ਅਵਸਥਾ ਵਿਚ ਪੁਜ ਗਈ ਹੈ । ਜਦੋਂ ਇਹ ਸਥਿਤੀ ਹੋਵੇ ਅਥਵਾਂ ਜਨੂੰਨ ਤਾਰੀ ਹੋਵੇ ਤਾਂ ਨਿਸਚੇ ਹੀ ਆਲੇ ਦੁਆਲੇ ਦੀ ਸੁਧ ਬੁਧ ਨਹੀਂ ਰਹਿੰਦੀ । ਕੀ ਇਸ ਨੂੰ ਅਸੀਂ ਇਕ ਨਵੀਂ ਕਿਸਮ ਦੀ ਮਾਨਸਿਕ ਖੜੋਤ ਨਹੀਂ ਕਹਿ ਸਕਦੇ ?

ਇਸ ਮਾਨਸਿਕ ਖੜੋਤ ਦਾ ਇਕ ਹੋਰ ਉਭਰਵਾਂ ਪ੍ਰਗਟਾਵਾ "ਡਰੀਮਲੈਂਡ ਦੀ ਭੂਮਿਕਾ" ਵਿਚੋਂ ਵੀ ਹੁੰਦਾ ਹੈ । (ਜਿਹੜੀ ਫਾਂਸੀ ਚੜ੍ਹਨ ਤੋਂ ਕੇਵਲ ਸਵਾ ਦੋ ਮਹੀਨੇ ਪਹਿਲਾਂ ਲਿਖੀ ਗਈ ਸੀ ।) "ਅੱਜ ਮੈਂ ਆਪ ਫਾਂਸੀ ਦੀ ਕੋਠੀ ਵਿਚ ਬੈਠਾ ਪਾਠਕਾਂ ਨੂੰ ਦਾਅਵੇ ਨਾਲ ਦੱਸ ਸਕਦਾ ਹਾਂ ਕਿ ਕੈਦ, ਮੌਤ ਨਾਲੋਂ ਮੁਕਾਬਲਤਨ ਕਿਤੇ ਵੱਧ ਸਖਤ ਸਜ਼ਾ ਹੁੰਦੀ ਹੈ ।" ਇਹ ਗੱਲ ਬਿਲਕੁਲ ਠੀਕ ਹੈ । "ਇਸ ਪਲ ਮਗਰੋਂ ਕੁਝ ਵੀ ਨਹੀਂ ਹੋਵੇਗਾ ।" ਭਾਵ ਬਿਲਕੁਲ ਸ਼ਾਂਤੀ ਹੋ ਜ ਵੇਗੀ । ਕੋਈ ਸਰੀਰਕ ਜਾਂ ਮਾਨਸਿਕ ਕਸ਼ਟ ਨਹੀਂ ਹੋਵੇਗਾ । ਸਰੀਰ ਤੇ ਮਾਨਸਿਕ ਕਸਟ ਤੋਂ ਛੁਟਕਾਰਾ ਪਾਉਣ ਲਈ ਮੌਤ ਨੂੰ ਤਰਜੀਹ ਦੇਣ ਦਾ ਅਰਥ ਹੈ ਸਰਗਰਮ ਜਿੰਦਗੀ ਤੋਂ ਭਗੌੜਾ ਹੋਣਾ । ਤਾਂ ਕੀ ਇਹ ਉਸ ਬੌਂਦਲੇ ਹੋਏ ਬੰਦੇ ਵਰਗੀ ਅਵਸਥਾ ਨਹੀਂ ਜਿਸ ਨੂੰ ਅੱਗੇ ਹੋਰ ਕੁਝ ਵੀ ਦਿਖਾਈ ਨਹੀਂ ਦੇ ਰਿਹਾ । ਕੀ ਸ਼ਹਾਦਤ ਤੋਂ ਪਹਿਲਾਂ ਭਗਤ ਸਿੰਘ ਦੀ ਇਹੋ ਜਿਹੀ ਹਾਲਤ ਹੋ ਗਈ ਸੀ ?

ਇਹ ਕੁਝ ਪ੍ਰਸ਼ਨ ਹਨ ਜੋ ਭਗਤ ਸਿੰਘ ਦੇ ਸ਼ਹਾਦਤ ਸਮੇਂ ਤੱਕ 'ਸਾਬਤ ਕਦਮ' ਰਹਿਣ ਬਾਰੇ ਹੁਣ ਤੱਕ ਬਣੇ ਬਿੰਬਾਂ ਨੂੰ ਤਿੜਕਾਉਂਦੇ ਹਨ । ਕੀ ਸ਼ਹੀਦ ਭਗਤ ਸਿੰਘ ਖੋਜ ਕਮੇਟੀ ਇਹਨਾਂ ਪ੍ਰਸ਼ਨਾਂ ਦਾ ਉਤਰ ਦੇਣ ਲਈ ਕੋਈ ਉਪਰਾਲਾ ਕਰੇਗੀ ?

★

[ਪੰਜਾਬ ਰਾਜ ਬਿਜਲੀ ਬੋਰਡ, ਅੱਡਾ ਦਾਖਾ, ਜ਼ਿਲ੍ਹਾ ਲੁਧਿਆਣਾ]

ਸਾਧੂ ਸਿੰਘ

## ਅੰਗ ਸੰਗ ਦਾ ਸ਼੍ਰਿੰਖਲਾਬਧ ਅਧਿਐਨ

''ਅੰਗ ਸੰਗ'' ਦੀਆਂ ਲਗਪਗ ਸਭੇ ਕਹਾਣੀਆਂ ਬੀਤੇ ਦਹਾਕੇ-ਡੇਢ ਦਹਾਕੇ ਦੌਰਾਨ ਪੰਜਾਬ ਦੀਆਂ ਸਮਾਜਕ, ਆਰਥਿਕ ਤੇ ਰਾਜਸੀ ਸਥਿਤੀਆਂ ਦੇ ਗਤੀਸ਼ੀਲ ਸੰਦਰਭ ਵਿਚ ਗ੍ਰਾਮੀਣ ਕਿਸਾਨ ਪਰਿਵਾਰਕ ਜੀਵਨ ਦੇ ਰਿਸ਼ਤਿਆਂ ਦੇ ਤਿੜਕ ਜਾਣ ਦੇ ਫਲ ਸਰੂਪ ਮਨੁੱਖੀ ਮਨ ਅੰਦਰ ਵਾਪਰੀ ਘੋਰ ਇਕਲਾਪੇ,ਵਿਸ਼ਾਦ ਤੇ ਆਤਮ ਪਰਾਏਪਣ ਦੀ ਬੋਝਲ ਤੇ ਘੁਟਣ-ਭਰੀ ਤ੍ਰਾਸਦਿਕ ਸਥਿਤੀ ਨੂੰ,ਸਥਾਪਿਤ ਸਦਾਚਾਰਕ ਸੰਕਲਪਾਂ ਅਤੇ ਦਾਰਸ਼ਨਿਕ ਪੂਰਵ-ਨਿਸਚਿਆਂ ਦੀ ਕੁੰਜ ਲਾਹਕੇ ਆਪਣੇ ਤਨ ਮਨ ਉਪਰ ਭੋਗੇ ਅਨੁਭਵ ਦੇ ਆਧਾਰ 'ਤੇ ਰੋਂਦੂ ਉਪਭਾਵਕਤਾ, ਸਵੈ-ਤਰਸ ਤੇ ਸ਼ਰੀਲੇ ਹਈਕਲਾਪ ਦੀ ਜਿੱਲ੍ਹਣ ਵਿਚ ਫਸਣ ਅਤੇ ਨਿਰਾ ਕਥਾ ਰਸ ਪੈਦਾ ਕਰਨ ਵਾਲੀਆਂ ਪਰੰਪਰਾਗਤ ਰੂੜ੍ਹੀਆਂ ਨਾਲ ਚਮਤਕਾਰੀ ਪ੍ਰਭਾਵ ਪੈਦਾ ਕਰਨ ਦੇ ਲਾਲਚ ਤੋਂ ਮੁਕਤ ਹੋ ਕੇ ਯਥਾਰਥਕ ਗਾਲਪਨਿਕ ਪ੍ਰਤਿਮਾਨਾਂ ਦੇ ਅਨੁਰੂਪ ਨਿਰੂਪਿਤ ਕਰਨ ਦੇ ਸਸ਼ਕਤ ਯਤਨ ਵਲ ਅਗ੍ਰਸਰ ਹਨ ।

ਕਿਸਾਨੀ ਪਰਿਵਾਰ ਵਿਚਲੀ ਉਕਤ ਤ੍ਰਾਸਦਿਕ ਸਥਿਤੀ ਬਹੁ-ਚਰਚਿਤ ਜਮਾਤੀ ਹਿੱਤਾਂ ਦੀ ਟੱਕਰ ਵਿਚੋਂ ਹੀ ਪੈਦਾ ਹੋਈ ਹੋਵੇ, ਇਹ ਗੱਲ ਅਨਿਵਾਰੀ ਨਹੀਂ । ਉਦਾਹਰਣ ਵਜੋਂ ''ਅੰਗ ਸੰਗ'' ਦੇ ਕਰਤਾਰ ਸਿੰਘ ਦਾ ਕਿਸੇ ਪੰਚ ਸਰਪੰਚ, ਜ਼ੈਲਦਾਰ, ਲੰਬੜਦਾਰ, ਸਰਕਾਰੀ ਕਰਮਚਾਰੀ ਦੀਆਂ ਲਵੀਆਂ ਕਰੂੰਬਲਾਂ ਜਾਂ ਹਰੇ ਇਨਕਲਾਬ ਨਾਲ ਰੱਜ ਕੇ ਫਿੱਟੇ ਹੋਏ ਤੇ ਰਾਜਨੀਤਕ ਅਸਰ ਰਸੂਖ ਵਾਲੇ ਵਡੇਰੇ ਭੂਮੀਪਤੀ ਨਾਲ ਕੋਈ ਵਿਰੋਧ ਨਹੀਂ । ਉਹਦੇ ਪਿਤਾ ਦੇ ਮਲਾਈ ਪਰਵਾਸੀ ਹੋਣ ਕਾਰਣ ਉਹਨੂੰ ਆਮ ਕਿਸਾਨ ਨੂੰ ਦਰਪੇਸ਼ ਆਰਥਿਕ ਥੁੜਾਂ ਦਾ ਵੀ ਕੋਈ ਸਾਹਮਣਾ ਨਹੀਂ ਕਰਨਾ ਪੈਂਦਾ । ਉਹਦੇ ਪਰਿਵਾਰ ਦੇ ਦੁੱਖਾਂ ਦੀਆਂ ਜੜ੍ਹਾਂ ਆਰਥਿਕ ਤੰਗੀਆਂ ਤੁਰਸ਼ੀਆਂ ਦੇ ਉਲਟ ਮੁਕਾਬਲਤਨ ਬਹੁਲਤਾ ਤੇ ਖੁਸ਼ਹਾਲੀ ਕਾਰਨ ਪੈਦਾ ਹੋਈ ਉਸ ਚਰਿਤ੍ਰਗਤ ਸਥਿਤੀ ਵਿਚ ਹਨ, ਜਿਸ ਕਾਰਣ ਉਹ ਹੱਡ-ਭੰਨਵੀਂ ਮੁਸ਼ੱਕਤ ਵਲੋਂ ਮੂੰਹ ਮੋੜਕੇ ਆਪਣੀ, 'ਟੌਅਰ' ਨੂੰ ਬਰਕਰਾਰ ਰੱਖਣ ਲਈ ਆਪਣੇ ਸਮੇਂ ਤੇ ਸਾਧਨਾਂ ਨੂੰ ਖਾਈ-ਹੰਢਾਈ ਵਿਚ ਹੀ ਉਡਾ ਸੁੱਟਣ ਦੀ ਦਲਦਲ ਵਿਚ ਅਜੇਹਾ ਫਸ ਜਾਂਦਾ ਹੈ ਜਿਸਤੋਂ ਮੌਤ ਉਹਨੂੰ ਤਾਂ ਮੁਕਤ ਕਰ ਦਿੰਦੀ ਹੈ ਪਰ ਉਹਦੇ ਪਰਿਵਾਰ ਨੂੰ ਅਜੇਹੇ ਚਕ੍ਰਵਿਊ ਵਿਚ ਫਸਾ ਸੁੱਟਦੀ ਹੈ ਜਿਸ ਵਿਚੋਂ ਨਿਕਲਣ ਦਾ ਸੌਖਾ ਰਾਹ ਕੋਈ ਨਜ਼ਰ ਨਹੀਂ ਆਉਂਦਾ । ਉਹਦੀ ਮ੍ਰਿਤੂ ਉਪਰੰਤ ਟੱਬਰ ਦੇ ਦੂਜੇ ਜੀਅ ਉਹਦੀ ਜ਼ਿੰਦਗੀ ਦਾ ਲੇਖਾ ਜੋਖਾ ਕਾਰਨ ਮਗਰੋਂ ''ਘਰ ਦੇ ਸਾਈ'' ਦੇ 'ਵੇਲੇ ਸਿਰ ਤੁਰ ਜਾਣ 'ਤੇ ਸੁਰਖਰੂ ਹੋਏ ਮਹਿਸੂਸ ਕਰਦੇ ਹਨ ।' ਪਰ ਸੁਰਖਰੂ ਹੋਣ ਦਾ ਇਹ ਅਹਿਸਾਸ ਵਿਕ ਜਾਣ ਤੋਂ ਬਚੇ ਹੋਏ 'ਦੋਂਹ ਕੀਲਿਆਂ' ਦੇ ਸੰਦਰਭ ਵਿਚ ਹੀ ਸਾਰਥਿਕ ਹੈ । ਇਸ ਤੋਂ ਅਗਾਂਹ ਪਲੇਠੀ ਦੇ ਪੁਤਰ ਅਮਰੀਕ ਦੇ ਸਿਰ ਉਪਰ ਨਿੱਕੀ ਨੰਨ੍ਹੀ ਕਬੀਲਦਾਰੀ ਨੂੰ ਨਜਿਠਣ

ਨਾਲ ਸੰਬੰਧਿਤ 'ਫਰਜ਼' ਅਤੇ ਵਿਰਸੇ ਵਿਚੋਂ ਮਿਲੇ ਕਰਜ਼ਿਆਂ ਦਾ ਦੈਂਤ ਮੂੰਹ ਟੱਡੀ ਖਲੋਤਾ ਹੈ। "ਅੰਗ ਸੰਗ" ਦੀਆਂ ਬਹੁਤੀਆਂ ਕਹਾਣੀਆਂ ਦੇ ਭਿਅੰਕਰ ਯਥਾਰਥ ਦਾ ਬੋਧ ਇਸ ਅਮਰੀਕ ਸਿੰਘ ਦੇ ਪੈਂਤੜੇ ਤੋਂ ਖਲੋਕੇ ਹੀ ਧਾਰਨ ਕੀਤਾ ਜਾਣਾ ਉਚਿਤ ਹੈ । ਇਹ ਅਮਰੀਕ ਸਿੰਘ ਵੀਹ ਵਿਸਵੇ ਵਰਿਆਮ ਸਿੰਘ ਆਫ ਸੁਰ ਸਿੰਘ, ਜ਼ਿਲਾ ਲਾਹੌਰ, ਆਪ ਹੀ ਹੈ ਜੋ 'ਡੁਬਦਾ ਤਰਦਾ' ਵਿਚਲਾ 'ਉਹ' ਤੇ 'ਅਸਲੀ ਤੇ ਵੱਡੀ ਹੀਰ' ਦਾ ਨਾਇਕ ਤੇ'ਗੁਰਮੁੱਖ ਸਿੰਘ' ਵਿਚਲਾ'ਮੈਂ','ਹਨੇਰੀ' ਵਿਚਲਾ ਚਾਨਣ,ਅਤੇ'ਤਾਰ ਤੇ ਤੁਰਦਾ ਆਦਮੀ' ਦਾ ਭਾ ਜੀ ਹੈ,ਜੋ 'ਸੁਨਹਿਰੀ ਕਿਣਕਾ' ਤੇ'ਡੂੰਮ੍ਹ' ਵਿਚ ਆਪ ਪਾਤਰ ਹੋਣ ਦੀ ਥਾਂ ਲੇਖਕ ਦੇ ਤੌਰ 'ਤੇ ਅਦ੍ਰਿਸ਼ਟ ਰੂਪ ਵਿਚ ਰਮਿਆ ਰਚਿਆ ਹੋਇਆ ਹੈ। ਤੇ 'ਜ਼ੰਜੀਰਾਂ' ਵਿਚ ਸਾਬਕਾ ਫ਼ੌਜੀ ਦੇ ਮੂੰਹ ਚੜ੍ਹ ਕੇ ਆਪਣੇ ਪਾਠਕਾਂ ਨਾਲ ਸੰਵਾਦ ਰਚਦਾ ਹੈ।

ਏਸੇ ਤਰ੍ਹਾਂ 'ਸੁਨਹਿਰੀ ਕਿਣਕਾ' ਵਿਚ ਥੋੜੀ ਜਿਹੀ ਰੇਪੜ ਜ਼ਮੀਨ ਵਿਚ ਮਿੱਟੀ ਨਾਲ ਮਿੱਟੀ ਹੋਣ ਦੀ ਮਜਬੂਰੀ ਫੌਜੂ ਦੀ ਦੁਰਦਸ਼ਾ ਦਾ ਆਰਜ਼ੀ ਕਾਰਨ ਹੀ ਹੈ। ਇਹ ਕਾਰਨ ਤਾਂ ਉਹਦੇ ਵੱਡੇ ਭਾਈ ਦੀ ਪਰਦੇਸਾਂ ਵਿਚ ਕੀਤੀ ਕਮਾਈ ਨਾਲ ਛਾਂਈਂ-ਮਾਈਂ ਹੋ ਜਾਂਦਾ ਹੈ। ਫੌਜੂ ਦੇ ਸੰਤਾਪ ਦੀਆਂ ਤੰਦਾਂ ਬਾਹਰਲਿਆਂ ਨਾਲ ਕਿਸੇ ਦਿਸਦੇ ਪਿਸਦੇ ਝਗੜੇ ਝੇੜੇ ਦੀ ਥਾਂ ਆਪਣਿਆਂ ਨਾਲ ਹੀ ਅਦ੍ਰਿਸ਼ਟ ਬਖੇੜਿਆਂ ਵਿਚੋਂ ਹੀ ਲੱਭੀਆਂ ਜਾ ਸਕਦੀਆਂ ਹਨ। ਉਹ ਆਪਣਿਆਂ ਦੇ ਖੇਖ਼ਨਹਾਰੇ ਮੋਹ ਵਿਚ ਲਪੇਟੇ ਵਲ ਛਲ ਹੱਥੋਂ ਲੁੱਟੇ ਜਾਣ ਦੇ ਫਲਸਰੂਪ ਆਪਣੇ ਘਰ ਦੇ ਜੀਆਂ ਤੇ ਆਪਣੇ ਹੀ ਤੁਖਮ ਤੋਂ ਪੈਦਾ ਹੋਏ ਭਜਨੇ ਲਈ ਹੀ ਓਪਰਾ-ਪਰਾਇਆ ਨਹੀਂ ਹੋ ਜਾਂਦਾ ਸਗੋਂ ਆਪਣੇ ਆਪ ਨਾਲੋਂ ਵੀ ਵਿਛੁੰਨਿਆ ਜਾਣ ਕਾਰਨ ਸਮੁੱਚੇ ਪਿੰਡ ਲਈ ਅਜੇਹੀ ਹਾਸੋ ਹੀਣੀ ਸਥਿਤੀ ਦਾ ਪਾਤਰ ਬਣ ਜਾਂਦਾ ਹੈ ਜਿਸ ਨਾਲ ਆਂਤਰਿਕ ਤਦਰੂਪਤਾ ਧਾਰਨ ਕਰ ਲੈਣ ਮਗਰੋਂ ਕੋਮਲ ਚਿੱਤ ਪਾਠਕ ਉਹਦੇ ਉਪਰਲੇ ਹਾਸੇ ਦੀ ਤਹਿ ਹੇਠ ਸੰਘਣੀ ਗਮਰੁੱਠਤਾ ਤੇ ਗਹਿਰੇ ਅਹਿਸਾਸਾਂ ਨਾਲ ਧੁਰ ਅੰਦਰੋਂ ਗ੍ਰਹਿਣਿਆ ਜਾਂਦਾ ਹੈ ।

ਵਰਿਆਮ ਸੰਧੂ ਨੇ ਪਰਿਵਾਰਕ ਰਿਸ਼ਤਿਆ ਵਿਚ ਵਾਪਰੇ ਇਸ ਦੁਖਾਂਤ ਨੂੰ ਪੈਸੇ ਜਾਂ ਜ਼ਮੀਨ ਦੇ ਮੋਹ ਕਾਰਨ ਵੱਖੋ ਵੱਖਰੇ ਜੀਆਂ ਦੇ ਆਪਸੀ ਦੁੱਖ ਜਾਂ ਉਹਨਾਂ ਦੇ ਵਿਅਕਤੀਗਤ ਚਰਿਤੱਰ ਦੀਆਂ ਅੰਤਰ-ਨਿਹਿਤ ਫੈਲਸੂਫੀਆਂ ਤੀਕ ਹੀ ਸੀਮਿਤ ਨਹੀਂ ਕੀਤਾ ਸਗੋਂ ਇਸ ਹਾਲਤ ਨੂੰ ਹੋਰ ਦਿਸ਼ਾਵਾਂ ਤੋਂ ਸਮਝਣ ਬਿਆਨਣ ਦਾ ਵੀ ਉਪਰਾਲਾ ਕੀਤਾ ਹੈ।

ਉਦਾਹਰਣ ਵਜੋਂ 'ਗੁਰਮੁੱਖ ਸਿੰਘ' ਤੇ ਉਨ੍ਹਾਂ ਦੇ ਟੱਬਰ ਦੇ ਹੋਰ ਪਰਾਣੀਆਂ ਵਿਚਕਾਰ ਅਜੇਹਾ ਕੋਈ ਵਿਅਕਤੀਗਤ ਛਿੱਦਰ ਜਾਂ ਪਰਸਪਰ ਵਿਰੋਧ ਵਿਦਮਾਨ ਨਹੀਂ।'ਡੂੰਮ੍ਹ'ਦਾ ਤੇਜੂ ਤੇ'ਗੁਰਮੁਖਸਿੰਘ'ਦੇ ਉਤਮ ਪੁਰਖੀ ਪਾਤਰ ਦਾ ਬਾਪੂ ਦੋਵੇਂ ਮਿੱਟੀ ਨਾਲ ਮਿੱਟੀ ਹੋਣ ਵਾਲੇ ਪ੍ਰਤਿਨਿਧ ਪਰਸੁਆਰਥੀ ਕਿਸਾਨ-ਜੀਊੜੇ ਹਨ। ਇਸਦੇ ਬਾਵਜੂਦ'ਡੂੰਮ੍ਹ'ਦੇ ਤੇਜੂ ਤੇ ਉਹਦੇ ਪੁੱਤਰ ਤਾਰੇ ਦੇ ਦਰਮਿਆਨ ਪਿੱਤਰੀ ਮੋਹ ਜਾਂ ਵਾਤਸਲ ਦੀਆਂ ਕੋਮਲ ਭਾਵਨਾਵਾਂ ਗਾਇਬ ਹਨ। ਤਾਰੇ ਕੋਲ ਮਰਨ-ਕਿਨਾਰੇ ਪੁੱਜੇ ਆਪਣੇ ਪਿਤਾ ਲਈ ਉਹਦੇ ਚਿੱਤ ਨੂੰ ਕਿਸੇ ਤਿਫਲ ਤਸੱਲੀ ਦਾ ਠੱਮਣਾ ਦੇਣ ਲਈ ਮੋਹ ਭਿੱਜੇ ਦੋ ਸ਼ਬਦ ਵੀ ਨਹੀਂ। ਤੇਜੂ ਘੋਰ ਕਾਲੀ ਰਾਤ ਦੇ ਸੰਘਣੇ ਹਨੇਰੇ ਵਿਚ ਪਰਾਲੀ ਦੇ ਬਿਸਤਰੇ ਉਪਰ ਸੁੱਤਾ ਆਪਣੇ ਪੁੱਤਰ ਵਲੋਂ ਅਸਲੋਂ ਹੀ ਅਣਗੌਲਿਆ ਪ੍ਰਾਣ ਤਿਆਗ ਦਿੰਦਾ ਹੈ। ਆਪਸੀ ਰਿਸ਼ਤਿਆਂ ਦੇ ਇਸ ਹੱਦ ਤੀਕ ਪਥਰਾਏ ਜਾਣ ਦੀ ਦਸ਼ਾ ਨੂੰ ਸੰਧੂ ਨੇ ਗੁਲੰਮ ਬਣੇ ਕੰਮ ਦੇ ਭਾਰ ਹੇਠ ਦਮ ਤੋੜਦੇ ਵਿਖਾਇਆ ਹੈ। ਲਵੀ ਉਮਰ ਵਿਚ ਕਿਸਾਨ-ਪੁੱਤਰ ਤੋਂ ਸੀਰੀ ਬਣੇ ਆਪਣੇ ਨਵੇਂ ਮਾਲਕਾਂ-ਸ਼ਰੀਕਾਂ ਦੇ ਕੰਮ ਦੀ ਚੱਕੀ ਝੋ ਕੇ

ਚਿਰ ਰਾਤੀਂ ਘਰ ਪਰਤੇ ਥੱਕੇ ਟੁੱਟੇ ਤਾਰੇ ਨੂੰ ਉਮਰ ਭਰ ਗਰੀਬੀ ਤੇ ਮੁਸ਼ੱਕਤ ਦਾ ਦਸੌਂਟਾ ਕੱਟਦੀ ਆਈ ਹੰਭੀ ਹੁੱਟੀ ਆਪਣੀ ਮਾਂ ਦੇ ਸੜੇ-ਬਲੇ ਬੋਲ ਸੁਣਨੇ ਪੈਂਦੇ ਹਨ। ਅਜਿਹੀ ਸਤਾਵੀਂ ਸਥਿਤੀ ਵਿਚ ਆਪਣੇ ਮਾਤਾ ਪਿਤਾ ਦ ਹਿਰਦੇ ਵਿਚ ਠੰਡ ਪਾਉਣ ਵਾਲੇ ਵਚਨਾਂ ਦਾ ਉਚਾਰ ਕਲਪਿਤ ਸੰਸਾਰ ਵਿਚ ਵਸਣ ਵਾਲੇ ਕਿਸੇ ਆਦਰਸ਼ਵਾਦੀ ਕਥਾ ਲੇਖਕ ਦੇ ਪਾਤਰ ਬਣੇ ਤਾਰੇ ਦੇ ਮੂੰਹੋਂ ਹੋਵੇ ਤਾਂ ਪਿਆ ਹੋਵੇ, ਆਪਣੇ ਪਾਤਰਾਂ ਦੀ ਤਲਖ ਮਾਨਸਿਕਤਾ ਨੂੰ ਸਹੀ ਰੂਪ ਵਿਚ ਪ੍ਰਸਤੁਤ ਕਰਨ ਵਾਲੇ ਯਥਾਰਥਵਾਦੀ ਵਰਿਆਮ ਦੀਆਂ ਕਹਾਣੀਆਂ ਵਿਚੋਂ ਅਜਿਹੀ ਆਸ ਰੱਖਣੀ ਹੀ ਨਿਰਮੂਲ ਹੈ। ਸੜੀ ਬਲੀ ਮਾਨਸਿਕਤਾ ਨੂੰ ਉਹਦੇ ਪੂਰੇ ਝੁਲਸਵੇਂ ਸੇਕ ਵਿਚ ਪੇਸ਼ ਕਰ ਸਕਣ ਵਿਚ ਹੀ ਵਰਿਆਮ ਸੰਧੂ ਦੀ ਕਥਾ ਰਚਨਾ ਅੰਦਰਲੀ ਸਜਿੰਦਤਾ ਦਾ ਵੱਡਾ ਭੇਦ ਹੈ ।

"ਗੁਰਮੁਖ ਸਿੰਘ" ਵਿਚਲੇ ਪਿਉ ਪੁਤਰ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਡਾਂਹ ਕੇ ਮਿਹਨਤ ਕਰਨ, ਆਪਸੀ ਕਦਰ ਸ਼ਨਾਸੀ ਤੇ ਮਾਨਵੀ ਮੋਹ ਦੀਆਂ ਭਾਵਨਾਵਾਂ ਨਾਲ ਭਰੇ ਭੁਕੰਨੇ ਹੋਣ ਦੇ ਬਾਵਜੂਦ ਸੁਖਾਵੀਂ ਦੀ ਥਾਂ ਵਿਸ਼ਾਦ ਮਾਨਸਿਕਤਾ ਵਿਚ ਹੀ ਫਾਥੇ ਪਏ ਹਨ। ਪਿਤਾ ਦੀ ਮੌਤ ਤੋਂ ਮਗਰੋਂ ਪੁੱਤਰ ਆਪਣੇ ਪਰਿਵਾਰਕ ਫਰਜ਼ ਪੂਰੇ ਕਰਨ ਹਿਤ ਆਪਣੀ ਆਮਦਨ ਨੂੰ ਵਧਾਉਣ ਦੇ ਹੋਰ ਵਸੀਲੇ ਭਾਲਦਾ ਹੈ। ਉਹ ਪੰਚਾਇਤ ਦੀ ਬੰਜਰ ਧਰਤੀ ਠੇਕੇ 'ਤੇ ਲੈਂਦਾ ਹੈ ਪਰ ਇਹ ਧਰਤੀ ਜਦੋਂ 'ਸੋਨਾ ਉਗਲਣ' ਦੇ ਸਮਰਥ ਹੁੰਦੀ ਭਾਸਦੀ ਹੈ ਤਾਂ ਪਿੰਡ ਦਾ ਰੱਜਿਆ-ਫਿੱਟਿਆ ਸਰਪੰਚ ਉਪਰੋਂ ਉਤਰੀ ਆਫਤ ਵਾਂਗ ਉਚੀ ਬੋਲੀ ਦੇਕੇ ਇਸ ਜ਼ਮੀਨ ਨੂੰ ਝਪੱਟਾ ਮਾਰ ਆਪਣੇ ਟੈਰਕਟਰ ਹੇਠ ਲੈ ਆਉਂਦਾ ਹੈ। ਜੇ ਇਸ ਕਹਾਣੀ ਦਾ ਗਭਰੀਟ ਕਿਸਾਨ-ਮੁੰਡਾ ਸਰਪੰਚ ਦੇ ਕਿਸੇ ਖੜਸੁੱਕ ਦੁਹਾਜੂ ਰਿਸ਼ਤੇਦਾਰ ਨਾਲ ਆਪਣੀ ਭੈਣ ਦਾ ਰਿਸ਼ਤਾ ਪ੍ਰਵਾਨ ਕਰ ਲੈਂਦਾ ਤਾਂ ਇਹ ਸਥਿਤੀ ਟਲ ਵੀ ਸਕਦੀ ਸੀ। ਪਰ ਵਰਿਆਮ ਦੇ ਪਾਤਰਾਂ ਨੂੰ ਅਜਿਹਾ ਤਾਂ ਕੀ, ਕਿਸੇ ਵੀ ਕਿਸਮ ਦਾ ਕੋਈ ਸਮਝੌਤਾ ਪ੍ਰਵਾਨ ਨਹੀਂ। ਸਿੱਟੇ ਵਜੋਂ ਉਹ ਆਪੋ ਆਪਣੀ ਸਥਿਤੀ ਦਾ ਸੰਤਾਪ ਭੋਗਦੇ ਅੰਦਰ-ਖਾਤੇ ਸੜਦੇ ਕ੍ਰਿਝਦੇ ਤਾਂ ਹਨ ਪਰ ਕਿਸੇ ਅੱਗੇ ਹੱਥ ਨਹੀਂ ਟਡਦੇ ਸਗੋਂ ਸਦਾ ਘਾਤ ਲਾਕੇ ਬੈਠੇ, ਜਦ ਵੀ ਦਾਅ ਲੱਗੇ ਆਪਣੇ ਵਿਅੰਗ ਭਰੇ ਬੋਲਾਂ ਦੇ ਨਸ਼ਤਰ ਨਾਲ ਆਪਣੇ ਵਿਰੋਧੀਆਂ ਨੂੰ ਠਿੱਠ ਕਰਕੇ ਆਪਣੇ ਮਨ ਦੀ ਭੜਾਸ ਜ਼ਰੂਰ ਕੱਢਦੇ ਹਨ ।

ਕਿਰਸਾਣੀ ਜੀਵਨ ਵਿਚ ਵਾਪਰੇ ਸੰਕਟ ਨੂੰ ਕਿਸਾਨਾਂ ਦੀਆਂ ਵਿਅਕਤੀਗਤ ਸੀਮਾਵਾਂ, ਸਭਿਆਚਾਰਕ ਸੰਸਕਾਰਾਂ ਅਤੇ ਰਿਸ਼ਤਿਆਂ ਪਰਿਵਾਰ ਦੀਆਂ ਇਕਾਈਆਂ ਦੇ ਹੱਦਾਂ-ਬੰਨਿਆਂ ਤੋਂ ਬਾਹਰਲੇ ਸੰਦਰਭ ਵਿਚ ਵੀ ਸਮਝਣ ਦੀ ਲੋੜ ਹੈ ਅਤੇ 'ਅੰਗ ਸੰਗ' ਦੀਆਂ ਕਹਾਣੀਆਂ ਅਜੇਹੀ ਲੋੜ ਵਲੋਂ ਵੀ ਬੇਮੁੱਖ ਨਹੀਂ। 'ਕਿਥੇ ਗਏ', 'ਹਨੇਰੀ', 'ਅਸਲੀ ਤੇ ਵੱਡੀ ਹੀਰ', 'ਗੁਰਮੁੱਖ ਸਿੰਘ' ਤੇ 'ਡੁੰਮ੍ਹ' ਵਿਚ ਇਸ ਵਿਸ਼ਾਲਤਰ ਸੰਦਰਭ ਨੂੰ ਪਛਾਣਯੋਗ ਬਣਾਉਣ ਦੇ ਯਤਨ ਸਹਿਜੇ ਹੀ ਉਪਲ-ਬੱਧ ਹੋ ਜਾਂਦੇ ਹਨ ।

ਇਹਨਾਂ ਕਹਾਣੀਆਂ ਵਿਚਲੇ ਵਿਭਿੰਨ ਵੇਰਵਿਆਂ ਨੂੰ ਜੇ ਇਕੋ ਸੂਤਰ ਵਿਚ ਬੰਨ੍ਹਕੇ ਪੇਸ਼ ਕਰਨਾ ਹੋਵੇ ਤਾਂ ਇਵੇਂ ਆਖਿਆ ਜਾ ਸਕਦਾ ਹੈ ਕਿ ਕਿਰਸਾਣੀ ਦੇ ਸੰਕਟ ਦਾ ਮੁਖ ਭੇਦ ਬੀਤੇ ਦਹਾਕੇ ਡੇਢ ਦਹਾਕੇ ਦੌਰਾਨ ਪੰਜਾਬ ਵਿਚ ਹਰੇ ਇਨਕਲਾਬ ਦੇ ਵਾਪਰਨ ਦੀ ਪ੍ਰਕ੍ਰਿਆ ਵਿਚ ਪਿਸੇ ਦਰਮਿਆਨੇ ਤੇ ਸੀਮਾਂਤਕ ਕਿਸਾਨਾਂ ਦੇ ਖੇਤੀਬਾੜੀ ਵਿਚੋਂ ਬੇਦਖਲ ਹੋਣ ਦੇ ਨੁਕਤੇ 'ਚ ਛੁਪਿਆ ਹੋਇਆ ਹੈ। ਜ਼ਾਤ ਪਾਤ ਦੀ ਪ੍ਰਥਾ ਨਾਲ ਸੰਬੰਧਿਤ ਸ਼ਬਦਾਵਲੀ ਵਿਚ ਵਰਿਆਮ ਸੰਧੂ ਨੇ ਇਸ ਪ੍ਰਕ੍ਰਿਆ ਨੂੰ ਜੱਟਾਂ ਦੇ ਕੰਮੀ

ਕਮੀਣ ਬਣ ਜਾਣ ਦੀ ਤ੍ਰਾਸਦਿਕ ਮਜਬੂਰੀ ਦਾ ਨਾਂ ਦਿਤਾ ਹੈ। ਸੰਧੂ ਅਨੁਸਾਰ ਜ਼ਮੀਨ ਵਿਚੋਂ ਜੜ੍ਹਾਂ ਪੁਟੀਆਂ ਜਾਣ ਕਾਰਣ ਓਪਰੇ ਵਾਤਾਵਰਣ ਵਿਚ ਜਾਣ ਕਿਸਾਨ ਡੌਰ ਭੌਰ ਹੋ ਜਾਂਦਾ ਹੈ। 'ਕਿਥੇ ਗਏ' ਦਾ ਬਚਨ ਅਜਿਹੀ ਡੌਰ ਭੌਰਤਾ ਦਾ ਚਿੰਨ੍ਹ ਮਾਤਰ ਹੈ। 'ਸੁਨਿਹਰੀ ਕਿਣਕਾ' ਦੇ 'ਤਾਰੋ' ਤੇ 'ਗੁਰਮੁਖ ਸਿੰਘ' ਵਿਚਲੇ 'ਉਹ' ਦੇ ਰੂਪਾਂਤਰ ਨੂੰ ਭਾਂਵੇਂ ਹਾਲੇ ਪਿੰਡ ਛੱਡਕੇ ਸ਼ਹਿਰ ਜਾਣ ਦੀ ਮਜਬਰੀ ਦਾ ਸਾਹਮਣਾ ਨਹੀਂ ਕਰਨਾ ਪਿਆ, ਉਹਨਾਂ ਦੀਆਂ ਜੜ੍ਹਾਂ ਜ਼ਮੀਨ ਵਿਚੋਂ ਭਾਵੇਂ ਪੁਟੀਆਂ ਨਹੀਂ ਗਈਆਂ ਪਰੰਤੂ ਡੂੰਘੀ ਤਹਿ ਤੋਂ ਹਿੱਲ ਏਸ ਹੱਦ ਤੀਕ ਗਈਆਂ ਹਨ ਕਿ ਪਿੰਡ ਵਿਚ ਉਹਨਾਂ ਦੇ ਮੁੜ ਮੌਲਣ ਦੀ ਕੋਈ ਆਸ ਬਾਕੀ ਨਹੀਂ ਰਹਿ ਗਈ।

ਵਿਚਾਰ ਅਧੀਨ ਕਾਲ-ਖੰਡ ਵਿਚ ਪੰਜਾਬ ਵਿਚ ਖੇਤੀ ਦੇ ਸਨਅਤੀਕਰਨ ਦੇ ਤੇ ਨਾਗਰਿਕੀ-ਕਰਣ ਦੇ ਸਮੁਚੇ ਅਮਲ ਦੀ ਮਾਰ ਹੇਠ ਕੇਵਲ ਜੱਟ ਜ਼ਿਮੀਦਾਰ ਹੀ ਨਹੀਂ ਆਏ ਸਗੋਂ ਸਦੀਆਂ ਤੋਂ ਪਿੰਡਾਂ ਦੇ ਅਨਿਖੱੜ ਅੰਗ ਬਣ ਕੇ ਰਚੇ ਮਿਚੇ ਸੰਗਠਿਤ ਪੇਂਡੂ ਭਾਈਚਾਰੇ ਦੇ ਹੋਰ ਜ਼ਾਤਾਂ ਦੇ ਲੋਕਾਂ ਨੂੰ ਵੀ ਆਪਣੇ ਜੱਦੀ ਪੁਸ਼ਤੀ ਘਰਾਂ ਤੇ ਧੰਦਿਆਂ ਤੋਂ ਹੱਥ ਧੋਣੇ ਪਏ ਹਨ। ਆਪੋ ਆਪਣੀ ਥਾਹੀਂ ਉਹਨਾਂ ਸਭਨਾਂ ਨੂੰ ਵੀ ਇਸ ਸਥਿਤੀ ਦੀ ਤ੍ਰਾਸਦੀ ਨੂੰ ਭੋਗਣਾ ਪਿਆ ਹੈ। ਪਰ 'ਅੰਗ ਸੰਗ' ਬਾਰੇ ਚਰਚਾ ਕਰਨ ਸਮੇਂ ਜੱਟ ਮਾਲਕ-ਕਿਸਾਨ ਦੇ ਕੰਮੀ-ਕਮੀਣ ਜਾਂ ਹੋਰ ਵਧੇਰੇ ਸਹੀ ਅਰਥਾਂ ਵਿਚ ਕਿਸਾਨ ਦੇ ਖੇਤ ਮਜ਼ਦੂਰ ਤੇ ਸ਼ਹਿਰਾਂ ਵਿਚ ਦਿਹਾੜੀਦਾਰ ਬਣਨ ਦੀ ਮਜਬੂਰੀ ਤੇ ਤੱਥ ਤੀਕ ਸੀਮਿਤ ਰਹਿਣਾ ਹੀ ਵਧੇਰੇ ਯੋਗ ਹੋਵੇਗਾ। ਇਸ ਅਟੱਲ ਇਤਿਹਾਸਕਗਤੀ ਦੇ ਚੱਕਰ ਵਿਚ ਜੱਟ ਕਿਸਾਨ ਨੂੰ ਕੇਵਲ ਜੱਦੀ ਕਿੱਤੇ ਦੇ ਅਚਾਨਕ ਪਰਿਵਰਤਨ ਨਾਲ ਸੰਬੰਧਿਤ ਦੁਖ ਹੀ ਨਹੀਂ ਸਹਿਣਾ ਪਿਆ, ਸਗੋਂ ਕਈ ਸਦੀਆਂ ਤੋਂ ਸਥਾਪਿਤ ਉਹਦੇ ਜਟਊਪੁਣੇ ਦੀ ਹੈਂਕੜ ਵੀ ਕੁਚਲੀ ਮਧੋਲੀ ਗਈ ਹੈ। ਜਟਊਪੁਣੇ ਦੀ ਇਸ ਮੌਤ ਪੁਰ ਪਾਏ ਕੀਰਨਿਆਂ ਦੀ ਹੂਕ ਵਰਿਆਮ ਦੀਆਂ ਉਕਤ ਕਹਾਣੀਆ ਵਿਚੋਂ ਸਹਿਜੇ ਹੀ ਸੁਣੀ ਜਾ ਸਕਦੀ ਹੈ। ਵਰਿਆਮ ਦੇ ਸਾਰੇ ਪਾਠਕ/ਆਲੋਚਕ ਸ਼ਾਇਦ ਜਟਊਪੁਣੇ ਦੀ ਇਸ ਮੌਤ ਉਪਰ ਉਹਦੇ ਨਾਲ ਰਲਕੇ ਉਸ ਜੇਹੀ ਵਿਆਕੁਲਤਾ ਨਾਲ ਆਤਰ ਹੋਕੇ ਹਾਅ ਦਾ ਨਾਅਰਾ ਤਾਂ ਸ਼ਾਇਦ ਨਾ ਮਾਰ ਸਕਣ ਪਰ ਇਸ ਸਮੁਚੇ ਅਮਲ ਨੂੰ ਇਤਿਹਾਸਕ ਗਤੀ ਦੇ ਪ੍ਰਸੰਗ ਵਿਚ ਸਮਝਣ ਦੀ ਲੋੜ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ।

ਪੰਜਾਬ ਵਿਚ ਹਰਾ ਇਨਕਲਾਬ ਵਾਪਰਿਆ ਹੈ। ਇਹ ਕੇਵਲ ਬਹਾਰ ਦੇ ਅੰਨ੍ਹਿਆਂ ਨੂੰ ਹੀ ਹਰਾ ਹਰਾ ਨਜ਼ਰ ਨਹੀਂ ਆਉਂਦਾ ਸਗੋਂ ਕਿਸੇ ਵੀ ਮੌਸਮ ਦੇ ਅੰਨੇ ਲਈ ਉਹਦੀ ਹੋਂਦ ਤੋਂ ਹੀ ਮੁਨਕਰ ਹੋ ਸਕਣਾ ਅਸੰਭਵ ਹੈ। ਏਨਾ ਹੀ ਅਸੰਭਵ ਇਸ ਤੱਥ ਤੋਂ ਮੁਨਕਰ ਹੋਣਾ ਹੈ ਕਿ ਹਰੇ ਇਨਕਲਾਬ ਦੀ ਹਰਿਆਲੀ ਚੁਰਾ ਕੁਝ ਜ਼ੋਰਾਵਰ ਤੇ ਮਾਰਨਖੁੰਢੇ ਸੰਢੇ ਹੀ ਗਏ ਹਨ, ਬਾਕੀ ਹਮ੍ਹਾ-ਤੁਮਾਂ ਦੀ ਸਿਹਤ 'ਤੇ ਇਸਦਾ ਕੋਈ ਬਹੁਤਾ ਅਸਰ ਨਹੀਂ ਪਿਆ। ਇਥੇ ਇਸ ਗੱਲ ਵਲ ਸੰਕੇਤ ਕਰ ਦੇਣਾ ਵੀ ਜਰੂਰੀ ਹੈ ਕਿ ਪੰਜਾਬ ਦੇ ਪਿੰਡ ਵਾਸੀਆਂ ਦੇ ਚਿਹਰਿਆਂ 'ਤੇ ਜਿਹੜੀ ਰੌਣਕ ਨਜ਼ਰ ਆ ਰਹੀ ਹੈ ਉਸਦੇ ਕਾਰਨ ਖੇਤੀਬਾੜੀ ਦੇ ਧੰਦੇ 'ਚੋਂ ਉਪਜੀ ਬਹੁਲਤਾ ਵਿਚ ਹੀ ਨਹੀਂ ਸਗੋਂ ਦੇਸ਼ ਦੀਆਂ ਹੱਦਾਂ ਤੋਂ ਬਾਹਰ ਕੀਤੀਆਂ ਮਿਹਨਤਾਂ ਤੇ ਪੰਜਾਬੀਆਂ ਦੇ ਆਮ ਪੋਰਖੀ ਸੁਭਾ ਵਿਚ ਵਿਦ-ਮਾਨ ਹਨ।

ਨਵੇਂ ਬੀਜ, ਦੋਗਲੀਆਂ ਫਸਲਾਂ, ਬਹੁ-ਫਸਲੀ ਚੱਕਰ, ਰਸਾਇਣਕ ਖਾਦਾਂ ਤੇ ਖੇਤੀ ਬਾੜੀ ਦੇ ਮਸ਼ੀਨੀ ਸੰਦਾਂ ਤੋਂ ਬਿਨਾਂ ਵਡੇਰੀ ਜ਼ਮੀਨ-ਮਾਲਕੀ ਹਰੇ ਇਨਕਲਾਬ ਤੋਂ ਪੂਰਾ ਲਾਭ ਲੈਣ ਦੀਆਂ

ਮੁਢਲੀਆਂ ਲੋੜਾਂ ਹਨ। ਇਹਨਾਂ ਲਈ ਚਾਹੀਦੀ ਪੂੰਜੀ-ਲਾਗ ਛੋਟੇ ਤੇ ਸੀਮਾਂਤਕ ਕਿਸਾਨਾਂ, ਜੋ ਨਿਸਚੇ ਹੀ ਕਿਸਾਨ ਵਸੋਂ ਦਾ ਵਡੇਰਾ ਭਾਗ ਹਨ, ਦੀ ਪਹੁੰਚ ਤੋਂ ਬਾਹਰਲੀ ਗੱਲ ਸੀ। ਇਸ ਲਈ ਹਰੇ ਇਨਕਲਾਬ ਦਾ ਮੁਖ ਲਾਭ ਧਨੀ ਕਿਸਾਨਾਂ ਤੀਕ ਹੀ ਸੀਮਿਤ ਰਿਹਾ, ਜਿਨ੍ਹਾਂ ਦੇ ਕੋਲ ਖੇਤੀ ਬਾੜੀ ਵਿਚ ਲਾਇਆ ਜਾਣ ਵਾਲਾ ਲੋੜੀਂਦਾ ਸਰਮਾਇਆ ਸੀ ਤੇ ਉਹ ਆਪਣੇ ਰਾਜਸੀ ਅਸਰ ਰਸੂਖ ਤੇ ਸਹਿਕਾਰੀ ਬੈਂਕਾਂ/ਸੋਸਾਇਟੀਆਂ ਉਪਰ ਆਪਣੀ ਚੌਧਰ ਕਾਰਨ ਇਹ ਸਰਮਾਇਆ ਹੋਰ ਸ੍ਰੋਤਾਂ ਤੋਂ ਜੁਟਾ ਸਕਣ ਦੇ ਵੀ ਸਮਰੱਥ ਸਨ। ਇਸ ਤੋਂ ਉਪਰੰਤ ਬਿਜਲੀ ਤੇ ਡੀਜ਼ਲ ਦੀ ਉਪਰੋਂ ਦਿਸਦੀ ਸਰਬ-ਵਿਆਪੀ ਥੁੜ ਤੇ ਪੈਦਾਵਾਰ ਦੀਆਂ ਮੁਕਾਬਲਤਨ ਘੱਟ ਕੀਮਤਾਂ ਕਾਰਨ ਪੈਦਾ ਹੋਈਆਂ ਔਕੜਾਂ ਦਾ ਸਾਹਮਣਾ ਵੀ ਵਧੇਰੇ ਕਰਕੇ ਗਰੀਬ ਕਿਸਾਨ ਵਸੋਂ ਨੂੰ ਕਰਨਾ ਪਿਆ ਹੈ। ਧਨੀ ਕਿਸਾਨਾਂ ਨੂੰ ਮਹਿੰਗੀ ਸਸਤੀ ਹਰ ਵਸਤੂ ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਨਾਲ ਮਿਲ ਹੀ ਜਾਂਦੀ ਹੈ। ਜਿਸ ਭੂਗੋਲਿਕ ਖੇਤਰ ਨਾਲ 'ਅੰਗ ਸੰਗ' ਦੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ ਉਸ ਵਿਚ ਵਸਦੇ ਬਹੁਤ ਸਾਰੇ ਕਥਿਤ ਕਿਸਾਨਾਂ ਦੀ ਅਮੀਰੀ ਕੋਈ ਫਸਲਾਂ ਦੀ ਬਹੁਲਤਾ 'ਤੇ ਹੀ ਨਿਰਭਰ ਨਹੀਂ ਕਰਦੀ। ਸਰਹੱਦ ਦੇ ਆਰ ਪਾਰ ਉਨ੍ਹਾਂ ਦੇ ਹੋਰ ਕਈ ਧੰਦੇ ਵੀ ਚਲਦੇ ਹਨ।

ਮੁਕਾਬਲੇ ਦੀ ਇਸ ਦੌੜ ਤੇ ਕੁਝ ਕੁ ਹਰ ਪੀੜ੍ਹੀ ਵਿਚ ਜ਼ਮੀਨ ਦੀ ਵੰਡ ਉਪ ਵੰਡ ਦੇ ਫ਼ਲ ਸਰੂਪ ਜ਼ਮੀਨ ਮਾਲਕੀ ਦੇ ਸੁੰਗੜ ਜਾਣ ਦੇ ਨਿਰੰਤਰ ਅਮਲ ਦੇ ਫਲਸਰੂਪ ਛੋਟੇ ਕਿਸਾਨਾਂ ਦੀ ਵਾਹੀ ਹੇਠ ਜ਼ਮੀਨ ਦੇ ਰਕਬੇ ਘਟਦੇ ਵਿਕਦੇ ਤੇ ਵੱਡੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਹੱਦ ਬੰਨੇ ਵਿਸਤ੍ਰਿਤ ਹੁੰਦੇ ਚਲੇ ਆ ਰਹੇ ਹਨ। ਇਸ ਤੱਥ ਨੂੰ ਸਹੀ ਸਿੱਧ ਕਰਨ ਲਈ ਬਹੁਤੇ ਪ੍ਰਮਾਣਾਂ ਦੀ ਲੋੜ ਨਹੀਂ ਕਿ ਘਟ ਜ਼ਮੀਨ ਵਡੇਰੇ ਕਿਸਾਨ ਪਰਿਵਾਰ ਦੀਆਂ ਖੁਸ਼ੀਆਂ ਦਾ ਖੌ ਹੁੰਦੀ ਹੈ। ਇਸ ਤੋਂ ਬਿਨਾ ਸਰਕਾਰੀ ਕਰਮਚਾਰੀਆਂ ਨਾਲ ਮਿਲੀ ਭੁਗਤ ਦੇ ਫਲਸਰੂਪ ਪਿੰਡ ਦੇ ਚੌਧਰੀ ਕਿਸਾਨ ਧੌਣ ਉਚੀ ਕਰਕੇ ਜੀਉਣ ਵਾਲੇ ਲੋਕਾਂ ਨੂੰ ਆਪਣੇ ਦੋਖੀ ਸਮਝਕੇ ਅਨਿਆਈ ਮੁਕੱਦਮੇਬਾਜ਼ੀ ਦੇ ਚੱਕਰ ਵਿਚ ਅਜਿਹਾ ਫਸਾਉਂਦੇ ਹਨ ਕਿ 'ਕਿਥੇ ਗਏ' ਦੇ ਬਚਨੇ ਵਾਂਗ ਉਹ ਕੇਵਲ ਆਪਣਾ ਮਾਨਸਿਕ ਸਮਤੋਲ ਹੀ ਨਹੀਂ ਗੁਆ ਬੈਠਦੇ ਸਗੋਂ ਉਨ੍ਹਾਂ ਦੇ ਘਰਾਂ ਦੇ ਚੁੱਲ੍ਹਿਆਂ ਵਿਚ ਘਾਹ ਵੀ ਉਗ ਆਉਂਦਾ ਹੈ। ਬਚਨੇ ਦੇ ਮਨੋਰੋਗ ਦਾ ਉਪਰਲਾ ਪੇਤਲਾ ਕਾਰਨ ਭਾਵੇਂ ਇਕ ਸ਼ਹਿਰੀ ਨੌਸਰਬਾਜ਼ ਦੁਆਰਾ ਕੀਤੀ ਗਈ ਸਾਈਕਲ ਚੋਰੀ ਹੀ ਭਾਸਦਾ ਹੈ। ਪਰ ਸਾਈਕਲ ਚੋਰ ਤਾਂ ਅਸਲ ਵਿਚ ਉਹ ਤੀਲਾ ਹੀ ਹੈ ਜਿਸ ਨਾਲ ਊਠ ਦੀ ਪਿੱਠ ਟੁਟ ਗਈ ਪ੍ਰਤੀਤ ਹੁੰਦੀ ਹੈ। ਪਰੰਤੂ ਉਸਦੇ ਮਨ ਉਪਰ ਅਸਲ ਭਾਰ ਤਾਂ ਪਿੰਡ ਦੇ ਨੰਬਰਦਾਰਾਂ ਦੀ ਸਾਜ਼ਿਸ਼ ਨਾਲ ਇਕ ਕਤਲ ਕੇਸ ਵਿਚ ਅਨਿਆਈਂ ਫਸਾਏ ਗਏ ਆਪਣੇ ਸੂਰਮੇ ਚਾਚੇ ਸੁੱਚੇ ਨੂੰ ਲੱਗੀ ਫਾਂਸੀ ਤੇ ਜਾਊ ਬਾਪ ਦੀਪੇ ਨੂੰ ਹੋਈ ਉਮਰ ਕੈਦ ਕਾਰਨ ਘਰੋਂ ਬੇਘਰ ਤੇ ਜ਼ਿਮੀਦਾਰ ਤੋਂ ਬੇਜ਼ਮੀਨ ਦਿਹਾੜੀਦਾਰ ਹੋਣ ਦੇ ਤੱਥ ਵਿਚੋਂ ਹੀ ਲੱਭਿਆ ਜਾ ਸਕਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਕਿਸਾਨਾਂ ਲਈ ਅਜਿਹੀ ਘੁੰਮਣ ਘੇਰੀ ਜਾਂ 'ਡੁੰਮ੍ਹ' ਵਿਚੋਂ ਬਾਹਰ ਨਿਕਲ ਆਉਣ ਦਾ ਕੋਈ ਰਾਹ ਹੈ ? 'ਅੰਗ ਸੰਗ' ਵਿਚ ਸੰਗ੍ਰਹਿਤ ਕਹਾਣੀਆਂ ਵਿਚ ਇਸ ਸੁਆਲ ਦੇ ਜੁਆਬ ਨਾਲ ਸੰਬੰਧਿਤ ਸੰਕੇਤਾਂ ਨੂੰ ਦ੍ਰਿਸ਼ਟੀ ਗੋਚਰ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਮਸਲੇ ਦਾ ਸਮੂਲਚਾ ਹੱਲ ਸਮੂਹ ਪੇਂਡੂ ਵਸੋਂ ਦੇ ਜ਼ਮੀਨ ਨਾਲ ਤੇ ਜੱਦੀ ਪੁਸ਼ਤੀ ਘਰਾਂ ਨਾਲ ਜੁੜੇ ਰਹਿਣ ਵਿਚ ਹੀ ਨਹੀਂ। ਕਿਸਾਨਾਂ ਸਮੇਤ ਸਮੁੱਚੀ ਪੇਂਡੂ ਵਸੋਂ ਦੇ ਵਡੇਰੇ ਭਾਗ ਦਾ ਪਿੰਡ ਨਾਲੋਂ ਟੁਟਕੇ ਨਗਰਾਂ ਮਹਾਂਨਗਰਾਂ ਵਿਚ ਭਾਂਤ ਸੁਭਾਂਤੇ ਕਿੱਤਿਆਂ ਨੂੰ ਮਰਜ਼ੀ ਜਾਂ ਮਜਬੂਰੀ

ਨਾਲ ਅਪਣਾਉਣ ਦਾ ਕਰਮ ਵਿਸ਼ਾਲ ਪੱਧਰ 'ਤੇ ਵਾਪਰ ਰਹੇ ਇਤਿਹਾਸਕ ਅਮਲ ਦੀ ਅਟੱਲ ਹੋਣੀ ਹੈ ਜਿਸ ਨੂੰ ਕਿਸੇ ਦੀ ਇੱਛਾ ਜਾਂ ਅਨਿਛਾ ਰੋਕ ਨਹੀਂ ਸਕਦੀ। ਜਿਵੇਂ ਸੀਰੀ ਦਾ ਕਲਿਆਣ ਸੀਰੀ ਬਣੇ ਰਹਿਣ ਵਿਚ ਹੀ ਨਹੀਂ ਤਿਵੇਂ ਹੀ ਛੋਟੇ ਤੇ ਸੀਮਾਂਤਕ ਕਿਸਾਨ ਦੀ ਮੁਕਤੀ ਵੀ ਆਪਣੀ ਯਥਾ ਸਥਿਤੀ ਵਿਚ ਨਹੀਂ।

ਸੰਧੂ ਦੀਆਂ ਕਹਾਣੀਆਂ 'ਡੁਬਦਾ ਚੜ੍ਹਦਾ' ਤੇ 'ਹਨੇਰੀ' ਵਿਚ ਇਸ ਗੱਲ ਦੇ ਭਰਵੇਂ ਸੰਕੇਤ ਮਿਲ ਜਾਂਦੇ ਹਨ ਕਿ ਕਿਸਾਨੀ ਦੀਆਂ ਸਮਸਿਆਵਾਂ ਦਾ ਹੱਲ ਜ਼ਮੀਨ ਮਾਲਕੀ ਦੇ ਰਿਸ਼ਤਿਆਂ ਦੀ ਮੁਢੋਂ ਸੁਢੋਂ ਪੁਨਰ ਸੰਰਚਨਾ ਵਿਚ ਹੈ। ਇਹ ਕਾਰਜ ਵੱਡੇ ਜ਼ਿਮੀਦਾਰਾਂ ਨਾਲ ਆਪਣੇ ਜਮਾਤੀ ਹਿਤਾਂ ਦੀ ਭਿਆਲੀ ਕਾਰਨ ਹੁਕਮਰਾਨ ਬੁਰਜੂਆ ਪਾਰਟੀ ਆਪਣੇ ਲੋਕ-ਪੱਖੀ ਦਾਅਵਿਆਂ ਦੇ ਬਾਵਜੂਦ ਕਰਨ ਦੀ ਨੀਅਤ ਰੱਖ ਹੀ ਨਹੀਂ ਸਕਦੀ। ਹਾਂ, ਸਮਾਜਵਾਦ ਦੀ ਸਥਾਪਨਾ ਦਾ ਮੂੰਹ-ਜ਼ਬਾਨੀ ਦਮ ਭਰਕੇ ਜਨਤਾ ਨੂੰ ਸੰਗ੍ਰਾਮ ਦੇ ਰਾਹ ਤੋਂ ਦੂਰ ਰਖਕੇ ਭੰਬਲਭੂਸਿਆਂ ਵਿਚ ਪਾਈ ਰਖਣ ਲਈ ਨਿੱਤ-ਨਵੇਂ-ਨਿਕੋਰ ਨਾਅਰਿਆਂ ਦਾ ਪਰਪੰਚ ਬਖੂਬੀ ਰਚ ਸਕਦੀ ਹੈ।

ਜਿਥੋਂ ਤਕ ਲੋਕ-ਹਿਤਾਂ ਦੀ ਪਾਲਣਾ ਦਾ ਦਾਅਵੀਆਂ ਬੰਨ੍ਹਣ ਵਾਲੀਆ ਗੈਰ-ਬੁਰਜੁਆ ਪਾਰਟੀਆਂ ਦਾ ਸੁਆਲ ਹੈ, ਵਰਿਆਮ ਸੰਧੂ ਨੂੰ ਇਨ੍ਹਾਂ ਤੋਂ ਵੀ ਕੋਈ ਬਹੁਤੀ ਆਸ ਨਹੀਂ ਕਿਉਂਕਿ ਇਨ੍ਹਾਂ ਵਿਚ ਵੀ 'ਡੁੱਬਦਾ ਚੜ੍ਹਦਾ' ਵਿਚਲੇ ਚੁਫੇਰਗੜ੍ਹੀਏ 'ਕਾਮਰੇਡ' ਪ੍ਰੀਤਮ ਸਿੰਘ ਤੇ 'ਨਾਇਕ' ਬਣਨ ਦੀ ਹੀ ਲਾਲਸਾ ਵੱਸ ਕਦੀ ਕਮਿਊਨਿਸਟ ਤੇ ਕਦੀ ਕੁਝ ਹੋਰ ਬਣਨ ਵਾਲੇ ਬਹਿਰੂਪਈਏ ਗੁਰਬਚਨ ਸਿੰਘ ਉਰਫ ਹਸਰਤ ਜੇਹੇ ਲੋਕਾਂ ਦੀ ਵੀ ਕੋਈ ਘਾਟ ਨਹੀਂ। ਦੇਸ਼ ਦੀਆਂ ਕਮਿਊਨਿਸਟ ਪਾਰਟੀਆਂ ਬਾਰੇ ਸੰਧੂ ਦੇ ਪ੍ਰਤਿਕਰਮ ਨੂੰ ਆਪਣੇ ਸ਼ਬਦਾਂ ਵਿਚ ਪੇਸ਼ ਕਰਨ ਦੀ ਥਾਂ 'ਅਸਲੀ ਤੇ ਵੱਡੀ ਹੀਰ' ਦੇ ਪਾਤਰਾਂ ਦੇ ਸ਼ਬਦਾਂ ਵਿਚ ਹੀ ਪ੍ਰਸਤੁਤ ਕਰਨਾ ਵਧੇਰੇ ਸਾਰਥਿਕ ਰਹੇਗਾ। ਇਸ ਕਹਾਣੀ ਦੇ ਇਕ ਪਾਤਰ ਬਲਵੰਤ ਅਨੁਸਾਰ "ਉਹ ਪਿਛਲੇ ਤਿੰਨਾਂ ਚਹੁੰ ਸਾਲਾਂ ਵਿਚ ਭਾਰਤੀ ਕਮਿਊਨਿਸਟ ਲਹਿਰ ਦਾ ਸਭ ਪਾਸਿਉਂ ਪੱਥਰ ਚੱਟ ਮੁੜਿਆ ਸੀ ਤੇ ਹੁਣ ਉਹ ਕਹਿੰਦਾ ਹੈ ਕਿ ਅਸੀਂ ਸਾਰੇ ਕਾਮਰੇਡ ਕਿਸਮ ਦੇ ਆਦਮੀ ਹਾਂ, ਕਾਮਰੇਡ ਨਹੀਂ। ਜਿਵੇਂ ਪੰਜਵੀਂ ਵਿਚ ਪੜ੍ਹਦੇ ਬੱਚੇ ਯਾਦ ਕਰਨ, ਨਾਉਂ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ? ਬਸ ਕੁਝ ਇੰਝ ਹੀ...... ਕਾਮਰੇਡ ਕਿੰਨੀ ਕਿਸਮ ਦੇ ਹੁੰਦੇ ਹਨ? ਸੱਜਾ... ਖੱਬਾ ...ਨਕਲਸਬਾੜੀਆ...ਜਾਂ ਰੂਸ ਪੱਖੀ ?... ਚੀਨ ਪੱਖੀ ? ਉਹ ਹੱਸਦਾ... ਤੇ ਲੋਕ ਪੱਖੀ ਕਿਉਂ ਨਹੀਂ...ਪਰ ਮਜ਼ੇ ਦੀ ਗੱਲ ਤਾਂ ਇਹ ਸੀ ਕਿ ਅਸੀਂ ਸਾਰੇ ਆਪਣੇ ਆਪਨੂੰ ਸਹੀ ਕਮਿਊਨਿਸਟ ਸਮਝਦੇ ਸਾਂ ਤੇ ਘੰਟਿਆਂ ਬੱਧੀ ਆਪਣੇ ਹੱਕ ਵਿਚ ਦਲੀਲਾਂ ਦੇ ਸਕਦੇ ਸਾਂ...ਜਿਵੇਂ ਮੇਲਿਆਂ ਵਿਚ ਵਿਕਦੀ ਵਾਰਿਸ ਸ਼ਾਹ ਦੀ ਹੀਰ ਉਤੇ ਲਿਖਿਆ ਹੁੰਦਾ ਸੀ, "ਸੱਭ ਤੋਂ ਅਸਲੀ ਤੇ ਵੱਡੀ ਹੀਰ, ਤਸਵੀਰਾਂ ਸਮੇਤ', ਇੰਝ ਹੀ ਸਾਰੇ ਆਪੋ ਆਪਣੀ ਪਾਰਟੀ ਬਾਰੇ ਸੋਚਦੇ ਰਹਿੰਦੇ ਸਾਂ... "ਸਭ ਤੋਂ ਅਸਲੀ ਤੇ ਵੱਡੀ।"

ਇਸੇ ਕਹਾਣੀ ਦਾ ਇਕ ਹੋਰ 'ਕਾਮਰੇਡ' "ਸੁਖਵੰਤ ਬਰੇਜ਼ਨੇਵ ਦੇ ਅਮਰੀਕਾ ਵਿਚ ਜਾ ਕੇ ਨਿਕਸਨ ਨਾਲ ਸਮਝੌਤੇ ਨੂੰ ਅਮਨ ਪਸੰਦ ਤਾਕਤਾਂ ਦੀ ਜਿੱਤ ਕਹਿ ਰਿਹਾ ਸੀ, ਤੇ ਮੈਂ ਪੁੱਛ ਰਿਹਾ ਸਾਂ ਕਿ ਚੀਨ ਵਿਚ ਨਿਕਸਨ ਦਾ ਜਾਣਾ ਫਿਰ ਦੋ ਜੰਗ ਬਾਜ਼ਾਂ ਦੀ ਮਿਲਣੀ ਕਿਵੇਂ ਸੀ।"

ਬੀਤੇ ਡੇਢ ਦਹਾਕੇ ਤੋਂ ਵਧ ਸਮੇਂ ਲਈ ਇਹੋ ਜਿਹੇ ਜਾਭਾਂ ਦੇ ਭੇੜ ਤੇ ਲੋਕ ਦੁਸ਼ਮਣਾਂ ਵਿਰੁਧ ਸੰਗਠਿਤ ਤੌਰ 'ਤੇ ਜੂਝਣ ਦੀ ਥਾਂ ਆਪਸੀ ਭੰਡੀ ਪਰਚਾਰ ਵਿਚ ਫਾਥੀ ਰਹੀ ਹੈ ਸਾਡੀ ਕਮਿਊਨਿਸਟ ਲਹਿਰ

ਤੇ ਲੋਕਾਂ ਦੇ ਮਸਲੇ ਲਗਪਗ ਓਡੇ ਕੇਡ ਹੀ ਰਹੇ ਹਨ। 'ਹਨੇਰੀ' ਦੇ ਕਾਮਰੇਡ ਜਗਦੀਸ਼ ਵਰਗੇ ਯੁਵਕ ਲੋਕਾਂ ਦੇ ਰੋਜ਼ਾਨਾ ਮਸਲਿਆਂ ਨੂੰ ਹੱਲ ਕਰਨ ਲਈ ਕਾਲੇ ਧਨ ਕੁਬੇਰਾਂ ਵਿਰੁੱਧ ਘੋਲ ਕਰਨ ਦਾ ਹੀਆ ਕਰਦੇ ਹਨ। ਉਨ੍ਹਾਂ ਨੂੰ ਅੰਨ੍ਹੇ ਪੁਲਸ ਤਸ਼ੱਦਦ ਦਾ ਸਾਹਮਣਾ ਹੀ ਨਹੀਂ ਕਰਨਾ ਪੈਂਦਾ ਸਗੋਂ ਕਈ ਵਾਰ ਅਖੌਤੀ ਪੁਲਸ ਮੁਕਾਬਲਿਆਂ ਵਿਚ ਜਾਨਾਂ ਤੋਂ ਹੀ ਹੱਥ ਧੋਣੇ ਪੈਂਦੇ ਹਨ। ਤੇ ਸਾਰੀ ਸਥਿਤੀ ਦੀ ਤ੍ਰਾਸਦੀ ਇਸ ਗੱਲ ਵਿਚ ਹੈ ਕਿ ਲੋਕਾਂ ਵਿਚ ਇਨ੍ਹਾਂ ਸੰਗ੍ਰਾਮੀਆਂ ਦੀਆਂ ਜੜ੍ਹਾਂ ਕੋਈ ਨਹੀਂ। ਆਪਣੀ ਪਿੱਠ ਪਿਛੇ ਮਜ਼ਬੂਤ ਲੋਕ ਲਹਿਰ ਦੀ ਗੈਰ ਹਾਜ਼ਰੀ ਵਿਚ ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਬਹੁਤ ਥੋੜੇ ਜਿਹੇ ਲੋਕਾਂ ਦੀ ਪ੍ਰਵਾਨਗੀ ਮਿਲਦੀ ਹੈ। ਬਾਕੀ ਜਨਤਾ ਇਸ ਤਮਾਸ਼ੇ ਦੀ ਦਰਸ਼ਕ ਹੀ ਬਣੀ ਰਹਿੰਦੀ ਹੈ। ਕਦੀ ਕਦੀ ਕੋਈ ਇਨ੍ਹਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਾ ਹੈ ਤੇ ਜਾਂ ਫਿਰ ਦੋ ਛਿਟ ਦਾਰੂ ਪੀ ਕੇ ਚਾਨਣ ਜਿਹਾ ਕੋਈ ਸੁਹਿਰਦ ਆਦਮੀ ਨਸ਼ੇ ਦੀ ਲੋਰ ਵਿਚ ''ਜ਼ਿੰਦਾਬਾਦ, ਜ਼ਿੰਦਾਬਾਦ'' ਕਰ ਲੈਣ ਦਾ ਦਮ ਭਰ ਕੇ ਆਪਣੇ ਮਨ ਦਾ ਗੁਬਾਰ ਕਢਦਾ ਹੈ। ਪਰ ਪਦਾਰਥਕ ਸਥਿਤੀ ਵਿਚ ਕੋਈ ਅੰਤਰ ਨਹੀ ਆਉਂਦਾ। ਜਿਹਨਾਂ ਟੱਬਰਾਂ ਦੇ ਗਭਰੂ ਮੁੰਡੇ ਉਪਰੋਕਤ ਭਾਂਤ ਦਾ ਹੀਆ ਕਰਦੇ ਹਨ ਉਹਨਾਂ ਦੇ ਪਰਿਵਾਰਾਂ ਦੇ ਸਭਨਾਂ ਜੀਆਂ ਉਪਰ ਸਰਕਾਰੀ ਤਸ਼ਦਦ ਵਰਪਾ ਹੋਣ ਦੀ ਨਿਰੰਤਰ ਤੌਰ 'ਤੇ ਬਣੀ ਰਹਿਣ ਵਾਲੀ ਸੰਭਾਵਨਾ ਦੇ ਪਰਛਾਵਿਆਂ ਨਾਲ ਉਹ ਹਿਰਾਸੇ ਗ੍ਰਹਿਣੇ ਰਹਿੰਦੇ ਹਨ।

ਧਰਮ ਦੇ ਨਾਂ 'ਤੇ ਬਿਗਾਨਾ ਹੱਕ ਮਾਰਨ ਵਾਲੇ ਭੱਦਰ ਪੁਰਸ਼ਾਂ ਦੇ ਅਸਲੀ ਚਿਹਰੇ ਨੂੰ ਵਰਿਆਮ ਨੇ 'ਗੁਰਮੁਖ ਸਿੰਘ' ਵਿਚ ਬੇਨਕਾਬ ਕੀਤਾ ਹੈ। 'ਜ਼ੰਜੀਰਾਂ' ਵਿਚ ਰਸਮੀ ਦੇਸ ਭਗਤੀ ਦੇ ਸੰਕਲਪ ਦੀ ਪਕੜ ਤੋਂ ਮੁਕਤ ਹੋਕੇ ਇਸ ਤੱਥ ਨੂੰ ਬੇਝਿਜਕ ਹੋਕੇ ਬਿਆਨਿਆ ਹੈ ਕਿ ਕੋਈ ਵੀ ਬੰਦਾ ਅਖੌਤੀ ਦੇਸ਼ ਭਗਤੀ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਫੌਜ ਵਿਚ ਭਰਤੀ ਨਹੀਂ ਹੁੰਦਾ ਸਗੋਂ ਆਪਣਾ ਤੇ ਆਪਣੇ ਪਰਿਵਾਰ ਦਾ ਨਿਰਵਾਹ ਕਰਨ ਲਈ ਕਿਰਸਾਨ ਪਰਿਵਾਰ ਪੁਸ਼ਤ ਦਰ ਪੁਸ਼ਤ ਅਜਿਹੀਆਂ ਜੰਗਾਂ ਵਿਚ ਆਪਣਾ ਲਹੂ ਵੀਟਦੇ ਰਹਿੰਦੇ ਹਨ ਜਿਹਨਾਂ ਨਾਲ ਉਨ੍ਹਾਂ ਦਾ ਆਪਣਾ ਜਾਂ ਉਹਨਾਂ ਵਰਗੇ ਹੋਰ ਸਾਧਾਰਣ ਵਿਅਕਤੀਆਂ ਦਾ ਕੋਈ ਵੀ ਲਾਗਾ ਦੇਗਾ ਨਹੀਂ ਹੁੰਦਾ। ਅਤੇ ਸਭਨਾਂ ਦੇਸ਼ਾਂ ਦੇ ਫੌਜੀ ਫੌਜੀ ਹੀ ਹੁੰਦੇ ਹਨ ਜੋ ਆਪਣੇ ਦੇਸ਼ ਦੀ ਰਾਖੀ ਦੇ ਪਰਚਮ ਹੇਠ ਲੜਨ ਵਾਲੇ ਸੂਰਮੇ ਆਖੇ ਜਾਂਦੇ ਹਨ ਪਰ ਉਹ ਆਪਣੇ ਹੀ ਦੇਸ਼ ਦੇ ਮੋਏ ਹੋਏ ਨਾਗਰਿਕਾਂ ਦੇ ਖੀਸੇ ਫਰੋਲਣ ਤੋਂ ਗੁਰੇਜ਼ ਨਹੀਂ ਕਰਦੇ। ਭਾਰਤ ਮਾਤਾ ਦੇ ਸੈਨਾਨੀ ਵੀ ਇਸ ਕੁਕਰਮ ਵਿਚ ਕੋਈ ਅਪਵਾਦ ਨਹੀਂ।

ਸਿੱਟੇ ਵਜੋਂ ਆਖਿਆ ਜਾ ਸਕਦਾ ਹੈ ਕਿ ਯਥਾਰਥ ਭਾਵੇਂ ਕਿੰਨਾ ਵੀ ਵਿਕਰਾਲ ਤੇ ਨਾਪਸੰਦੀਦਾ ਕਿਉਂ ਨਾ ਹੋਵੇ ਉਹਦੇ ਚਿਤਰਣ ਵਿਚ ਵਰਿਆਮ, ਲੋਕਾਚਾਰ, ਸਰਕਾਰ, ਧਰਮ, ਸਦਾਚਾਰ, ਦੇਸਭਗਤੀ ਅਤੇ ਆਪਣੀਆਂ ਸਕੀਆਂ ਸੋਦਰੀਆਂ ਰਾਜਨੀਤਕ ਪਾਰਟੀਆਂ ਦੀ ਕੀ ਇਸ ਸਿਲਸਿਲੇ ਵਿਚ ਉਹ ਸਕੇ ਪਿਉ ਦੀ ਵੀ ਲਿਹਾਜ਼ ਨਹੀਂ ਕਰਦਾ ਜਾਪਦਾ।

ਨਿੱਕੀ ਕਹਾਣੀ ਬਾਰੇ ਆਮ ਪ੍ਰਵਾਨਿਤ ਧਾਰਨਾ ਅਨੁਸਾਰ ਸੋਖ ਪਸੰਦੀ ਦੇ ਦ੍ਰਿਸ਼ਟੀਕੋਣ ਤੋਂ ਆਲੋਚਕ ਇਹ ਗੱਲ ਆਖਣ ਦੇ ਮੋਹ ਵਿਚ ਫਸ ਸਕਦਾ ਹੈ ਕਿ ਵਰਿਆਮ ਸੰਧੂ ਦੀਆਂ ਕਹਾਣੀਆਂ ਸਾਧਾਰਣ ਮਨੁੱਖ ਨੂੰ ਸਾਧਾਰਣ ਮਨੁੱਖੀ ਪੱਧਰ 'ਤੇ ਚਿਤਰਣ ਵਾਲੀਆਂ ਕਲਾ ਕਿਰਤਾਂ ਹਨ। ਪਰ ਵਰਿਆਮ ਦੀਆਂ ਕਹਾਣੀਆਂ ਬਾਰੇ ਮੈਨੂੰ ਇਹ ਧਾਰਨਾ ਆਂਸ਼ਕ ਤੌਰ 'ਤੇ ਹੀ ਸਹੀ ਪ੍ਰਤੀਤ ਹੁੰਦੀ ਹੈ। ਉਹਦੇ ਪਾਤਰ ਇਸ ਗੱਲੋਂ ਤਾਂ ਸਾਧਾਰਣ ਆਖੇ ਜਾ ਸਕਦੇ ਹਨ ਕਿ ਉਹ ਕਿਸੇ ਵਿਸ਼ੇਸ਼ ਅਹੁਦੇ ਉਪਾਧੀ

ਜਾਂ ਉਚੇ ਸਮਾਜਕ ਰੁਤਬੇ ਨਾਲ ਸ਼ਸ਼ੋਭਿਤ ਨਹੀਂ ਹੁੰਦੇ ਪਰ ਹੋਰ ਕਿਸੇ ਵੀ ਅਰਥ ਵਿਚ ਸੰਧੂ ਦੇ ਤੇਜੂ, ਫੋਂਜੂ ਤੇ ਕਈ ਹੋਰ ਬੇਨਾਮ ਪਾਤਰ ਸਾਧਾਰਣਤਾ ਦੀ ਅਜਿਹੀ ਪੱਧਰ 'ਤੇ ਨਹੀਂ ਵਿਚਰਦੇ ਕਿ ਉਹਨਾਂ ਦੇ ਹੋਰ ਨਮੂਨੇ ਰਾਹ ਜਾਂਦਿਆਂ ਐਵੇਂ ਹੀ ਤੁਹਾਡ ਵਿਚ ਵੱਜਦੇ ਫਿਰਨ। ਉਨ੍ਹਾਂ ਦੀ ਚਰਿਤ੍ਰਗਤ, ਬਣਤਰ ਤੇ ਆਪਣੀਆਂ ਤ੍ਰਾਸਦਿਕ ਸਥਿਤੀਆਂ ਪ੍ਰਤੀ ਉਹਨਾਂ ਦਾ ਪ੍ਰਤਿਕਰਮ ਅਸਲੋਂ ਹੀ ਮੌਲਿਕ, ਅਣੋਖਾ ਤੇ ਅਸਾਧਾਰਣ ਹੁੰਦਾ ਹੈ।

ਸਾਧਾਰਣਤਾ ਵਿਚੋਂ ਅਸਾਧਾਰਣਤਾ ਦੀ ਤਲਾਸ਼ ਤੇ ਬੋਧ ਤੇ ਉਸਨੂੰ ਸੱਜਰੇ ਸਜਿੰਦ ਰੂਪ ਵਿਚ ਪੇਸ਼ ਕਰਨ ਲਈ ਲੋੜੀਂਦੇ ਲੋਕ ਮੁਹਾਵਰੇ ਤੇ ਆਪਣੇ ਪਾਤਰਾਂ ਦੇ ਤਕੀਆ ਕਲਾਮਾਂ ਦਾ ਰੂਪ ਧਾਰਨ ਕਰ ਗਏ ਵਿਸ਼ੇਸ਼ ਕਥਨਾਂ ਦੀ ਥਾਂ ਸਿਰ ਜੜਤ ਤੋਂ ਬਿਨਾਂ ਆਪਣੀਆਂ ਕਹਾਣੀਆਂ ਵਿਚਲੇ ਵਿਸਤਾਰ ਦੇ ਵੇਰਵਿਆਂ ਨੂੰ ਇਕੋ ਨੁਕਤੇ ਉਤੇ ਕੇਂਦ੍ਰਿਤ ਕਰਨ ਦਾ ਕਲਾਤਮਕ ਕੌਸ਼ਲ ਵਰਿਆਮ ਸੰਧੂ ਦੀ ਕਹਾਣੀ ਕਲਾ ਦੇ ਮੀਰੀ ਗੁਣ ਹਨ।

[ਡੀਪਾਰਟਮੈਂਟ ਆਫ ਲੈਂਗੂਏਜਿਜ਼, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ]

★

## ਸਾਊ ਪਿੰਡ ਦੀ ਗਾਥਾ/ਬਲਬੀਰ ਬੇਦੀ

ਐ ਮੇਰੇ ਸਾਊ ਪਿੰਡ
ਮੈਂ ਤੇਰਾ ਇਕ 'ਅਸਾਊ' ਵਾਸੀ ਹਾਂ
ਇਕ ਸਮਾਂ ਸੀ ਐ ਮੇਰੇ ਸਾਊ ਪਿੰਡ
ਤੇਰੀ ਸੜਕ 'ਤੇ ਘੁੱਗ ਵਸਦੇ ਘਰ ਵਿਚ
ਇਕ ਸਾਊ ਪਤੀ ਤੇ ਪਤਨੀ ਨੇ ਮੈਨੂੰ ਜਨਮ ਦਿਤਾ ਸੀ—
ਮੈਂ ਇਥੇ ਪਲਿਆ—ਖੇਡਿਆ-ਪੜ੍ਹਿਆ ਹੱਸਿਆ, ਰੋਇਆ ਹਾਂ
ਹੁਣ ਜਵਾਨ ਹੋਇਆ ਹਾਂ
ਇਕ ਸਮਾਂ ਸੀ
ਮੈਂ ਨੰਗ ਧੜੰਗਾ ਤੇਰੀਆਂ ਗਲੀਆਂ 'ਚ ਖੇਡਦਾ ਸਾਂ
ਪਿੰਡ ਦੇ ਕੰਮੀਆਂ ਦੇ ਮੁੰਡੇ ਸਾਰੇ ਹੀ ਮੇਰੇ ਯਾਰ ਹੁੰਦੇ ਸਨ
ਪਰ-ਸੁਨਿਹਰੀ ਮੌਸਮਾਂ 'ਚ ਪਲਿਆ ਚੁਬਾਰੇ ਵਾਲੇ ਸਰਦਾਰਾਂ ਦਾ ਮੁੰਡਾ
ਮੈਨੂੰ ਨਾਲੀ, ਜਾਂ ਛੱਪੜ 'ਚ ਧੱਕਾ ਦੇ ਚਪੇੜ ਮਾਰ...ਦੌੜ ਜਾਂਦਾ ਸੀ।
ਅੱਜ ਸਮਾਂ ਹੈ ਐ ਮੇਰੇ ਸਾਊ ਪਿੰਡ
ਮੈਂ ਜਦ ਦੀ ਜਾਚ ਸਿੱਖੀ ਹੈ ਚਪੇੜ ਮਾਰਨ ਦੀ—
ਉਹੀ ਸਰਦਾਰਾਂ ਦਾ ਮੰਡਾ
ਨਹੀਂ ਸ਼ਕਤੀ, ਜਿਸ ਵਿਚ ਸੱਚ ਨੂੰ ਸਹਾਰਨ ਦੀ
ਮੈਨੂੰ ਵੇਖ, ਮੇਰਾ ਰਾਹ ਛੱਡ ਜਾਂਦਾ ਹੈ
ਪਰ ਮੈਂ ਤਾਂ; ਐ ਮੇਰੇ ਸਾਊ ਪਿੰਡ
ਤੇਰਾ ਇਕ ਅਸਾਊ ਵਾਸੀ ਹਾਂ—?

[ਪਿੰਡ ਢੰਡ-143105 ਜ਼ਿਲ੍ਹਾ ਅੰਮ੍ਰਿਤਸਰ]

ਗੁਰਮੀਤ ਸਿੰਘ ਬਸਰਾ

# ਪੰਜਾਬੀ ਕਹਾਣੀ ਵਿਚ ਬਦਲ ਰਹੇ ਸਮਾਜਕ ਮੁੱਲ
## ['ਹੀਰ' ਦੀ ਤੁਲਨਾ ਵਿਚ ਤਿੰਨ ਕਹਾਣੀਆਂ ਦਾ ਅਧਿਐਨ]

ਸਾਹਿਤ ਅਧਿਐਨ ਪ੍ਰਣਾਲੀਆਂ 'ਚੋਂ ਹੁਣ ਤੱਕ ਦੀ ਸਭ ਤੋਂ ਮਗਰਲੀ ਪ੍ਰਣਾਲੀ ਅੰਤਰ-ਅਨੁਸ਼ਾਸਨੀ ਪ੍ਰਣਾਲੀ ਮੰਨੀ ਜਾ ਸਕਦੀ ਹੈ। ਤੇ ਇਸ ਵਿਚ ਕਿਸੇ ਸਾਹਿਤਕ ਕਿਰਤ ਦਾ ਮੁਲਾਂਕਣ ਸਾਹਿਤ ਤੋਂ ਵੱਖਰੇ ਅਨੁਸ਼ਾਸਨ ਦੁਆਰਾ ਕੀਤਾ ਜਾਂਦਾ ਹੈ ਜਿਵੇਂ ਕਿ ਮਨੋ-ਵਿਗਿਅਨ, ਸਮਾਜ-ਵਿਗਿਆਨ ਤੇ ਭਾਸ਼ਾ-ਵਿਗਿਆਨ ਆਦਿ। ਪੰਜਾਬੀ ਸਾਹਿਤ ਦੇ ਅਧਿਐਨ ਲਈ ਵੀ ਇਸ ਤਰ੍ਹਾਂ ਦੀ ਪਹੁੰਚ ਵਰਤੀ ਗਈ ਹੈ। ਤੇ ਇਸ ਦੀ ਇਕ ਉਦਾਹਰਣ ਹੈ ਡਾ: ਪੀ.ਜੀ. ਖੇੜਾ ਦਾ "ਹੀਰ" ਵਾਰਿਸ ਦਾ ਸਮਾਜ ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਜੋ ਕਿ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪੇਸ਼ ਕੀਤਾ ਗਿਆ। ਡਾ: ਖੇੜਾ ਅਨੁਸਾਰ ਵਾਰਿਸ ਨੇ ਆਪਣੀ ਰਚਨਾ ਵਿਚ "ਇਸ਼ਕ ਦਾ ਸਮਾਜ ਵਿਗਿਆਨ" ਪੇਸ਼ ਕੀਤਾ ਹੈ ਤੇ ਉਸ ਨੇ ਇਹ ਧਾਰਨਾ ਵੀ ਪੇਸ਼ ਕੀਤੀ ਹੈ ਕਿ "ਹੀਰ" ਪੰਜਾਬੀ ਸਮਾਜ ਦਾ "ਸਮਾਜਕ ਮਿੱਥ" ਹੈ ਜਿਵੇਂ ਕਿ "ਇਡੀਪਸ" ਮਿੱਥ ਯੂਰਪ ਦਾ "ਸਮਾਜਕ ਮਿੱਥ" ਹੈ। ਤੇ ਹੀਰ ਦੇ ਸਮਾਜਕ ਮਿੱਥ ਤੋਂ ਉਸ ਦਾ ਭਾਵ ਹੈ ਕਿ ਹੀਰ ਦੀ ਕਹਾਣੀ ਹੁਣ ਵੀ ਪੰਜਾਬੀ ਘਰਾਂ ਵਿਚ ਦੁਹਰਾਈ ਜਾ ਰਹੀ ਹੈ (ਤੇ ਪੰਜਾਬੀ ਘਰ ਤੋਂ ਉਸਦਾ, ਤੇ ਸਾਡਾ ਭਾਵ ਵੀ, ਦੁਨੀਆਂ ਵਿਚ ਕਿਤੇ ਵੀ ਵਸੇ ਪੰਜਾਬੀ ਘਰ ਤੋਂ ਹੈ) ਤੇ ਇਹ ਜਾਣ ਕੇ ਤਾਂ ਸਾਨੂੰ ਕੋਈ ਹੈਰਾਨੀ ਹੋਣੀ ਹੀ ਨਹੀਂ ਚਾਹੀਦੀ ਕਿ ਡਾ: ਹਰਿਭਜਨ ਸਿੰਘ ਅਨੁਸਾਰ ਬਾਹਰ ਰਹਿੰਦੇ ਪੰਜਾਬੀ ਲੇਖਕ ਸਵਰਨ ਚੰਦਨ ਨੇ ਆਪਣੇ ਨਾਵਲ "ਨਵੇਂ ਰਿਸ਼ਤੇ" ਵਿਚ ਵੀ ਹੀਰ ਦੀ ਕਹਾਣੀ ਨੂੰ ਦੁਹਰਾਇਆ ਹੈ (ਆਰਸੀ, ਸਤੰਬਰ 80)। ਤੇ ਡਾ: ਖੇੜਾ ਨੇ ਪੰਜਾਬੀਆਂ ਦੀ ਇਸ ਮਾਨਸਿਕਤਾ ਪ੍ਰਤੀ ਸੰਕੇਤ ਕਰਦਿਆਂ ਇਹ ਭਵਿਖਬਾਣੀ ਵੀ ਕੀਤੀ ਕਿ ਜਦੋਂ ਤਕ ਪੰਜਾਬੀ ਮਾਪੇ, ਧੀਆਂ ਦੇ ਸੰਬੰਧ ਵਿਚ, ਇਸ ਮਾਨਸਿਕਤਾ ਨੂੰ ਉਲੰਘ ਨਹੀਂ ਪਾਂਦੇ ਉਦੋਂ ਤਕ ਇਹ ਕਹਾਣੀ ਪੰਜਾਬੀ ਘਰਾਂ ਵਿਚ ਦੁਹਰਾਈ ਜਾਂਦੀ ਰਹੇਗੀ ਤੇ ਚੰਦਨ ਦਾ ਨਾਵਲ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਦੋਂ ਤਕ ਇਹ ਕਹਾਣੀ ਪੰਜਾਬੀ ਸਾਹਿਤ ਵਿਚ ਵੀ ਦੁਹਰਾਈ ਜਾਂਦੀ ਰਹੇਗੀ।

ਹੀਰ ਵਾਰਿਸ ਵਿਚ ਪੇਸ਼ "ਇਸ਼ਕ ਦੇ ਸਮਾਜ ਵਿਗਿਆਨ" ਬਾਰੇ ਥੋੜੀ ਜਿਹੀ ਵਿਆ-ਖਿਆ ਕਰਨੀ ਬਣਦੀ ਹੈ। "ਹੀਰ ਵਾਰਿਸ" ਵਿਚ ਹੀਰ ਇਕ ਪ੍ਰਤਿਨਿਧ ਪੰਜਾਬੀ ਧੀ ਹੈ ਜੋ ਕਿ ਆਪਣੀ ਜ਼ਾਤ ਤੋਂ ਬਾਹਰਲੇ ਵਿਅਕਤੀ ਨੂੰ ਪਿਆਰ ਕਰਦੀ ਹੈ ਅਤੇ ਉਸ ਨਾਲ ਵਿਆਹ ਵੀ ਕਰਨਾ ਚਾਹੁੰਦੀ ਹੈ। ਪਰ ਮਾਪੇ ਉਸ ਦੀ ਮਰਜ਼ੀ ਦੇ ਵਿਰੁਧ ਉਸ ਦਾ ਵਿਆਹ ਆਪਣੀ ਮਰਜ਼ੀ ਨਾਲ ਕਰ ਦੇਂਦੇ ਹਨ। ਰਾਂਝਾ ਹੀਰ ਨੂੰ ਸਾਧ ਬਣ ਕੇ ਜਾ ਮਿਲਦਾ ਹੈ ਤੇ ਉਹ ਦੋਨੋਂ ਦੌੜਨ ਵਿਚ ਸਫਲ ਹੋ

ਜਾਂਦੇ ਹਨ। ਹੀਰ ਦਾ ਪਹਿਲਾ ਵਿਆਹ ਕਾਨੂੰਨੀ ਨਾ ਮੰਨੇ ਜਾਣ 'ਤੇ ਉਸ ਨੂੰ ਫਿਰ ਵਿਆਹ ਕਰਨ ਦੀ ਖੁਲ੍ਹ ਮਿਲ ਜਾਂਦੀ ਹੈ ਤੇ ਉਹ ਸਮਾਜ ਤੋਂ ਕਬੂਲੇ ਜਾਣ ਲਈ ਫਿਰ ਵਿਆਹ ਦੀ ਰਸਮ ਪੂਰੀ ਕਰਨਾ ਚਾਹੁੰਦੇ ਹਨ ਤੇ ਹੀਰ ਦਾ ਪਿਓ ਚੂਚਕ—ਜਿਸ ਨੂੰ ਕਿ ਧੀ ਦੇ ਭਾਵਾਂ ਨਾਲ ਹਮਦਰਦੀ ਹੈ ਤੇ ਧੀ ਪ੍ਰਤੀ ਸਨੇਹ ਵੀ—ਇਹ ਕੁਝ ਕਰਨ ਲਈ ਮੰਨ ਜਾਂਦਾ ਹੈ ਤੇ ਉਹਨਾਂ ਦਾ ਵਿਆਹ ਹੋ ਜਾਂਦਾ ਹੈ। ਪਰ ਵੇਲੇ ਦੇ ਸਮਾਜ ਨੂੰ—ਜਿਸ ਦਾ ਕਿ ਜ਼ੋਰਦਾਰ ਪ੍ਰਤਿਨਿਧ ਕੈਦੋਂ ਹੈ—ਇਹ ਕਬੂਲ ਨਹੀਂ ਤੇ ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਹੀਰ ਆਪਣੇ ਸਹੁਰੇ ਘਰ ਜੀਂਦੇ ਜੀਅ ਨਹੀਂ ਪਹੁੰਚਦੀ ਤੇ ਆਪਣੇ ਵਿਆਹ ਨੂੰ ਸਮਾਜਕ ਸਵੀਕ੍ਰਿਤੀ ਪ੍ਰਾਪਤ ਕਰਾਉਣ ਤੋਂ ਅਸਮਰੱਥ ਰਹਿੰਦੀ ਹੈ। ਹੀਰ ਦੀ ਕਹਾਣੀ ਦੀ ਇਸ ਸੰਖੇਪ ਰੂਪ ਰੇਖਾ ਦੇ ਆਧਾਰ 'ਤੇ ਡਾ: ਖੇੜਾ ਨੇ ਇਹ ਕਿਹਾ ਕਿ ਪੰਜਾਬੀ ਮਾਪੇ ਆਪਣੀ ਧੀ ਨੂੰ "ਇਜ਼ਤ ਤੇ ਸ਼ਰਮ" ਦੇ ਪਰਿਪੇਖ ਵਿਚ ਵੇਖਦੇ ਹਨ। ਜਦੋਂ ਤਕ ਧੀ ਇੱਜ਼ਤ ਦੇ ਘੇਰੇ ਵਿਚ ਰਹਿੰਦੀ ਹੈ, ਉਹ ਘਰ ਲਈ ਇੱਜ਼ਤ ਦਾ ਕਾਰਨ ਹੈ, ਉਦੋਂ ਤਕ ਮਾਪੇ ਖੁਸ਼ ਹਨ ਤੇ ਧੀ ਦੇ ਵਤੀਰੇ ਨਾਲ ਸੰਤੁਸ਼ਟ ਵੀ। ਪਰ ਜਦੋਂ ਧੀ ਇੱਜ਼ਤ ਦੀ ਲਛਮਣ ਰੇਖਾ ਨੂੰ ਉਲੰਘ ਜਾਂਦੀ ਹੈ ਤਾਂ ਉਹ ਘਰ ਲਈ 'ਸ਼ਰਮ' ਦਾ ਕਾਰਨ ਬਣਦੀ ਹੈ, ਤੇ ਇਸ ਤੋਂ, ਭਾਵ ਸ਼ਰਮ ਤੋਂ ਬਚਣ ਲਈ ਮਾਪੇ (ਸਮੇਤ ਭਰਾ) ਵਧ ਤੋਂ ਵਧ ਕੀਮਤ ਦੇਣ ਲਈ ਤਿਆਰ ਹੋ ਜਾਂਦੇ ਹਨ ਭਾਵ ਉਹ ਧੀ ਨੂੰ ਮਾਰ ਮੁਕਾਂਦੇ ਹਨ। ਤੇ ਇਹ ਤਾਂ ਸਾਧਾਰਨ ਗਿਆਨ ਦੀ ਗੱਲ ਹੈ ਕਿ ਪੰਜਾਬੀ ਧੀ ਦੇ ਪਿਆਰ ਸੰਬੰਧਾਂ ਦੇ ਪ੍ਰਸੰਗ ਵਿਚ ਘਰ ਦੀ ਸ਼ੋਭਾ ਨੂੰ ਇਜਤ ਦੇ ਸੰਦਰਭ ਵਿਚ ਵੇਖਿਆ ਜਾਂਦਾ ਹੈ। ਤੇ ਇਸ ਸੰਬੰਧੀ ਇਹ ਆਮ ਸੁਣਨ ਨੂੰ ਮਿਲਦਾ ਹੈ ਕਿ ਉਸ ਨੇ ਤਾਂ ਜੀ 'ਘਰ ਦੀ ਇੱਜ਼ਤ ਰੋਲ ਕੇ ਰਖ ਦਿਤੀ' ਜਾਂ ਉਸ ਨੇ 'ਪਰਿਵਾਰ ਦਾ ਨੱਕ ਵੱਢ ਦਿਤਾ' ਆਦਿ। ਪਰ ਹੈਰਾਨੀ ਇਸ ਗੱਲ 'ਤੇ ਹੁੰਦੀ ਹੈ ਕਿ ਜਾਤ-ਪ੍ਰਧਾਨ ਪੰਜਾਬੀ ਸਮਾਜ ਦੀ ਨਾ ਇਹ ਕੇਵਲ ਇਕ 'ਰੂੜ੍ਹੀ' ਬਣ ਗਈ ਹੈ ਸਗੋਂ ਇਹ ਪੰਜਾਬੀਆਂ ਦੀ ਸਮਸਿਆ ਵੀ ਹੋ ਨਿਬੜੀ ਹੈ। ਤੇ ਪੰਜਾਬੀ ਹਰ ਪਖ ਤੋਂ ਪ੍ਰਗਤੀ ਕਰਨ ਦੇ ਬਾਵਜੂਦ ਵੀ ਇਸ ਮਾਨਸਿਕਤਾ ਨੂੰ ਉਲੰਘਣੋਂ ਅਸਮਰੱਥ ਰਹੇ ਹਨ। ਇਸ ਮਾਨਸਿਕਤਾ ਦੀ ਪੀਡੀ ਪਕੜ ਦੀ ਪੁਸ਼ਟੀ ਲਈ ਅਜੋਕੇ ਸਮੇਂ ਵਿਚ ਵਾਪਰੀਆਂ ਕੁਝ ਘਟਨਾਵਾਂ ਪ੍ਰਤੀ ਸੰਕੇਤ ਕਰਨਾ ਵੀ ਉਚਿਤ ਜਾਪਦਾ ਹੈ। ਸਭ ਤੋਂ ਪਹਿਲਾਂ ਵਾਪਰੀ ਇਕ ਕਾਲਿਜ ਦੀ ਘਟਨਾ ਹੈ ਜਿਥੇ ਕਿ ਇਕ ਕਾਲਿਜ ਅਧਿਆਪਕਾ (ਜੋ ਕਿ ਜੱਟਾਂ ਦੀ ਧੀ ਸੀ) ਨੇ ਇਕ ਕਾਲਿਜ ਅਧਿਆਪਕ ਨਾਲ (ਜੋ ਕਿ ਜੱਟ ਨਹੀਂ ਸੀ) ਵਿਆਹ ਕਰਨਾ ਚਾਹਿਆ ਤਾਂ ਹੰਗਾਮੇ ਸਮੇਤ ਉਹਨਾਂ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ। ਤੇ ਇਹ ਘਟਨਾ ਰਾਸ਼ਟਰੀ ਪਧਰ ਦਾ ਮਹੱਤਵ ਪ੍ਰਾਪਤ ਕਰ ਗਈ ਤੇ ਪ੍ਰਧਾਨ ਮੰਤਰੀ ਦੀ ਮੁਦਾਖਲਤ ਨਾਲ ਹੀ ਇਹ ਸੁਲਝ ਸਕੀ। (2) ਜਦੋਂ ਕਿ ਇਕ ਪ੍ਰਸਿੱਧ ਪੰਜਾਬੀ ਲੇਖਕ ਦੀ ਪੜ੍ਹੀ ਲਿਖੀ ਧੀ ਨੇ ਜੱਟਾਂ ਨਾਲੋਂ ਵੱਖਰੀ ਜ਼ਾਤ ਦੇ ਮੁੰਡੇ ਨਾਲ ਵਿਆਹ ਕਰਨਾ ਚਾਹਿਆ ਤਾਂ ਉਸ ਦਾ ਕਤਲ ਹੋ ਗਿਆ। (3) ਤੇ ਪੰਜਾਬ ਤੋਂ ਬਾਹਰ ਰਹਿੰਦੀਆਂ ਪੰਜਾਬੀ ਕੁੜੀਆਂ ਨੂੰ ਵੀ ਉਪਰੋਕਤ ਸਥਿਤੀ ਵਿਚ 'ਹੀਰ' ਵਾਂਗ ਹੀ ਕੀਮਤ ਚੁਕਾਣੀ ਪੈਂਦੀ ਹੈ। ਕੀ ਇਹ ਉਦਾਹਰਣਾਂ ਪੰਜਾਬੀ ਮਾਪਿਆਂ ਦੀ ਸੀਮਿਤ ਮਾਨਸਿਕਤਾ ਨੂੰ ਸਾਬਤ ਨਹੀਂ ਕਰਦੀਆਂ ? ਤੇ ਇਸ ਪ੍ਰਕਾਰ ਪੰਜਾਬੀਆਂ ਲਈ ਚਣੌਤੀ ਵੀ ਹਨ, ਜੋ ਉਹ ਇਸ ਸੰਦਰਭ ਵਿਚ ਵੇਖਣ ਕਿ ਬਾਲਗ ਧੀ ਨੂੰ ਪਿਆਰ ਕਰਨ ਦਾ ਤੇ ਮਨ-ਮਰਜ਼ੀ ਨਾਲ ਵਿਆਹ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਤੇ ਇਸ ਵਿਚ ਮਾਪਿਆਂ ਦਾ ਤੇ ਜ਼ਾਤ ਦਾ ਦਖਲ ਨਹੀਂ ਹੋਣਾ ਚਾਹੀਦਾ।

ਡਾਕਟਰ ਖੇੜਾ ਨੇ 'ਹੀਰ' ਵਾਰਿਸ 'ਚੋਂ ਮਿਲਦੇ ਹੀਰ ਦੇ ਸਮਾਜਕ ਮਿਥ ਦੀ ਧਾਰਨਾ ਇਸ ਆਧਾਰ 'ਤੇ ਬਣਾਈ ਕਿ ਕਿਸੇ ਵੇਲੇ ਦੇ ਸਮਾਜਕ ਮੁੱਲ ਸਮਕਾਲੀਨ ਸਾਹਿਤ ਵਿਚ ਪੇਸ਼ ਹੁੰਦੇ ਹਨ। ਤੇ ਰੋਲਾਂ ਬਾਰਥ ਅਨੁਸਾਰ ਕਿਸੇ ਸਮੇਂ ਦੀ ਬਦਲਦੀ ਮਾਨਸਿਕਤਾ ਲੇਖਕਾਂ ਦੁਆਰਾ ਪ੍ਰਤੱਖਣ ਬਾਅਦ ਓਹਨਾਂ ਦੀਆਂ ਰਚਨਾਵਾਂ ਵਿਚ ਸਭ ਤੋਂ ਪਹਿਲਾਂ ਪੇਸ਼ ਹੁੰਦੀ ਹੈ ਤੇ ਉਹਨਾਂ ਦੁਆਰਾ ਸਾਧਾਰਨ ਪਾਠਕਾਂ ਤਕ ਪਹੁੰਚਦੀ ਹੈ। ਇਹ ਹੀ ਸਮਾਜਕ ਮੁਲਾਂ ਦੇ ਬਦਲਣ ਦੀ ਪ੍ਰਕ੍ਰਿਆ ਹੈ। ਪਰ ਇਹ ਕੁਝ ਲੇਖਕਾਂ ਦੁਆਰਾ ਵੀ ਤਾਂ ਹੀ ਸੰਭਵ ਹੈ ਜੇ ਉਹ ਆਪਣੇ ਸਮੂਹਕ ਅਵਚੇਤਨ ਨੂੰ ਸਮਝਣ ਦੀ ਵਿਚ ਪੈਣ ਤੇ ਫਿਰ ਉਸ ਅਚੇਤ ਨੂੰ ਸੁਚੇਤ ਬਣਾਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਨ। ਤੇ ਇਸ ਸੱਚ ਨੂੰ ਜਾਨਣ ਲਈ ਕਿ ਕੀ ਸਾਡੇ ਅਜੋਕੇ ਲੇਖਕ ਇਸ ਵਰੋਸਾਈ ਪੰਜਾਬੀ ਮਾਨਸਿਕਤਾ ਪ੍ਰਤੀ ਚੇਤੰਨ ਹਨ ਤੇ ਕੀ ਉਹਨਾਂ ਨੇ ਇਸ ਮਾਨਸਿਕਤਾ ਨੂੰ ਉਲੰਘਣ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਨਹੀਂ, ਇਸ ਲਖਕ ਨੇ ਅਜੋਕੇ ਸਮੇਂ ਵਿਚ ਲਿਖੀਆਂ ਗਈਆ ਪੰਜਾਬੀ ਕਹਾਣੀਆਂ—ਕਿਉਂ ਕਿ ਕਹਾਣੀ ਨੂੰ ਪੰਜਾਬੀ ਸਾਹਿਤ ਵਿਚ ਅੱਜ ਉਹ ਸਥਾਨ ਪ੍ਰਾਪਤ ਹੈ ਜੋ ਕਿੱਸੇ ਨੂੰ ਵਾਰਿਸ ਸਮੇਂ ਪ੍ਰਾਪਤ ਸੀ - ਨੂੰ ਫਰੋਲਿਆ ਹੈ ਤੇ ਉਸ ਨੂੰ ਇਸ ਗੱਲ ਦੀ ਗਵਾਹੀ ਮਿਲੀ ਹੈ ਕਿ ਸਾਡੇ ਕੁਝ ਕਹਾਣੀਕਾਰ ਇਸ ਸਮੱਸਿਆ ਪ੍ਰਤੀ ਚੇਤੰਨ ਹਨ ਅਤੇ ਇਸ ਵਿਚ ਪਰਿਵਰਤਨ ਲਿਆਉਣ ਲਈ ਜਤਨਸ਼ੀਲ ਵੀ ਹਨ ਤੇ ਉਹ ਕਹਾਣੀਕਾਰ ਹਨ : 'ਪ੍ਰੇਮ ਗੋਰਖੀ' (ਮੈਨੂੰ ਮੁਆਫ ਕਰ ਦੇਣਾ), ਜਸਬੀਰ ਭੁਲਰ (ਲੰਮ ਸਲੰਮੀ ਮੌਤ), ਨੇ ਕਿਰਪਾਲ ਕਜ਼ਾਕ (ਮਰਨ ਰੁੱਤ)। ਹੁਣ ਇਹਨਾਂ ਕਹਾਣੀਆਂ ਦਾ ਕ੍ਰਮਵਾਰ ਸਮਾਜ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਧਿਐਨ ਪੇਸ਼ ਕੀਤਾ ਜਾਵੇਗਾ।

**ਮੈਨੂੰ ਮਾਫ ਕਰ ਦੇਣਾ :** ਪ੍ਰੇਮ ਗੋਰਖੀ ਨੇ ਆਪਣੀ ਇਸ ਕਹਾਣੀ ਵਿਚ ਇਕ ਐਸੀ ਕੁੜੀ ਨੂੰ ਮੁੱਖ ਪਾਤਰ ਬਣਾਇਆ ਹੈ ਜਿਸ ਦਾ ਪਿਓ ਮਰ ਚੁਕਾ ਹੈ ਤੇ ਘਰ ਦੇ ਬਾਕੀ ਜੀਅ (ਮਾਂ ਤੇ ਦੋ ਭਰਾ), ਲੇਖਕ ਅਨੁਸਾਰ 'ਭੋਲਾਂ ਦੀ ਅੱਖੇ ਕਾਣੇ ਹੋਏ ਪਏ ਹਨ' ਤੇ 'ਸ਼ਾਇਦ ਏਸੇ ਕਰਕੇ ਉਹਦੇ ਚਿਤ ਭੋਰਾ ਭੈਅ ਨਹੀਂ ਸੀ'। (ਵੈਸੇ ਇਹ ਪੰਜਾਬੀ ਭਰਾਵਾਂ ਦਾ ਪ੍ਰਮਾਣਕ ਚਿੱਤਰ ਨਹੀਂ, ਕਿਉਂਕਿ ਪੰਜਾਬੀ ਭਰਾ ਦਾ ਉਸਦੀ ਭੈਣ ਦੇ ਇੱਸ਼ਕ ਦੇ ਹੱਕ ਪ੍ਰਤੀ ਵਤੀਰਾ ਭੈਣ ਦੇ ਜ਼ਮੀਨ ਪ੍ਰਤੀ ਹੱਕ ਵਰਗਾ ਹੀ ਹੈ ਜੋ ਕਿ ਕਾਨੂੰਨ ਨੇ ਉਸ ਨੂੰ ਭਾਵੇਂ ਦੇ ਦਿਤਾ ਹੈ ਪਰ ਇਸ ਤਰ੍ਹਾਂ ਦਾ ਕੋਈ ਵੀ ਹੱਕ ਉਹ ਉਸ ਨੂੰ ਨਹੀਂ ਦੇਣਾ ਚਾਹੁੰਦਾ ਤੇ ਜਿਵੇਂ ਕਿ ਉਸ ਨੇ ਸਾਰੇ ਹੱਕ ਆਪਣੇ ਲਈ ਰਾਖਵੇਂ ਰਖਵਾਏ ਹੋਣ। ਤੇ ਪੰਜਾਬੀ ਪਿਓ ਵੀ ਧੀ ਨੂੰ ਪਿਆਰ ਕਰਨ ਦਾ ਹੱਕ ਦੇਣ ਲਈ ਤਿਆਰ ਨਹੀਂ ਤੇ ਆਪ ਭਾਵੇ ਉਹ ਜੋ ਮਰਜ਼ੀ ਕਰਦਾ ਫਿਰੇ)। ਏਸੇ ਲਈ ਸ਼ਾਇਦ ਇਸ ਕਹਾਣੀ ਵਿਚ ਪਰੰਪਰਿਕ ਭਰਾ ਦਾ ਰੋਲ ਉਸ ਦੇ ਚਚੇਰੇ ਭਰਾ ਤੋਂ ਕਰਵਾਇਆ ਗਿਆ ਹੈ। ਭੋਲਾਂ ਦੇ ਭਰਾ ਦੀ ਵਹੁਟੀ ਵੀ ਭਰਾ ਨੂੰ ਭੈਣ ਵਿਰੁਧ ਇਜ਼ਤ ਦਾ ("ਕੋਈ ਇੱਜ਼ਤ ਹੈ ਭਲਾ") ਵਾਸਤਾ ਪਾਕੇ ਹੀ ਕਰਦੀ ਹੈ ਤੇ ਭਰਾ ਵੀ ਇਸੇ ਮੁਹਾਵਰੇ ਵਿਚ ਸੋਚਦਾ ਹੈ ਤੇ ਭੈਣ ਨੂੰ ਪੁਛਦਾ ਹੈ ਕਿ "ਤੂੰ ਕਿਉਂ ਸਾਡੀ ਇੱਜ਼ਤ ਨੂੰ ਘੱਟੇ ਵਿਚ ਰੋਲਣ ਲਗੀ ਐਂ" ਤੇ ਸਨੂੰ ਹੋੜਨ ਲਈ ਕਹਿੰਦਾ ਹੈ, "ਤੂੰ ਆਪਣੇ ਆਪ ਸਮਝ ਜਾ...ਨਹੀਂ ਫੇਰ ਡੱਕਰੇ ਕਰਨੇ ਪੈਣਗੇ ਮੈਨੂੰ ਤਾ..." ਤੇ ਫਿਰ ਦੂਜੀ ਵਾਰ ਕਹਿੰਦਾ ਹੈ, "ਤੂੰ ਬਾਜ਼ ਨੀ ਆਈ ਨਾ.. ਅੱਜ ਸਾਲਾ ਫਾਹਾ ਹੀ ਮੁਕ ਜੂ, ਰੋਜ਼ ਦੀ ਕੁੱਤੇ ਖਾਣੀ ਨਲੋਂ ਫਾਹੇ ਲੱਗ ਜੂੰ ਕੇਰਾਂ...ਪਰ ਤੈਨੂੰ ਜੀਂਦੀ ਨੀ ਛੱਡਣਾ"। ਕਿਤਨੀ ਅਜੀਬ ਸਥਿਤੀ ਹੈ ਘਰ ਦੀ 'ਇੱਜ਼ਤ' ਲਈ ਭਰਾ ਭੈਣ ਦੇ 'ਡੱਕਰੇ ਕਰਨ ਲਈ ਤਿਆਰ ਹੈ, ਉਸ ਦੇ ਅਰਮਾਨਾਂ ਦੀ ਪਰਵਾਹ ਤਾਂ ਕਿਸੇ ਨੂੰ ਹੈ

ਹੀ ਨਹੀਂ ਤੇ ਉਸਦੇ ਡੱਕਰੇ ਕਰਕੇ ਭਰਾ ਆਪ ਫਾਹੇ ਲੱਗਣ ਨੂੰ ਤਿਆਰ ਹੈ। ਪਿਛੋਂ ਉਸਦੇ ਪਰਿਵਾਰ ਦਾ ਕੀ ਹੋਵੇਗਾ ਇਸਦੀ ਉਸਨੂੰ ਕੋਈ ਪਰਵਾਹ ਨਹੀਂ। ਘਰ ਦੀ ਇਕ ਧੀ ਨੇ ਪਿਆਰ ਕਰ ਲਿਆ ਹੈ ਤੇ ਇਸ ਨਾਲ ਸਾਰੇ ਘਰ ਦੀ ਸਿਰਫ ਸ਼ਾਂਤੀ ਹੀ ਨਹੀਂ ਭੰਗ ਹੋ ਗਈ, ਸਮਸਿਆ ਜ਼ਿੰਦਗੀ ਤੇ ਮੌਤ ਦੀ ਬਣ ਗਈ ਹੈ ਤੇ ਜੇ ਘਰ ਦੀ ਇਜ਼ਤ ਚਲੀ ਗਈਤੇ ਘਰ ਲਈ ਧੀ ਸ਼ਰਮ ਦਾ ਕਾਰਨ ਬਣ ਗਈ ਤਾਂ ਜੀਵਨ ਵੀ ਮਰਨ ਸਮਾਨ ਹੋ ਜਾਂਦਾ ਹੈ ਤੇ ਉਸ ਲਈ ਵਧ ਤੋਂ ਵਧ ਕੀਮਤ ਦੇਣੀ ਉਚਿਤ ਜਾਪਦੀ ਹੈ। ਉਹ ਕੀਮਤ ਹੈ "ਭੈਣ ਦੀ ਮੌਤ ਤੇ ਫਿਰ ਭਰਾ ਦਾ ਫਾਹੇ ਚੜ੍ਹ ਜਾਣਾ'। ਤੇ ਇਸ ਤਰ੍ਹਾਂ ਫਾਹੇ ਚੜ੍ਹਨ ਸੰਗ ਭਾਵਨਾ ਕੁਰਬਾਨੀ ਦੀ ਹੈ ਜਿਵੇਂ ਕਿ ਕੋਈ ਦੇਸ਼ ਲਈ ਕੁਰਬਾਨ ਹੋ ਜਾਂਦਾ ਹੈ। ਇਹ ਕਿਹਾ ਮੁੱਲਾਂ ਦਾ ਅਜੀਬ ਖਲਤ-ਮਲਤ ਹੋ ਜਾਣਾ ਹੈ। ਇਸ ਬਾਰੇ ਪੰਜਾਬੀਆਂ ਨੂੰ ਸੁਚੇਤ ਹੋ ਕੇ ਸੋਚਣ ਦੀ ਲੋੜ ਹੈ। ਪਰ ਇਹ ਕਹਾਣੀ ਇਥੋਂ ਤਕ ਹੀ ਹੀਰ ਦੀ ਕਹਾਣੀ ਨਾਲ ਮੇਲ ਖਾਂਦੀ ਹੈ। ਜਦੋਂ ਭਰਾ ਭੈਣ ਨੂੰ ਕੁਟਦਾ ਹੈ ਤਾਂ ਉਹ ਡਰ ਨਾਲ ਸਹਿਮ ਜਾਂਦੀ ਹੈ ਤੇ ਰੋਂਦੀ ਹੋਈ ਕਹਿੰਦੀ ਹੈ, "ਭਾਅ ਜੀ, ਮੈਂ ਫੇਰ ਨਹੀਂ ਜਾਂਦੀ, ਮੈਨੂੰ ਮੁਆਫੀ ਦੇ ਦਿਓ, ਮੈਂ ਕਦੀ ਨਹੀਂ ਜਾਂਦੀ ਭਾਅ ਜੀ...", ਤੇ ਉਹ ਇਹ ਜਾਣਕੇ ਕਿ ਜੇ ਉਸਨੇ ਆਪਣੇ ਅਰਮਾਨਾਂ ਦੀ ਬਲੀ ਨਾ ਦਿਤੀ ਤਾਂ ਉਸਨੂੰਆਪ ਕੁਰਬਾਨੀ ਦਾ ਬੱਕਰਾ ਬਣਨਾ ਪਵੇਗਾ ਉਹ ਉਸ ਰਾਹ ਤੋਂ...ਜਿਸਤੇ ਉਸਨੇ ਪਹਿਲਾ ਕਦਮ ਹੀ ਧਰਿਆ ਸੀ...ਪਰਤ ਆਉਂਦੀ ਹੈ। ਪਰ ਉਹ ਇਸ ਤਰ੍ਹਾਂ ਕਰਕੇ ਸਰੀਰਕ ਤੌਰ 'ਤੇ ਤਾਂ ਭਾਵੇਂ ਆਪਣੇ ਆਪ ਨੂੰ ਬਚਾ ਲੈਂਦੀ ਹੈ ਤੇ ਘਰ ਦੀ ਇੱਜ਼ਤ ਵੀ ਬਚ ਜਾਂਦੀ ਹੈ ਪਰ ਰੂਹਾਨੀ ਤੌਰ 'ਤੇ ਇਹ ਸਭ ਕੁਝ ਉਸ ਦੀ ਬਰਦਾਸ਼ਤ ਤੋਂ ਬਾਹਰ ਹੈ। ਸਿੱਟੇ ਵਜੋਂ ਉਹ ਬੀਮਾਰ ਪੈ ਜਾਂਦੀ ਹੈ ਤੇ ਅੰਤ ਵਿਚ ਰੂਹਾਨੀ ਮੌਤ ਉਸਦੀ ਸਰੀਰਕ ਮੌਤ ਦਾ ਵੀ ਕਾਰਨ ਬਣਦੀ ਹੈ। ਪਰ ਬੀਮਾਰੀ ਸਮੇਂ ਘਰ ਦੇ ਉਸਨੂੰ ਬਚਾਉਣ ਲਈ ਕੁਝ ਵੀ ਰਾਖਵਾ ਨਹੀਂ ਰਖਦੇ ਤੇ ਉਸ ਦਾ ਦਾਦਾ...ਜਿਸ ਨੂੰ ਉਹ ਬਹੁਤ ਪਿਆਰੀ ਸੀ...ਵੀ ਅੰਤ ਵਿਚ ਹਾਰ ਕੇ ਕਹਿੰਦਾ ਹੈ, "ਸੌਹਰੀਏ ਜਾਂ ਤਾਂ ਵਿਚੋਂ ਗੱਲ ਮੁਕਾ ਦੇ ਕੇਰਾਂ ਸਾਨੂੰ ਕਿਉਂ ਜੀਂਦੇ ਜੀਅ ਮਾਰਦੀ ਹੈਂ...ਹੁਣ ਤਾਂ ਘਰ 'ਚ ਵੀ ਕੁਸ ਨੀ ਬਚਿਆ"। ਤੇ ਜਦੋਂ ਭਰਾ ਨੂੰ ਪਤਾ ਲਗਦਾ ਹੈ ਕਿ ਉਸਦੀ ਭੈਣ ਆਖਰੀ ਦਮਾਂ 'ਤੇ ਹੈ—ਜਦੋਂ ਕਿ ਡਾਕਟਰ ਕਹਿ ਜਾਂਦਾ ਹੈ ਕਿ ਉਹ ਸ਼ਾਇਦ ਰਾਤ ਕੱਟੇ... ਤਾਂ ਉਸਦੀ ਰੋਣ ਦੀ ਆਵਾਜ਼ ਸੁਣ ਕੇ ਉਹ ਰਾਤ ਨੂੰ ਮੰਜੇ ਤੋਂ ਉਠ ਕੇ ਉਸ ਕੋਲ ਜਾਂਦਾ ਹੈ ਤੇ ਜਦੋਂ ਉਸ ਨੂੰ ਦਿਲਾਸਾ ਦਿੰਦਾ ਹੈ ਕਿ ਉਹ ਛੇਤੀ ਹੀ ਠੀਕ ਹੋ ਜਾਵੇਗੀ ਤਾਂ ਉਹ ਕਹਿੰਦੀ ਹੈ ਕਿ ਉਹ ਤਾਂ ਮੌਤ ਦੀ ਉਡੀਕ ਵਿਚ ਹੈ ਤੇ ਪਤਾ ਨਹੀਂ ਉਸਦੀ ਜਿੰਦ ਕਿਉਂ ਤੇ ਕਿਥੇ ਅਟਕੀ ਹੋਈ ਹੈ ਤੇ ਆਪ ਉਹਨਾਂ ਦੇ ਦੁਖ ਦਾ ਕਾਰਨ ਬਣਨ ਸਦਕਾ ਭਰਾ ਨੂੰ ਇਕ ਵਾਰ ਫਿਰ ਕਹਿੰਦੀ ਹੈ "ਭਾਅ ਜੀ ਮੈਨੂੰ ਮਾਫ ਕਰ ਦਿਓ—ਤੁਸੀਂ ਮੈਨੂੰ ਮਾਫ ਨੀ ਨਾ ਕੀਤਾ ? ਤੇ ਉਸਦੇ ਭਰਾ ਨੂੰ ਹੁਣ ਦੁਖ ਹੈ ਤੇ ਉਸ ਨਾਲ ਹਮਦਰਦੀ ਵੀ ਹੈ। ਉਹ ਇਸ ਭਾਵ ਨੂੰ ਪਰਗਟਾਉਂਦਿਆਂ ਆਪਣੀ ਪਤਨੀ ਨੂੰ ਹਿੰਦਾ ਹੈ "ਜੇ ਸਾਨੂੰ ਪਤਾ ਹੁੰਦਾ ਇਹਨੇ ਗੱਲ ਨੂੰ ਦਿਲ ਤੇ ਇਉਂ ਲਾ ਲੈਣਾ ਤਾਂ ਅਸੀਂ ਕਾਹਨੂੰ ਇਹਨੂੰ ਦਬਕਦੇ।" ਪਰ ਆਪਣੇ ਅਖੀਰਲੇ ਸਮੇਂ...... ਜਦੋਂ ਮੌਤ ਬਹੁਤ ਦੂਰ ਨਹੀਂ.. ਉਸ ਵਿਚ ਵੀ ਦਲੇਰੀ ਆ ਜਾਂਦੀ ਹੈ ਭਰਾ ਨੂੰ ਉਸਦੇ ਪਿਆਰ ਸੰਬੰਧੀ ਸੱਚ ਕਹਿਣ ਦੀ ਤੇ ਸੱਚ ਕਹਿ ਕੇ ਹੀ ਉਹ ਜੀਵਨ ਤੇ ਦੁਖ ਤੋਂ ਮੁਕਤੀ ਪ੍ਰਾਪਤ ਕਰ ਪਾਂਦੀ ਹੈ। ਭਰਾ ਪਹਿਲਾਂ ਤਾਂ ਆਪਣੇ ਪਿਆਰ ਸੰਬੰਧੀ ਸੱਚ ਨੂੰ ਲੋਕਾਂ ਦਾ ਵਹਿਮ ਕਹਿ ਕੇ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਜਦੋਂ ਭੈਣ ਉਸਨੂੰ ਉਸਦੀ ਪ੍ਰੇਮਕਾ ਵਲੋਂ ਦੱਸੇ ਤੇ ਭਰਜਾਈ ਤੋਂ ਪੜ੍ਹਾਈਆਂ

ਚਿੱਠੀਆਂ ਦੇ ਤੱਥਾਂ ਦਾ ਸਬੂਤ ਦੇਂਦੀ ਹੈ ਤਾਂ ਉਹ ਨਿਰਉਤਰ ਹੋ ਜਾਂਦਾ ਹੈ ਤੇ ਆਪਣੇ ਘਰ ਨੂੰ ਪਰਤ ਆਉਂਦਾ ਹੈ। ਤੇ ਉਸ ਦੇ ਘਰ ਵਾਪਸ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਹੀ ਭੈਣ ਦੀ ਮੌਤ ਤੇ ਪਈ ਦੁਹਾਈ ਤੋਂ ਉਸਨੂੰ ਪਤਾ ਲਗਦਾ ਹੈ ਕਿ ਉਹ ਅੰਤਿਮ ਸੱਚ ਕਹਿ ਕੇ ਮੁਕਤੀ ਪ੍ਰਾਪਤ ਕਰ ਗਈ ਹੈ। ਪਰ ਉਹ ਭਰਾ ਨੂੰ ਉਸਦੇ ਪਿਆਰ ਦੇ ਸੱਚ ਪ੍ਰਤੀ ਦੱਸ ਦੇ ਭਰਾ ਭੈਣ ਵਿਚਕਾਰ ਹੱਕਾਂ ਦੇ ਪਾੜੇ ਪ੍ਰਤੀ ਸੰਕੇਤ ਵੀ ਕਰ ਜਾਂਦੀ ਹੈ ਤੇ ਉਹ ਭਰਾ ਦੇ ਮਨ ਵਿਚ ਇਹ ਅਹਿਸਾਸ ਵੀ ਜਗਾ ਜਾਂਦੀ ਹੈ ਕਿ ਆਖਿਰ ਇਕ ਭਰਾ ਨੂੰ ਭੈਣ ਨੂੰ ਉਸ ਕਸੂਰ ਬਦਲੇ ਸਜ਼ਾ ਦੇਣ ਦਾ ਕੀ ਹੱਕ ਹੈ ਜੋ ਕਸੂਰ ਭਰਾ ਨੇ ਆਪ ਕੀਤਾ ਹੋਵੇ। ਸਹਿਵਨ ਹੀ ਭਰਾ ਦੇ ਮਨ ਵਿਚ (ਤੇ ਪਾਠਕ ਦੇ ਮਨ ਵਿਚ ਵੀ) ਇਕ ਪਰਿਵਰਤਨ ਵਾਪਰਦਾ ਹੈ। ਏਸ ਕਰਕੇ ਅਸੀਂ ਕਹਾਂਗੇ ਕਿ ਇਹ ਕਹਾਣੀ 'ਹੀਰ' ਦੀ ਕਹਾਣੀ ਤੋਂ ਅਗਾਂਹ ਤੁਰਦੀ ਹੈ।

**ਲੰਮ੍ਹ ਸਲੰਮੀ ਮੌਤ :** ਜਸਬੀਰ ਭੁੱਲਰ ਦੀ ਇਹ ਕਹਾਣੀ ਹੀਰ ਦੀ ਕਹਾਣੀ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਨਹੀਂ ; ਪਰ ਇਥੇ ਇਸਦੀ ਚਰਚਾ ਕਰਨ ਦਾ ਮਤਲਬ ਇਤਨਾ ਹੀ ਹੈ ਕਿ ਇਸ ਕਹਾਣੀ ਦੀ ਵੀ ਮੁਖ ਪਾਤਰ ਇਕ ਪੰਜਾਬੀ ਧੀ ਹੈ ਜਿਸਨੂੰ ਕਿ ਹੀਰ ਵਾਂਗ ਹੀ ਮਾਪੇ (ਮਾਂ) ਆਪਣੀ ਮਰਜ਼ੀ ਅਨੁਸਾਰ ਇਕ ਅਮੀਰ ਆਦਮੀ ਨਾਲ ਵਿਆਹ ਦੇਂਦੇ ਹਨ ਤੇ ਉਹ ਇਕ ਬੱਚੇ ਨੂੰ ਜਨਮ ਦੇਣ ਬਾਅਦ ਸੂਤਕ ਵਿਚ ਹੀ ਮਰ ਜਾਂਦੀ ਹੈ। ਮਰਨ ਤੋਂ ਬਾਅਦ ਦੀਆਂ ਬੇਅਰਥ ਰਸਮਾਂ ਦੀ ਸਾਰੀ ਕਥਾ ਫੈਂਟੇਸੀ ਦੀ ਵਿਧੀ ਅਨੁਸਾਰ-ਕੁੜੀ ਦੀ ਰੂਹ ਆਪ ਦੇਖਦੀ ਹੈ ਤੇ ਉਸ 'ਤੇ ਟਿਪਣੀ ਦਿੰਦੀ ਹੈ। ਇਥੇ ਵੀ ਗੱਲ ਉਹੀ 'ਸ਼ਰਮ' ਤੇ ਲੱਜਿਆ ਦੀ ਹੀ ਹੈ ਕਿਉਂਕਿ ਜਦੋਂ ਮਾਂ ਨੂੰ ਪਤਾ ਲਗਦਾ ਹੈ ਕਿ ਉਸਦੀ ਧੀ ਦੇ ਕਿਸੇ ਮੁੰਡੇ ਨਾਲ ਸੰਬੰਧ ਹਨ ਤਾਂ ਉਹ ਛੇਤੀ ਤੋਂ ਛੇਤੀ ਉਸ ਦਾ ਵਿਆਹ ਕਰਕੇ ਉਸ ਤੋਂ ਛੁਟਕਾਰਾ ਪ੍ਰਾਪਤ ਕਰਨਾ ਲੋਚਦੀ ਹੈ ਤੇ ਜਦੋਂ ਧੀ ਉਸਨੂੰ ਕੁਝ ਕਹਿੰਦੀ ਹੈ ਤਾਂ ਉਹ ਪਹਿਲਾਂ ਤਾਂ ਉਸਦੀ ਗਲ 'ਤੇ ਕੰਨ ਨਹੀਂ ਧਰਦੀ ਤੇ ਫਿਰ ਇਕ ਟੂਕ ਫੈਸਲਾ ਦੇ ਦਿੰਦੀ ਹੈ, "ਵੇਖ, ਤੇਰਾ ਕੂਣਾ ਨੀ ਬਣਦਾ, ਕੁਝ ਧੀ ਧਿਆਣੀਆਂ ਵਾਲੀ 'ਲੱਜ' ਵੀ ਰਖਿਆ ਕਰ...ਮੈਂ ਤੇਰਾ ਚੰਗਾ ਮਾੜਾ ਸੋਚ ਸਕਨੀ ਆਂ।" ਤੇ ਉਸ ਦੇ ਬਚਪਨ ਦੇ ਸਾਥੀ ਬਾਰੇ—ਜੋ ਕਿ ਉਸਦਾ ਆਪ ਸਾਕ ਮੰਗਣ ਆਇਆ ਸੀ ਮਾਂ ਕਹਿੰਦੀ ਹੈ ਕਿ "ਚਿੱਕੜ ਵਿਚ ਮੈਂ ਤੈਨੂੰ ਨਹੀਂ ਸੁਟਣਾ...ਭਾਵੇਂ ਉਹ ਖੁਦ ਆ ਕੇ ਨੱਕ ਰਗੜੇ।" ਮਰਨ ਉਪਰੰਤ ਧੀ ਕਹਿੰਦੀ ਹੈ, "ਮੈਂ ਚਾਹੁੰਦੀ ਤਾਂ ਜਿਉਂ ਵੀ ਸਕਦੀ ਸਾਂ। ਮੈਨੂੰ ਸਿਰਫ ਏਨਾ ਹੀ ਕਰਨਾ ਪੈਣਾ ਸੀ ਕਿ ਜਿਹਨਾਂ'ਨੱਕਾਂ' ਦੀ ਉਹ ਹਰ ਗੱਲ 'ਤੇ ਦੁਹਾਈ ਦੇਂਦੇ ਸਨ, ਉਹਨਾਂ ਨੂੰ ਛੁਰੀ ਲੈ ਕੇ ਆਪ ਹੀ ਕੱਟ ਦੇਂਦੀ ਤੇ ਫਿਰ ਉਹਨਾਂ ਕੱਟੇ ਹੋਏ ਨੱਕਾਂ ਚੋਂ ਲਹੂ ਦੀ ਥਾਂ ਪਾਣੀ ਵਗਦਾ ਵੇਖ ਕੇ ਧਮੱਚੜ ਪਾਉਂਦੀ..."। ਲੇਖਕ ਨੇ ਕਹਾਣੀ ਦੀ ਨਾਇਕਾ ਪਾਸੋਂ ਇਸ ਸੂਖਮ ਜਿਹੇ ਇਸ਼ਾਰੇ ਦੁਆਰਾ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸ਼ਰਮਸਾਰ ਹੋਣ ਦਾ ਤੇ 'ਨੱਕ ਵੱਢੇ ਜਾਣ ਦਾ' ਤਾਂ ਮਾਪਿਆਂ ਨੇ ਪਖੰਡ ਰਚਿਆ ਹੋਇਆ ਹੈ ਤੇ ਉਸ 'ਨੱਕ' ਨੂੰ ਬਚਾਉਣ ਲਈ ਉਹ ਧੀਆਂ ਦੀ ਜ਼ਿੰਦਗੀ ਦੀ ਬਲੀ ਦੇ ਦਿੰਦੇ ਹਨ। ਤੇ ਧੀ ਆਪਣੀ ਮਾਂ-ਜੋ ਕਿ ਉਸ ਦੀ ਕਿਸਮਤ ਦਾ ਫੈਸਲਾ ਕਰ ਰਹੀ ਸੀ-ਪ੍ਰਤੀ ਮਹਿਸੂਸ ਕਰਦੀ ਇਸ ਤਰ੍ਹਾਂ ਕਹਿੰਦੀ ਹੈ, "ਮਾਂ ਬਣਿਆਣੀ ਸਭ ਜਾਣਦੀ ਸੀ, ਪਰ ਉਹ ਤਾਂ ਗੱਦੀ 'ਤੇ ਬੈਠੀ ਦੁਕਾਨਦਾਰ ਸੀ। ਉਹ ਸਿਰਫ ਲਾਹੇਵੰਦ ਸੌਦੇ ਹੀ ਕਰ ਸਕਦੀ ਸੀ" ਤੇ ਦੋਹ ਪੁੜਾਂ ਵਿਚਕਾਰ ਆਏ ਦਾਣੇ ਵਾਲੀ ਸਥਿਤੀ ਨੂੰ ਪ੍ਰਤੀਤ ਕਰਦਿਆਂ ਧੀ ਕਹਿੰਦੀ ਹੈ ਕਿ, "ਮੈਂ ਤਾਂ ਬਣਿਆਣੀ ਮਾਂ, ਸੌਦੇਬਾਜ ਖਸਮ

ਵਿਚਾਲੇ ਪਈ ਬੰਦ ਪੁੜੀ ਸਾਂ। ਤੇ ਸੌਦੇਬਾਜ ਖਸਮ-ਜੋ ਕਿ ਅਮੀਰ ਤਾਂ ਹੈ ਹੀ-ਦਾ ਯਥਾਰਥ ਇਸ ਤਰਾਂ ਬਿਆਨਿਆ ਗਿਆ ਹੈ, "ਅਜੀਬ ਆਦਤਾਂ ਸਨ ਉਸਦੀਆਂ, ਪਰ ਉਹ ਅਸਰ ਰਸੂਖ ਵਾਲਾ ਸੀ। ਉਹ ਮੇਰੇ ਭਰਾ ਲਈ ਨੌਕਰੀ ਦਾ ਵਸੀਲਾ ਬਣ ਸਕਦਾ ਸੀ।" ਤੇ ਇਥੇ ਮਾਪਿਆਂ ਦਾ ਖੁਦਗਰਜ਼ੀ ਵਾਲਾ ਪਾਸਾ ਵੀ ਸਾਹਮਣੇ ਆਉਂਦਾ ਹੈ ਜੋ ਕਿ ਆਪਣੇ ਫਾਇਦੇ ਲਈ ਧੀ ਨੂੰ ਨਰਕ ਵਿਚ ਸੁਟ ਦੇਂਦੇ ਹਨ। ਅਤੇ ਸੌਦੇਬਾਜ਼ ਖਸਮ ਸੰਬੰਧੀ ਉਸਦੀ ਪਤਨੀ ਦੇ ਵਿਚਾਰ ਉਸਦੇ ਆਪਣੇ ਸ਼ਬਦਾਂ ਵਿਚ—"ਉਸ ਸੌਦੇਬਾਜ ਨੇ ਤਾਂ ਆਪਣੀ ਡੁੱਬੀ ਰਕਮ ਵੀ ਤਾਰਨੀ ਸੀ। ਮੈਨੂੰ ਉਸ ਪਹਿਲੇ ਦਿਨ ਹੀ ਵਿਆਜ ਵਾਂਗ ਮਿਥ ਲਿਆ ਤੇ ਮੇਰੇ ਪਹਿਲੇ ਜਣੇਪੇ ਵੇਲੇ ਸੱਦੀ ਭੈਣ ਉਸ ਮੂਲ ਵਾਂਗ ਹੜੱਪ ਕਰ ਲਈ।" ਧੀਆਂ ਦਾ ਆਪਣੀ ਮਰਜ਼ੀ ਨਾਲ ਵਿਆਹ ਕਰਕੇ ਮਾਪੇ ਉਹਨਾਂ ਦੇ ਅਰਮਾਨਾਂ ਦਾ ਖ਼ੂਨ ਤਾਂ ਕਰਦੇ ਹੀ ਹਨ ਪਰ ਨਾਲ ਹੀ ਉਹ ਧੀਆਂ ਨੂੰ ਨਰਕ ਵਿਚ ਧੱਕਾ ਵੀ ਦੇ ਦਿੰਦੇ ਹਨ ਜਿਸ ਨਰਕ ਤੋਂ ਉਹਨਾਂ ਨੂੰ ਮਕਤੀ ਕੇਵਲ ਮੌਤ ਬਾਅਦ ਹੀ ਪ੍ਰਾਪਤ ਹੁੰਦੀ ਹੈ। ਅਜੋਕੀ ਸਥਿਤੀ ਵਿਚ ਇਹ ਸੱਚ ਹੀ ਹੈ ਕਿ ਪੰਜਾਬੀ ਮਾਪੇ ਆਪਣੇ ਸੁਆਰਥ ਦੀ ਸਿੱਧੀ ਲਈ ਧੀਆਂ ਦਾ ਬਲੀਦਾਨ ਦੇ ਦਿੰਦੇ ਹਨ। ਲੇਖਕ ਨੇ ਇਸ ਕਹਾਣੀ ਦੁਆਰਾ ਪੰਜਾਬੀ ਧੀਆਂ ਦਾ ਉਹਨਾਂ ਦੀ ਮਰਜ਼ੀ ਦੇ ਵਿਰੁਧ ਕੀਤੇ ਜਾਂਦੇ ਵਿਆਹ ਦੇ ਰਿਵਾਜ ਪ੍ਰਤੀ ਬੇਪ੍ਰਤੀਤੀ ਦਾ ਮਤਾ ਪੇਸ਼ ਕੀਤਾ ਹੈ (ਤੇ ਨਾਲ ਹੀ ਮੌਤ ਸੰਬੰਧੀ ਫਜ਼ੂਲ ਤੇ ਬੇਅਰਥ ਪ੍ਰਚਲਿਤ ਰਸਮਾਂ 'ਤੇ ਵੀ ਤਕੜੀ ਚੋਟ ਮਾਰੀ ਹੈ)। ਤੇ ਏਸ ਰਿਵਾਜ-ਜੋ ਘਟੋ ਘਟ ਹੀਰ ਦੇ ਵੇਲੇ ਤੋਂ ਤਾਂ ਸਪਸ਼ਟ ਹੀ ਚਲਦਾ ਆ ਰਿਹਾ ਹੈ-ਨੂੰ ਬਦਲਣ ਦੀ ਲੋੜ ਵੱਲ ਵੀ ਸੰਕੇਤ ਕੀਤਾ ਹੈ। ਸੋ ਇਸ ਕਹਾਣੀ ਨੂੰ 'ਹੀਰ' ਦੇ ਸਮਾਜਕ ਮਿਥ ਨੂੰ ਤੋੜਨ ਵਲ ਇਕ ਕਦਮ ਮੰਨਣਾ ਉਚਿਤ ਜਾਪਦਾ ਹੈ।

**ਮਰਨ ਰੁੱਤ :** ਪੰਜਾਬੀ ਮਾਪਿਆਂ (ਸਮੇਤ ਭਰਾਵਾਂ ਦੇ) ਦੀ ਪਰੰਪਰਿਕ ਅਨੁਕਿਰਿਆ - ਉਨ੍ਹਾਂ ਦੀ ਧੀ ਦੇ ਇਸ਼ਕ ਬਾਰੇ ਪਤਾ ਚੱਲਣ'ਤੇ—ਉਸਦੇ ਡੱਕਰੇ ਕਰਨ ਤੇ ਉਸਨੂੰ ਮਾਰ ਮੁਕਾਉਣ ਦੀ ਹੈ ਤਾਂ ਜੋ ਘਰ ਦੀ 'ਇੱਜ਼ਤ' ਬਚ ਸਕੇ ਤੇ ਉਹਨਾਂ ਨੂੰ ਸ਼ਰਮਿੰਦਗੀ ਦਾ ਸਾਹਮਣਾ ਨਾ ਕਰਨਾ ਪਵੇ। ਤੇ ਕ੍ਰਿਪਾਲ ਕਜ਼ਾਕ ਦੀ ਇਹ ਕਹਾਣੀ ਵੀ 'ਹੀਰ' ਦੀ ਕਹਾਣੀ ਨਾਲ ਪਰੋਖ ਤੌਰ 'ਤੇ ਸੰਬੰਧਿਤ ਹੈ। ਪਰ ਜਿਵੇਂ ਸਪਸ਼ਟ ਹੀ ਹੈ ਇਸ ਅਨੁਕਿਰਿਆ ਦੁਆਰਾ ਸਮਸਿਆ ਦਾ ਹੱਲ ਨਹੀ ਹੁੰਦਾ। ਜੇ ਇਸ ਤਰ੍ਹਾਂ ਇਹ ਸਮੱਸਿਆ ਹੱਲ ਹੋ ਸਕਦੀ ਤਾਂ ਹੀਰ ਦੀ ਕਹਾਣੀ ਪੰਜਾਬੀਆਂ ਦਾ 'ਸਮਾਜਕ ਮਿੱਥ' ਨਾ ਬਣ ਸਕਦੀ। ਕਿਸੇ ਵਿਅਕਤੀ ਜਾਂ ਕੌਮ ਦੀ ਮਾਨਸਿਕਤਾ ਵਿਚ ਪਰਿਵਰਤਨ ਇਕ ਮਾਨਸਿਕ ਪ੍ਰਕਿਰਿਆ ਹੈ ਤੇ ਇਹ ਪਰਿਵਰਤਨ ਕਰਮ ਦੁਆਰਾ ਸੰਭਵ ਨਹੀਂ ; ਇਹ ਕੇਵਲ ਵਿਅਕਤੀ ਦੇ ਅਹਿਸਾਸ ਦੁਆਰਾ ਹੀ ਵਾਪਰ ਸਕਦਾ ਹੈ। 'ਮਰਨ ਰੁੱਤ' ਸ਼ੁੱਧ ਅਹਿਸਾਸ ਦੀ ਕਹਾਣੀ ਹੈ। ਇਸ ਸਾਰੀ ਕਹਾਣੀ ਵਿਚ ਇਕ ਫੌਜੀ ਦੀ ਔਰਤ ਨਾਲ ਘੁਟਵੀਂ ਜੱਫੀ ਤੋਂ ਸਿਵਾ ਹੋਰ ਕੁਝ ਵੀ ਨਹੀਂ ਵਾਪਰਦਾ, ਜੋ ਵਾਪਰਦਾ ਹੈ ਉਹ ਕੇਵਲ ਕਹਾਣੀ ਦੇ ਨਾਇਕ-ਜੋ ਇਕ ਐਸਾ ਪਿਓ ਹੈ ਜਿਸ ਦੀਆਂ ਪੰਜ ਜੁਆਨ ਧੀਆਂ ਹਨ— ਦੇ ਮਨ ਵਿਚ ਹੀ ਵਾਪਰਦਾ ਹੈ।

ਕਹਾਣੀ ਦੇ ਨਾਇਕ ਦੇ ਜਵਾਨੀ ਸਮੇਂ ਪਿੰਡ ਦੀ ਇਕ ਕੁੜੀ ਨੇ ਉਸ ਦੀ ਵੀਣੀ ਫੜ ਲਈ ਸੀ ਤੇ ਫਿਰ ਉਸਦੇ ਚੁਪ ਰਹਿਣ 'ਤੇ ਕੁੜੀ ਨੇ ਉਸਨੂੰ ਘੁਟ ਕੇ ਜੱਫੀ ਪਾ ਲਈ ਸੀ, ਪਰ ਨਾਇਕ 'ਨਹੁੰ' ਜਿਤਨੀ ਸ਼ੁਹਰਤ ਬਦਲੇ ਉਸ ਤੋਂ ਪੱਲਾ ਛੁਡਾ ਕੇ ਦੌੜ ਗਿਆ ਸੀ ਤੇ ਇਸ ਦੇ ਸਿੱਟੇ ਵਜੋਂ ਕੁੜੀ ਨੇ ਨਮੋਸ਼ੀ ਕਾਰਨ ਖੂਹ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ ਸੀ। ਉਸ ਘਟਨਾ

ਨੂੰ ਹੁਣ ਬਹੁਤ ਸਾਲ ਬੀਤ ਚੁਕੇ ਹਨ ਤੇ ਹੁਣ ਉਸਦੀਆਂ ਆਪਣੀਆਂ ਪੰਜ ਧੀਆਂ ਜਵਾਨ ਹੋ ਚੁਕੀਆ ਹਨ ਤੇ ਉਹ ਜਾਣਦਾ ਹੈ ਕਿ ਪਿੰਡ ਦੇ ਸਾਰੇ ਮੁੰਡੇ ਉਸਦੀ 'ਸੀਤ ਬਿਰਤੀ' ਵਾਲੇ ਨਹੀਂ। ਪਿੰਡ ਦੀ ਸੱਥ ਵਿਚ ਕਿਸੇ ਦਿਨ 'ਆਬਰੂ' ਰੁਲਣ ਤੋਂ ਉਹ ਬਹੁਤ ਡਰਦਾ ਹੈ ਤੇ ਦੂਰ ਇਕ ਬਾਰੂਦ ਦੇ ਡਿਪੂ ਦੁਆਲੇ ਲੱਗੀ ਤਾਰ ਦੀ ਕੰਧ ਤੋਂ ਵਿਚਾਰ ਲੈ ਕੇ ਉਹ ਆਪਣੇ ਘਰ ਦੀਆਂ ਕੰਧਾਂ ਵੀ ਬਹੁਤ ਉਚੀਆਂ ਕਰ ਲੈਂਦਾ ਹੈ ਤੇ ਉਸਦੀ ਆਪਣੀ ਅੱਖ 'ਘਰ ਦੀ ਆਬਰੂ' 'ਤੇ ਲਗਾਤਾਰ ਪਹਿਰਾ ਦਿੰਦੀ ਰਹਿੰਦੀ ਹੈ। ਸਾਰੀ ਸਮਸਿਆ ਹੀ ਬਾਪ ਲਈ 'ਘਰ ਦੀ ਆਬਰੂ' ਕਾਇਮ ਰੱਖਣ ਦੀ ਹੈ। ਤੇ ਉਹ ਆਪਣੇ ਘਰ ਨੂੰ ਇਕ ਪ੍ਰਕਾਰ ਬਾਰੂਦ ਦਾ ਡਿਪੂ ਹੀ ਸਮਝਦਾ ਹੈ ਜਿਸ ਨੂੰ ਕਦੇ ਵੀ ਅੱਗ ਲੱਗ ਸਕਦੀ ਹੈ। ਪਰ ਇਕ ਸਵੇਰ ਜਦੋਂ ਉਹ ਦੇਖਦਾ ਹੈ ਕਿ ਪਹਿਰੇਦਾਰ ਸੰਗੀਨ ਨੂੰ ਪਰੇ ਸੁੱਟ ਕੇ ਇਕ ਤੀਵੀਂ ਨਾਲ ਲਿਪਟਿਆ ਹੋਇਆ ਖੜਾ ਹੈ ਤਾਂ ਉਸ ਨੂੰ ਯਕੀਨ ਨਹੀਂ ਆਉਂਦਾ ਕਿ ਜੋ ਉਹ ਦੇਖ ਰਿਹਾ ਹੈ ਉਹ ਸੱਚ ਹੀ ਹੈ ਤੇ ਉਸਦੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ। ਏਸੇ ਝਾਕੀ ਦੁਆਰਾ ਉਸਦਾ ਘਰ ਦੀ ਆਬਰੂ ਸੰਬੰਧੀ ਸਾਰਾ ਯਕੀਨ ਹਿੱਲ ਜਾਂਦਾ ਹੈ ਤੇ ਉਸਨੂੰ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਉਸਦੇ ਘਰ ਦੀਆਂ ਕੰਧਾਂ ਵੀ ਛਾਣਨੀ ਛਾਣਨੀ ਹੋ ਗਈਆਂ ਹੋਣ ਤੇ ਉਸ ਦੀਆਂ ਧੀਆਂ ਪਿੰਡ ਦੇ ਮੁੰਡਿਆਂ ਦੀਆਂ ਵੀਣੀਆਂ ਫੜੀ ਖੜੀਆਂ ਹੋਣ। ਇਹੀ ਝਾਕੀ ਮਨ ਵਿਚ ਲੈ ਕੇ ਉਹ ਦਦੋਂ ਪਿੰਡ ਦੀ ਫਿਰਨੀ 'ਤੇ ਟਾਂਗੇ ਤੋਂ ਉਤਰਦਾ ਹੈ ਤਾਂ ਉਸ ਲਈ ਘਰ ਤਕ ਪਹੁੰਚਣਾ ਮੁਹਾਲ ਹੋ ਜਾਂਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਜਿਵੇਂ ਕਿ ਉਸਦੀ 'ਮਰਨ ਰੁੱਤ' ਆ ਗਈ ਹੋਵੇ। ਇਹ ਕਹਾਣੀ ਕੇਵਲ ਸ਼ੁਧ ਅਹਿਸਾਸ ਦੀ ਕਹਾਣੀ ਹੀ ਨਹੀਂ,ਮਨੋਵਿਗਿਆਨਕ ਕਹਾਣੀ ਵੀ ਹੈ। ਤੇ ਮਨੁਖੀ ਮਨ ਦਾ ਮਨੋਵਿਗਿਆਨਕ ਸੱਚ ਇਹ ਹੈ ਕਿ ਯਥਾਰਥ ਦੇ ਲਗਾਤਾਰ ਅਹਿਸਾਸ ਦੁਆਰਾ —ਭਾਵੇਂ ਉਹ ਕਿਤਨਾ ਹੀ ਕੌੜਾ ਕਿਉਂ ਨਾ ਹੋਵੇ— ਵਿਅਕਤੀ ਯਥਾਰਥ ਨੂੰ ਕਬੂਲ ਲੈਂਦਾ ਹੈ। ਧੀਆਂ ਦਾ ਬਾਪ ਅਹਿਸਾਸ ਦੁਆਰਾ ਹੌਲੀ ਹੌਲੀ ਸਮਾਜਕ ਸੱਚ ਨੂੰ ਕਬੂਲ ਰਿਹਾ ਹੈ ਤੇ ਉਸ ਲਈ ਸਮਾਜਕ ਸੱਚ ਇਹ ਹੈ "ਜਵਾਨ ਮੁੰਡੇ ਕੁੜੀਆਂ ਦਾ ਪਰਸਪਰ ਮੇਲਜੋਲ ਤੇ ਪਿਆਰ ਸੰਬੰਧ।" ਵੈਸੇ ਕਿਸੇ ਗੈਰ-ਪੰਜਾਬੀ ਸਮਾਜ ਵਿਚ ਸ਼ਾਇਦ ਇਹ ਗੱਲਾਂ ਇਤਨੀਆਂ ਅਸਾਧਾਰਨ ਨਾ ਹੋਣ ਪਰ ਪੰਜਾਬੀਆਂ ਨੇ ਕਿਉਂਕਿ ਇਸ ਨਾਲ ਘਰ ਦੀ ਇੱਜ਼ਤ ਨੂੰ ਜੋੜ ਲਿਆ ਹੈ, ਇਸ ਲਈ ਉਹਨਾਂ ਲਈ ਇਸ ਖਟਾਈ ਕਰਕੇ ਮਿਠਾਈ ਨਿਗਲਨੀ ਵੀ ਮੁਸ਼ਕਲ ਹੋ ਰਹੀ ਹੈ।

ਸਾਹਿਤ ਸੰਸਾਰ ਜਿਸ ਵਿਚ ਕਿ 'ਚੁੱਪ' ਵੀ 'ਬੋਲਦੀ' ਹੈ ਤੇ 'ਮੌਤ' ਵੀ 'ਜਿਉਂਦੀ' ਹੈ ਤੇ ਜਿਸ ਵਿਚ 'ਹਾਰ' ਦੇ ਅਹਿਸਾਸ ਵਿਚ 'ਜਿੱਤ' ਵੀ ਸ਼ਾਮਿਲ ਹੁੰਦੀ ਹੈ, ਅਸੀਂ ਦੇਖਦੇ ਹਾਂ ਕਿ ਚਰਚਾ-ਅਧੀਨ ਤਿੰਨਾਂ ਕਹਾਣੀਆਂ ਦੇ ਮਾਪੇ ਭਾਵੇਂ ਧੀਆਂ ਸੰਬੰਧੀ ਮਾਪਿਆਂ ਦੀ ਚੱਲੀ ਆ ਰਹੀ 'ਹੀਰ' ਦੇ ਵੇਲੇ ਦੀ ਮਾਨਸਿਕਤਾ ਨੂੰ ਉਲੰਘਣੋਂ ਅਸਮਰਥ ਰਹੇ ਹਨ ਪਰ ਉਹਨਾਂ ਨੇ ਚਿਣਗ ਮਾਤਰ ਇਹ ਅਹਿਸਾਸ ਜ਼ਰੂਰ ਜਗਾਇਆ ਹੈ ਕਿ ਇਹ ਜੋ ਚਲ ਰਿਰਾ ਹੈ ਠੀਕ ਨਹੀਂ ਤੇ ਇਸ ਨੂੰ ਬਦਲਣ ਦੀ ਲੋੜ ਹੈ। ਤੇ ਜੇ ਸਾਹਿਤ ਪਾਠਕ ਦੇ ਮਨ ਵਿਚ ਇਤਨਾ ਪ੍ਰਤੱਖਣ ਵੀ ਜਗਾ ਸਕੇ ਤਾਂ ਇਹ ਛੋਟੀ ਗੱਲ ਨਹੀਂ। ਇਸ ਤੋਂ ਵੱਡੀ ਗੱਲ ਦੀ ਸਾਨੂੰ ਸਾਹਿਤ ਤੋਂ ਆਸ ਵੀ ਨਹੀਂ ਰੱਖਣੀ ਚਾਹੀਦੀ। ਪੰਜਾਬੀ ਜਗਤ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਸਾਹਿਤਕਾਰ —ਖਾਸ ਕਰਕੇ ਕਹਾਣੀ-ਕਾਰ —ਆਪਣੇ ਸਮਾਜਕ ਮੰਤਵ ਪ੍ਰਤੀ ਚੇਤੰਨ ਹਨ ਤੇ ਆਉਂਦੇ ਸਮੇਂ 'ਚ ਇਸ ਤੋਂ ਇਹ ਆਸ ਬੱਝਦੀ ਹੈ ਕਿ ਪੰਜਾਬੀ ਮਾਪੇ ਆਪਣੀਆਂ ਧੀਆਂ ਪ੍ਰਤੀ ਪਰੰਪਰਿਕ ਮਾਨਸਿਕਤਾ ਨੂੰ ਉਲੰਘ ਸਕਣਗੇ।

★ [ਆਕਾਸ਼ਬਾਣੀ, ਗੁਰਾਇਆ, ਜ਼ਿਲਾ ਜਲੰਧਰ]

## ਅਰਜਨ ਜਾਣਦਾ ਹੈ/ਰਣਜੀਤ ਸਿੰਘ

'ਕਰਮ 'ਤੇ ਤੇਰਾ ਹੱਕ ਹੈ, ਫਲ 'ਤੇ ਨਹੀਂ'
ਕਿਉਂ ਨਹੀਂ ? ਅਰਜਨ ਕਿਉਂ ਨਹੀਂ ਪੁਛਦਾ ?
ਅਰਜਨ ਸ਼ਸਤਰ ਨਹੀਂ ਚੁਕਦਾ
ਗਾਂਡੀਵ ਧਰਤੀ 'ਤੇ ਟਿਕੀ ਹੈ
ਭੱਥੇ ਵਿਚ ਪਏ ਤੀਰਾਂ ਦੇ ਖੰਭ
ਉਸ ਦੀ ਗਰਦਨ ਦੀ ਤਰ੍ਹਾਂ ਝੁਕੇ ਹਨ।
ਕ੍ਰਿਸ਼ਨ ਕਹਿੰਦਾ ਹੈ :
ਉਹ ਦਰਯੋਧਨ ਹੈ, ਜਿਸ ਦਰੋਪਦੀ ਨੂੰ, ਭਰੀ ਸਭਾ ਵਿਚ
ਆਪਣੀ ਗੋਦ 'ਚ ਬਿਠਾਣਾ ਚਾਹਿਆ।
ਉਹ ਦੁਸ਼ਾਸਨ ਹੈ, ਜਿਸ ਦਰੋਪਦੀ ਦੇ ਕੇਸ ਖੋਹੇ
ਤੇ ਉਸ ਨੂੰ ਨਗਨ ਕਰਨਾ ਚਾਹਿਆ।
ਉਹ ਕਰਨ ਹੈ, ਜੋ ਕਹਿੰਦਾ ਹੈ 'ਰਹਿਣਗੇ ਤੇ ਰਹਿਣਗੇ
ਬਸ ਪੰਜ ਪਾਂਡੋ ਰਹਿਣਗੇ।'
ਕਰਨ ਤੇਰੇ ਲਈ ਨਿਜੀ ਲਲਕਾਰ ਵੀ ਹੈ।
ਉਹ ਭੀਸ਼ਮ ਹੈ, ਜਿਸ ਆਪਣੇ ਲਈ ਨਹੀਂ ਆਪਣੇ ਨਿਪੁੰਸਕ ਭਰਾ ਲਈ
ਇਕ ਰਾਜੇ ਦੀਆਂ ਧੀਆਂ ਦਾ ਹਰਨ ਕੀਤਾ।
ਉਹ ਦਰੋਣਾ ਹੈ, ਜੋ ਰਾਜ ਭੋਗ ਛਕਦਾ ਰਿਹੈ
ਤੇ ਰਾਜ ਦੇ ਸਦਾ ਗੁਣ ਗਾਂਦਾ ਰਿਹੈ।
ਇਹ ਦਲੀਲ ਨਹੀਂ ਮਨੁੱਖਤਾ ਨੂੰ ਕੱਢੀ ਗਾਲ ਹੈ
ਸਭਿਅਤਾ ਸੰਸਕ੍ਰਿਤੀ ਦਾ ਉਡਾਇਆ ਮਜ਼ਾਕ ਹੈ
'ਆਤਮਾ ਮਰਦੀ ਨਹੀਂ' ਇਕ ਬੋਸੀਦਾ ਖਿਆਲ ਹੈ।
ਅਰਜਨ ਫਿਰ ਵੀ ਧਨੁਸ਼ ਚੁਕਦਾ ਹੈ
ਅਰਜਨ ਜਾਣਦਾ ਹੈ
ਕ੍ਰਿਸ਼ਨ : ਇਕ ਸੋਚ ਹੈ, ਇਕ ਆਵਾਜ਼ ਹੈ, ਇਕ ਲਹਿਰ ਹੈ
ਕਰਮ—ਉਹੀ ਕਰਮ ਹੈ, ਜੋ ਲੋਕ ਹਿਤ ਹੈ
ਫਲ 'ਤੇ ਉਸ ਦਾ ਨਹੀਂ, ਲੋਕਾਂ ਦਾ ਹੱਕ ਹੈ ਜੋ ਸਭਨਾਂ ਦਾ ਹੈ
ਕ੍ਰਿਸ਼ਨ ਵਾਂਗ ਉਸ ਦਾ ਵੀ ਹੈ।
ਅਰਜਨ ਇਸ ਲਈ ਗਾਂਡੀਵ ਚੁਕਦਾ ਹੈ
'ਕਰਮ' ਤੇ ਤੇਰਾ ਹੱਕ ਹੈ, ਫਲ 'ਤੇ ਨਹੀਂ'
ਕਿਉਂ ਨਹੀਂ ? ਅਰਜਨ ਜਾਣਦਾ ਹੈ।

[ੲ-118, ਜਨਤਾ ਕਾਲੋਨੀ, ਨਵੀਂ ਦਿਲੀ, 110027]

## ਲੇਖਕ ਦੀ ਤਲਾਸ਼ ਵਿੱਚ ਛੇ ਪਾਤਰ

ਵਿਸ਼ਵ ਪ੍ਰਸਿੱਧ ਨਾਟਕਕਾਰ ਪਿਰਾਂਦੇਲੋ ਦੇ ਪ੍ਰਬੁੱਧ ਰੰਗ ਕਰਮੀ ਕੁਮਾਰ ਵਰਮਾ ਦੁਆਰਾ 'ਨਾਟਕ ਲੇਖਕ ਦੀ ਤਲਾਸ਼ ਵਿਚ ਛੇ ਪਾਤਰ' ਦੀ ਪੇਸ਼ਕਾਰੀ ਚੰਡੀਗੜ੍ਹ ਰੰਗਮੰਚ ਦੇ ਇਤਿਹਾਸ ਵਿੱਚ ਵਾਪਰੀ ਇਕ ਅਭੂਤਪੂਰਬ ਘਟਨਾ ਕਹੀ ਜਾ ਸਕਦੀ ਹੈ। ਅਸਤ ਵਿਅਸਤ ਪਰਿਵਾਰਕ ਸਮਾਜਕ ਪਰਿਸਥਿਤੀਆਂ ਵਿਚ ਮਨੁੱਖ ਦੀ ਪੇਚੀਦਾ ਮਾਨਸਿਕਤਾ ਦਾ ਬਿੰਬ ਵੇਖਣਾ ਚੰਡੀਗੜ੍ਹ ਦੇ ਰੰਗ ਮੰਚ ਪ੍ਰੇਮੀਆਂ ਲਈ ਨਿਰਸੰਦੇਹ ਇੱਕ ਵਚਿੱਤਰ ਤਜਰਬਾ ਸੀ। ਪੰਜਾਬ ਯੂਨੀਵਰਸਿਟੀ ਦੇ ਇੰਡੀਅਨ ਥੀਏਟਰ ਵਿਭਾਗ ਦੇ ਵਿਦਿਆਰਥੀਆਂ ਨੇ ਇਹ ਨਾਟਕ 16 ਦਸੰਬਰ ਤੋਂ ਲੈ ਕੇ 20 ਦਸੰਬਰ ਤਕ ਸਟੂਡੀਓ ਥੀਏਟਰ ਦੇ ਨਿੱਕੇ ਜਿਹੇ ਹਾਲ ਵਿੱਚ ਪ੍ਰਸਤੁਤ ਕੀਤਾ।

'ਲੇਖਕ ਦੀ ਤਲਾਸ਼ ਵਿਚ ਛੇ ਪਾਤਰ' ਪਰਿਵਾਰਕ ਰਿਸ਼ਤਿਆਂ ਵਿੱਚ ਫੈਲੇ ਹੋਏ ਪ੍ਰਚੰਡ ਆਤੰਕ ਦਾ ਨਾਟਕ ਹੈ। ਛੇ ਮੈਂਬਰਾਂ ਦਾ ਪਰਿਵਾਰ ਆਪਣੀ ਜ਼ਿੰਦਗੀ ਦਾ ਕਠੋਰ ਯਥਾਰਥ ਭੋਗ ਕੇ ਰੀਹਰਸਲ ਕਰ ਰਹੀ ਨਾਟ ਮੰਡਲੀ ਵਿੱਚ ਪ੍ਰਵੇਸ਼ ਕਰਦਾ ਹੈ। ਇਹਨਾਂ ਪਰਿਵਾਰਕ ਮੈਂਬਰਾਂ ਵਿਚਕਾਰ ਮਾਨਵੀ ਸੰਬੰਧਾਂ ਦਾ ਭੋਗ ਪੈ ਚੁੱਕਿਆ ਹੈ। ਬਹੁਤ ਦੇਰ ਪਹਿਲਾਂ ਆਪਣੇ ਪਤੀ ਪਾਸ ਇੱਕ ਪੁੱਤਰ ਛੱਡ ਕੇ ਇੱਕ ਔਰਤ ਆਪਣੇ ਕਿਸੇ ਹੋਰ ਪ੍ਰੇਮੀ ਮਰਦ ਨਾਲ ਚਲੀ ਗਈ ਹੈ। ਔਰਤ ਅਨੁਸਾਰ ਇਹ ਮਰਦ (ਪਤੀ) ਉਹਦੀ ਬਿਲਕੁਲ ਪ੍ਰਵਾਹ ਨਹੀਂ ਸੀ ਕਰਦਾ ਅਤੇ ਪਤੀ ਅਨੁਸਾਰ ਇਸ ਔਰਤ ਉਪਰ ਤਰਸ ਕਰਕੇ ਉਸ ਨੇ ਵਿਆਹ ਕੀਤਾ ਸੀ। ਦੂਸਰੇ ਮਰਦ ਪਾਸੋਂ ਇਸ ਔਰਤ ਨੂੰ ਤਿੰਨ ਬੱਚੇ ਪੈਦਾ ਹੋਏ ਅਤੇ ਬਾਅਦ ਵਿਚ ਉਸ ਦੇ ਪ੍ਰੇਮੀ ਮਰਦ ਦੀ ਮੌਤ ਹੋ ਗਈ। ਤੇ ਉਹ ਵਾਪਸ ਆਪਣੇ ਪਹਿਲੇ ਪਤੀ ਦੇ ਸ਼ਹਿਰ ਆ ਗਈ। ਅਤੇ ਮੈਡਮ ਪਰੇਰਾ ਦੀ ਦੁਕਾਨ 'ਤੇ ਆਪਣਾ ਤ੍ਰਾਸਦਿਕ ਜੀਵਨ ਬਿਤਾਉਣ ਲੱਗੀ। ਇਸ ਸਮੇਂ ਤੱਕ ਉਸ ਦੀ ਵੱਡੀ ਧੀ ਜਵਾਨ ਹੋ ਚੁੱਕੀ ਹੈ। ਮੇਡਮ ਪਰੇਰਾ ਇਕ ਤਵਾਇਫ਼ ਹੈ ਜੋ ਮਾਸੂਮ ਕੁੜੀਆਂ ਨੂੰ ਆਪਣੇ ਚੱਕਰ ਵਿੱਚ ਫਸਾ ਕੇ ਉਹਨਾਂ ਦਾ ਜਿਸਮ ਵੇਚਦੀ ਹੈ। ਇਸੇ ਤਵਾਇਫ਼ ਪਰੇਰਾ ਦੇ ਜ਼ਰੀਏ ਉਸ ਔਰਤ ਦਾ ਪਤੀ ਉਸ ਦੀ ਜਵਾਨ ਧੀ ਦਾ ਜਿਸਮ ਭੋਗਦਾ ਹੈ ਅਤੇ ਇਸ ਭੋਗ ਤੋਂ ਬਾਅਦ ਅਚਾਨਕ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਕੁੜੀ ਉਸ ਦੀ ਪਤਨੀ ਦੀ ਧੀ ਹੈ ਤਾਂ ਅਪਰਾਧ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਜਵਾਨ ਕੁੜੀ ਨਾਲ ਪਿਓ ਦੇ ਸੰਭੋਗ ਦੀ ਘਟਨਾ ਨਾਟਕ ਦਾ ਕੇਂਦਰ ਬਿੰਦੂ ਹੈ ਅਤੇ ਪਿਓ ਇਸ ਘਟਨਾ ਦੇ ਫਲਸਰੂਪ ਉਤਪੰਨ ਹੋਏ ਮਾਨਸਿਕ ਤਸੀਹਿਆਂ ਨੂੰ ਸਾਰੇ ਨਾਟਕ ਵਿਚ ਜਰਦਾ ਹੈ। ਵੱਡਾ ਪੁੱਤਰ ਇਸ ਕਠੋਰ ਅਤੇ ਬੇਤਰਸ ਜ਼ਿੰਦਗੀ ਪ੍ਰਤੀ ਨਫ਼ਰਤ ਭਰਿਆ ਵਤੀਰਾ ਰੱਖਦਾ ਹੈ ਅਤੇ ਇਸ ਜ਼ਿੰਦਗੀ ਵਿਚ ਨਿਭਾਈ ਆਪਣੀ ਭੂਮਿਕਾ ਨੂੰ ਦੁਹ-ਰਾਉਣ ਤੋਂ ਸਾਫ ਇਨਕਾਰ ਕਰਦਾ ਹੈ। ਵੱਡਾ ਪੁੱਤਰ ਪਾਗਲ ਹੋ ਜਾਂਦਾ ਹੈ। ਵੱਡੀ ਧੀ ਘਰੋਂ ਫਰਾਰ

ਹੋ ਜਾਂਦੀ ਹੈ। ਨਿੱਕੀ ਧੀ ਬਾਗ ਵਿਚਲੇ ਫੁਹਾਰੇ ਦੇ ਪਾਣੀ ਵਿਚ ਡੁਬ ਕੇ ਮਰ ਜਾਂਦੀ ਹੈ, ਨਿੱਕਾ ਪੁੱਤਰ ਪਿਸਤੌਲ ਨਾਲ ਆਤਮਘਾਤ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਖੁਰਦ ਬੁਰਦ ਹੋਏ ਪਰਿਵਾਰਕ ਸੰਬੰਧੀਆਂ ਦਾ ਦਰਦਨਾਕ ਅੰਤ ਹੋ ਜਾਂਦਾ ਹੈ।

ਪਤੀ ਪਤਨੀ, ਪਿਓ ਪੁੱਤਰ, ਪਿਓ ਧੀ ਦਰਮਿਆਨ ਤਬਾਹ ਹੋਏ ਸਮਾਜੀ ਮਾਨਵੀ ਰਿਸ਼ਤਿਆਂ ਦੀ ਚਰਮ ਸੀਮਾ ਪਿਓ ਦਾ ਆਪਣੀ ਪਤਨੀ ਦੀ ਧੀ ਨਾਲ ਸੰਭੋਗ ਹੈ ਅਤੇ ਇਸ ਚਰਮ ਘਟਨਾ ਦੀ ਆਧਾਰ ਭੂਮੀ ਮੈਡਮ ਪਰੇਰਾ ਅਤੇ ਪੀਲੇ ਲਫਾਫੇ ਵਿਚ ਪਏ 'ਚਾਂਦੀ ਦੇ ਸਿੱਕੇ' ਹਨ। ਦਰਅਸਲ ਮੈਡਮ ਪਰੇਰਾ ਅਤੇ ਪੀਲੇ ਲਫਾਫ਼ੇ ਵਿਚ ਪਏ 'ਚਾਂਦੀ ਦੇ ਸਿੱਕੇ' ਉਹ ਭ੍ਰਿਸ਼ਟ ਸਮਾਜੀ ਕਦਰਾਂ ਕੀਮਤਾਂ ਹਨ ਜਿਹਨਾਂ ਵਿੱਚ ਜਕੜਿਆ ਮਾਨਵੀ ਅਸਤਿਤਵ ਨਿਰੰਤਰ ਸੰਕਟ ਗ੍ਰਸਤ ਹੈ। ਅਤੇ ਇਸ ਸੰਕਟ ਗ੍ਰਸਤ ਮਨੁੱਖ ਦਾ ਕਿਰਦਾਰ ਇਤਨਾ ਦੂਸ਼ਿਤ ਹੋ ਚੁਕਿਆ ਹੈ ਕਿ ਪਿਰਾਂਦੇਲੋ ਦੇ ਆਪਣੇ ਸ਼ਬਦਾਂ ਵਿਚ "ਉਹਦੇ ਸਾਹਮਣੇ ਇੱਕ ਦਰਪਣ ਰੱਖੋ ਅਤੇ ਉਸ ਨੂੰ ਜੀਵਨ ਕਾਰਜ ਵੇਖਣ ਦਿਓ, ਜਾਂ ਤਾਂ ਉਹ ਆਪਣੇ ਆਪ ਨੂੰ ਵੇਖ ਕੇ ਹੈਰਾਨ ਰਹਿ ਜਾਵੇਗਾ ਜਾਂ ਫਿਰ ਅੱਖਾਂ ਫੇਰ ਲਵੇਗਾ ਜਿਵੇਂ ਉਹ ਆਪਣੇ ਆਪ ਨੂੰ ਵੇਖ ਹੀ ਨਾ ਰਿਹਾ ਹੋਵੇ, ਜਾਂ ਫਿਰ ਨਫ਼ਰਤ ਨਾਲ ਆਪਣੇ ਪ੍ਰਤਿਬਿੰਬ ਉਪਰ ਥੁੱਕੇਗਾ, ਜਾਂ ਇਸ ਨੂੰ ਕੀਚਰਾਂ ਕੀਚਰਾਂ ਕਰ ਦੇਣ ਲਈ ਕਚੀਚੀਆਂ ਵੱਟੇਗਾ—ਥੋੜੇ ਸ਼ਬਦਾਂ ਵਿਚ ਇਕ ਸੰਕਟ ਪੈਦਾ ਹੋ ਜਾਵੇਗਾ ਅਤੇ ਇਹ ਸੰਕਟ ਹੀ ਮੇਰਾ ਰੰਗਮੰਚ ਹੈ।"

ਨਾਟਕ ਸਮਾਜਕ ਰਿਸ਼ਤਿਆਂ ਦੀ ਜਟਿਲਤਾ ਦਾ ਬਿੰਬ ਸਿਰਜਣ ਦੇ ਨਾਲ ਨਾਲ ਇਕ ਹੋਰ ਸਮੱਸਿਆ ਵਲ ਵੀ ਸੰਕੇਤ ਕਰਦਾ ਹੈ। ਇਹ ਸਮੱਸਿਆ ਹੈ ਰੰਗਮੰਚ ਅਤੇ ਵਾਸਤਵਿਕ ਜ਼ਿੰਦਗੀ ਦਾ ਦਵੰਦ। ਅਦਾਕਾਰ ਅਤੇ ਕਿਰਦਾਰ ਦੇ ਦਵੰਦਾਤਮਕ ਰਿਸ਼ਤੇ ਦੀ ਦੂਹਰੀ ਪਛਾਣ ਨਿਸ਼ਚਿਤ ਕਰਨ ਲਈ ਵਿਸ਼ੇਸ਼ ਨਾਟ ਵਿਧੀ ਵਰਤੀ ਗਈ ਹੈ। 'ਕਿਰਦਾਰ' ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਵਰਨਣ ਕਰ ਕੇ ਜਦੋਂ ਨਾਟਕ ਨਿਰਦੇਸ਼ਕ ਨੂੰ ਇਸ ਦਾ ਨਾਟਕ ਤਿਆਰ ਕਰਨ ਲਈ ਬੇਨਤੀ ਕਰਦੇ ਹਨ ਤਾਂ ਨਾਟਕ ਨਿਰਦੇਸ਼ਕ ਅਦਾਕਾਰਾਂ ਨੂੰ ਨਿਰਦੇਸ਼ ਦੇ ਕੇ 'ਪਾਤਰਾਂ' ਦੀ ਜ਼ਿੰਦਗੀ ਦਾ ਅਨੁਕਰਨ ਕਰਨ ਲਈ ਕਹਿੰਦਾ ਹੈ। ਇਸ ਅਨੁਕਰਨ ਪ੍ਰਕ੍ਰਿਆ ਦੌਰਾਨ ਉਹਨਾਂ ਬੁਨਿਆਦੀ ਪਾਤਰਾਂ ਦੀ ਆਤਮਾ ਦਾ ਘਾਤ ਹੋ ਜਾਂਦਾ ਹੈ। 'ਪਾਤਰਾਂ' ਦੀ ਤ੍ਰਾਸਦਕ ਜ਼ਿੰਦਗੀ ਦਾ ਤਣਾਓ ਜਦੋਂ ਸਿਖ਼ਰ 'ਤੇ ਪਹੁੰਚਦਾ ਹੈ ਤਾਂ 'ਅਦਾਕਾਰ' ਇਸ ਨੂੰ ਆਪਣੀਆਂ ਮਸ਼ਕਰੀਆਂ ਨਾਲ ਭੰਗ ਕਰ ਦਿੰਦੇ ਹਨ। ਇਸ ਤਰ੍ਹਾਂ ਇਹ ਨਾਟ ਵਿਧੀ ਇਕੋ ਵੇਲੇ ਦੋ ਕੰਮ ਸਾਰਦੀ ਹੈ। ਪਾਤਰ ਅਤੇ ਅਭਿਨੇਤਾ ਨੂੰ ਵੱਖੋ ਵੱਖਰੇ ਰੂਪਾਂ ਵਿਚ ਪਛਾਨਣਾ ਅਤੇ ਦਰਸ਼ਕ ਨੂੰ ਨਾਟਕ ਦੇ ਭਰਮ ਤੋਂ ਸੁਚੇਤ ਰਹਿਣ ਵਿਚ ਮਦਦ ਕਰਨਾ।

ਮਰਦ ਦੀ ਭੂਮਿਕਾ ਵਿਚ ਮੰਗਲ ਸਿੰਘ ਅਨਾਮ ਢਿੱਲੋਂ ਦੀ ਅਦਾਕਾਰੀ ਲਾਜਵਾਬ ਸੀ। ਉਸ ਦੀ ਉਪਸਥਿਤੀ ਵਿਚ ਬਾਕੀ ਅਦਾਕਾਰਾਂ ਦਾ ਵਧੀਆ ਅਭਿਨੈ ਵੀ ਧਿਆਨ ਖਿੱਚਣ ਵਿਚ ਅਸਫਲ ਰਿਹਾ। ਅਮਾਲ ਰਾਏ ਵੀ ਨੌਜਵਾਨ ਕੁੜੀ ਦੀਆਂ ਸਰੀਰਕ ਮਾਨਸਿਕ ਪੀੜਾਂ ਨੂੰ ਜਿਉਣ ਵਿਚ ਪੂਰੀ ਤਰ੍ਹਾਂ ਸਫਲ ਰਹੀ। ਸੰਬੰਧਿਤ ਪਾਤਰਾਂ ਪ੍ਰਤੀ ਉਹਦੀ ਤਿੱਖੀ ਨਫ਼ਰਤ ਭਾਵਨਾ ਬੜੀ ਨਾਟਕੀਅਤਾ ਸਹਿਤ ਪ੍ਰਗਟ ਹੋਈ। ਨਾਟ-ਨਿਰਦੇਸ਼ਕ ਦੇ ਰੋਲ ਵਿਚ ਬ੍ਰਿਜ ਮੋਹਨ ਬਖ਼ਸ਼ੀ ਅਤੇ ਪੁੱਤਰ ਦੀ ਭੂਮਿਕਾ ਵਿਚ ਗੁਰਮੀਤ ਸਿੰਘ ਦਾ ਅਭਿਨੈ ਵੀ ਪ੍ਰਸ਼ੰਸਾਯੋਗ ਸੀ। ਇੰਡੀਅਨ ਥੀਏਟਰ ਵਿਭਾਗ ਦੇ ਵਿਦਿ-ਆਰਥੀਆਂ ਦੀਆਂ ਸਮੁੱਚੀਆਂ 'ਅਭਿਨੈ ਸੰਭਾਵਨਾਵਾਂ' ਅਤੇ ਯੋਗਤਾਵਾਂ ਨੂੰ ਬੜੀ ਮਿਹਨਤ ਨਾਲ

ਨਾਟਕ ਵਿਚ ਪ੍ਰਫੁੱਲਤ ਹੋਣ ਦਾ ਮੌਕਾ ਮਿਲਿਆ। ਨਾਟਕ ਨਿਰਦੇਸ਼ਕ ਕੁਮਾਰ ਵਰਮਾ ਨੇ ਮੰਚ ਉਪਰ ਅਜਿਹੇ ਮਾਹੌਲ ਦਾ ਸਿਰਜਣ ਕੀਤਾ ਕਿ ਦਰਸ਼ਕਾਂ ਨੂੰ ਕੀਲ ਕੇ ਬਹਾਈ ਰੱਖਿਆ।

## ਲੌਂਗ ਦਾ ਲਿਸ਼ਕਾਰਾ

ਹਰਪਾਲ ਟਿਵਾਣਾ ਨੂੰ ਆਪਣਾ ਨਾਟਕ 'ਲੌਂਗ ਦਾ ਲਿਸ਼ਕਾਰਾ' ਲੁਧਿਆਣੇ ਤੋਂ ਚੰਡੀਗੜ੍ਹ ਟਰੱਕ ਉਪਰ ਲੱਦ ਕੇ ਲਿਆਉਣਾ ਪਿਆ ਹੋਵੇਗਾ। ਪੰਜਾਬ ਕਲਾ ਮੰਚ ਦੇ ਬਹੁਤ ਵੱਡੇ ਲੱਕੜ ਦੇ ਬਣੇ ਹੋਏ ਸਟੈਂਡ ਬੋਰਡ ਤੋਂ ਲੈ ਕੇ ਜਗੀਰਦਾਰ ਦੀ ਹਵੇਲੀ ਤੱਕ ਨੂੰ ਟਰੱਕ ਉਪਰ ਹੀ ਲੱਦ ਕੇ ਲਿਆ-ਇਆ ਜਾ ਸਕਦਾ ਹੈ। ਅਜੋਕੀਆਂ ਰਾਜਸੀ, ਸਮਾਜੀ ਅਤੇ ਆਰਥਿਕ ਸੰਕਟ ਦੀਆਂ ਪਰਿਸਥਿਤੀਆਂ ਵਿਚ ਰੰਗਮੰਚ ਦੀ ਵਧੇਰੇ ਜ਼ਰੂਰਤ ਸਾਧਨਹੀਣ ਵਰਗ ਲਈ ਹੈ। ਰੰਗਮੰਚ ਦੀ ਕਲਾਗਤ ਉਨਤੀ ਅਤੇ ਰੰਗਮੰਚ ਦੇ ਪਸਾਰ ਲਈ ਜ਼ਰੂਰੀ ਹੈ ਕਿ ਅਭਿਨੇਤਾ ਦੀ ਕੇਂਦਰੀਅਤਾ ਦੇ ਸਿਧਾਂਤ ਨੂੰ ਵੱਧ ਪ੍ਰਵਾ-ਨਗੀ ਮਿਲੇ ਅਤੇ ਘੱਟ ਸਾਧਨਾਂ ਨਾਲ ਵਧੀਆ ਨਾਟਕਾਂ ਦੀ ਸਿਰਜਣਾ ਕੀਤੀ ਜਾ ਸਕੇ। ਚੰਡੀਗੜ੍ਹ ਦੇ ਕੁਝ ਬੁਧੀਜੀਵੀਆਂ ਦੁਆਰਾ ਸਾਧਨ ਸੰਪੰਨ ਰੰਗ ਕਰਮੀਆਂ ਦੇ ਅਡੰਬਰ ਦਾ ਏਨਾ ਜੋਸ਼ੀਲਾ ਸਵਾਗਤ ਰੰਗਮੰਚ ਦੀ ਤਰੱਕੀ ਪ੍ਰਤੀ ਉਹਨਾਂ ਦੀ ਉਦਾਸੀਨਤਾ ਦਾ ਸਬੂਤ ਸੀ। ਅਜਿਹੇ ਰੰਗਮੰਚ ਦੀ ਸਥਾਪਤੀ ਨਿਰਸੰਦੇਹ ਪੰਜਾਬੀ ਰੰਗਮੰਚ ਲਈ ਘਾਤਕ ਸਿੱਧ ਹੋਵੇਗੀ।

'ਲੌਂਗ ਦਾ ਲਿਸ਼ਕਾਰਾ' ਇਬਸਨ ਦੇ ਨਾਟਕ 'ਪ੍ਰੇਤ' ਉਪਰ ਆਧਾਰਿਤ ਸੀ। ਇਬਸਨ ਦੇ ਨਾਟਕ 'ਪ੍ਰੇਤ' ਵਿਚ ਭੂਤ ਇੱਕ ਪ੍ਰਛਾਵੇ ਵਾਂਗ ਹਰ ਵਸਤ, ਹਰ ਸੰਬਾਦ ਉਪਰ ਛਾਇਆ ਰਹਿੰਦਾ ਹੈ। ਇਬਸਨ ਨੇ ਜਿਸ ਪ੍ਰਕਾਰ ਦਾ ਵਾਤਾਵਰਣ ਆਪਣੇ ਨਾਟਕ ਵਿਚ ਸਿਰਜਿਆ ਸੀ ਉਸ ਵਾਤਾਵਰਣ ਦਾ ਬੁਰੀ ਤਰ੍ਹਾਂ ਫਾਹਾ ਵੱਢਿਆ ਗਿਆ। ਚੰਡੀਗੜ੍ਹ ਰੰਗਮੰਚ ਪਾਸ ਆਪਣੀ ਇੱਕ, ਪ੍ਰਫੁਲਤ ਨਾ ਸਹੀ ਪਰ ਬੁੱਤਾ ਸਾਰਨ ਜੋਗੀ ਪਰੰਪਰਾ ਜ਼ਰੂਰ ਹੈ। ਚੰਡੀਗੜ੍ਹ ਵਿੱਚ 'ਲੌਂਗ ਦਾ ਲਿਸ਼ਕਾਰਾ' ਵਰਗੇ ਨਾਟਕ ਦਾ ਅਸ-ਫ਼ਲ ਰਹਿਣਾ ਗੈਰ ਕੁਦਰਤੀ ਘਟਨਾ ਨਹੀਂ ਸੀ। [ਰਮਨ]

---


## ਵੰਨਗੀ

ਚੋਣਵੇਂ ਪੰਜਾਬੀ ਸਾਹਿਤ ਦਾ ਪ੍ਰਤੀਕ ਪੰਜਾਬੀ ਵਿਚ ਇਕੋ ਇਕ ਵਾਰਸ਼ਿਕ ਪੱਤਰ।

- ਵੰਨਗੀ ਦਾ ਪ੍ਰਵੇਸ਼ ਅੰਕ 13 ਅਪਰੈਲ 1981, ਵਿਸਾਖੀ ਵਾਲੇ ਦਿਨ, ਪ੍ਰਕਾਸ਼ਿਤ ਹੋਵੇਗਾ।
- ਵੰਨਗੀ ਵਿਚ 1980 ਵਿਚ ਛਪੀਆਂ ਚੋਣਵੀਆਂ ਰਚਨਾਵਾਂ (ਕਵਿਤਾ, ਕਹਾਣੀ, ਨਾਟਕ, ਛੋਟਾ ਨਾਵਲ, ਲੇਖ ਆਦਿ) ਪ੍ਰਕਾਸ਼ਿਤ ਕੀਤੀਆਂ ਜਾਣਗੀਆਂ! ਰਚਨਾਵਾਂ ਦੀ ਚੋਣ 1980 ਵਿਚ ਛਪੇ ਸਾਹਿਤਕ ਪੱਤਰਾਂ ਵਿਚੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਸਪਤਾਹਕ ਅਤੇ ਦੈਨਕ ਪੱਤਰਾਂ ਵਿਚ ਛਪੀਆਂ ਰਚਨਾਵਾਂ ਵੀ ਵਿਚਾਰੀਆਂ ਜਾਣਗੀਆਂ!
- ਲੇਖਕ ਜੇ ਚਾਹੁਣ ਤਾਂ 1980 ਵਿਚ ਛਪੀਆਂ ਆਪਣੀਆਂ ਚੋਣਵੀਆਂ ਰਚਨਾਵਾਂ ਸਾਨੂੰ ਭੇਜ ਸਕਦੇ ਹਨ। ਅੰਤਿਮ ਚੋਣ ਵੇਲੇ ਅਜਿਹੀਆਂ ਰਚਨਾਵਾਂ 'ਤੇ ਵੀ ਵਿਚਾਰ ਕੀਤੀ ਜਾਵੇਗੀ।

ਸੰਪਾਦਕ : ਸ. ਸਵਰਨ

ਪ੍ਰਕਾਸ਼ਕ :

**ਚੇਤਨਾ ਪ੍ਰਕਾਸ਼ਨ**

4-ਏ, ਨਾਜ਼ ਬਿਲਡਿੰਗ, ਲੈਮਿੰਗਟਨ ਰੋਡ, ਬੰਬਈ 400004

**ਜੰਮੂ ਕਸ਼ਮੀਰ ਅਕੇਡਮੀ ਦੀਆਂ ਤਿੰਨ ਪੁਸਤਕਾਂ :**

ਵਿਚਾਰ ਅਧੀਨ ਇਹ ਤਿੰਨ ਪੁਸਤਕਾਂ ਜੰਮੂ ਕਸ਼ਮੀਰ ਦੇ ਪੰਜਾਬੀ ਲੋਕ ਗੀਤ, ਸਰਬੱਤ ਦਾ ਭਲਾ, ਲੱਲਵਾਕ—ਜੰਮੂ ਕਸ਼ਮੀਰ ਅਕੇਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਦੀਆਂ ਪ੍ਰਕਾਸ਼ਨਾਵਾਂ ਹਨ।

**ਜੰਮੂ ਕਸ਼ਮੀਰ ਦੇ ਪੰਜਾਬੀ ਲੋਕ ਗੀਤ :** ਇਸ ਪੁਸਤਕ ਵਿਚਲੇ ਲੋਕ ਗੀਤਾਂ ਦਾ ਇੱਕਤਰਣ ਤੇ ਸੰਪਾਦਨ ਪ੍ਰੋ. ਸੇਵਾ ਸਿੰਘ ਨੇ ਕੀਤਾ ਹੈ। ਇਸ ਵਿਚ ਜੰਮੂ ਕਸ਼ਮੀਰ ਦੇ ਵਿਭਿੰਨ ਖੇਤਰਾਂ ਵਿਚ ਪ੍ਰਚਲਿਤ ਲੋਕ ਗੀਤਾਂ ਦੀਆਂ ਵੰਨਗੀਆਂ ਤੇ ਗੀਤ-ਰੂਪ ਸ਼ਾਮਲ ਹਨ। ਇਹਨਾਂ ਵਿਚੋਂ ਪ੍ਰਮੁਖ ਗੀਤ-ਰੂਪ ਘੋੜੀਆਂ, ਸੁਹਾਗ, ਸਿੱਠਣੀਆਂ, ਬਿਸ਼ਨਪਦੇ, ਵਾਰਾਂ, ਇਤਿਹਾਸ ਮੂਲਕ ਗੀਤ, ਵਿਛੋੜੇ ਦੇ ਲੰਮੇ ਗੀਤ ਨਾਇਕਾਂ ਨਾਲ ਸੰਬੰਧਿਤ ਗੀਤ, ਢੋਲਾ ਤੇ ਬਾਲੋ ਮਾਹੀਆ ਦੇ ਟੱਪੇ ਸ਼ਾਮਲ ਹਨ। ਇਸ ਸੰਗ੍ਰਿਹ ਵਿਚ ਸਥਾਨਕ ਲੋਕ ਗਥਾਵਾਂ ਨਾਲ ਸੰਬੰਧਿਤ ਲੋਕ ਗੀਤਾਂ ਦਾ ਇਕ ਵਿਸ਼ੇਸ਼ ਸਥਾਨ ਹੈ। ਇਹਨਾਂ ਪ੍ਰੀਤ-ਗਾਥਾਵਾਂ ਵਿਚੋਂ ਗਲਾਮ ਰੱਬਾਨੀ ਤੇ ਤਾਨੀ ਦਾ ਇਸ਼ਕ, ਨੂਰਾਂ ਤੇ ਰਾਠੀ ਦਾ ਪਿਆਰ, ਆਜੜੀ ਮੁਟਿਆਰ ਤੇ ਚੰਨ ਦਾ ਪ੍ਰੇਮ ਵਿਸ਼ੇਸ਼ ਹਨ। ਗੁਲਾਮ ਰੱਬਾਨੀ ਤੇ ਤਾਨੀ ਦੇ ਪਿਆਰ ਨਾਲ ਸੰਬੰਧਿਤ ਸਾਰੇ ਗੀਤ 'ਲੱਗੀ ਕੈਂਚੀ ਦਿਲੇ ਦੀ' ਦੇ ਤੁਕਾਂਗ ਨਾਲ ਚਲਦੇ ਹੋਣ ਕਰਕੇ 'ਕੈਂਚੀ ਦੇ ਗੀਤ' ਵਜੋਂ ਵੀ ਪ੍ਰਸਿੱਧ ਹਨ। ਇਸੇ ਤਰ੍ਹਾਂ ਆਜੜੀ ਮੁਟਿਆਰ ਹਰ ਗੀਤ ਵਿਚ ਆਪਣੇ ਚੰਨ ਨੂੰ 'ਚੰਨਾਂ ਮਾੜ੍ਹਿਆ !' ਦੇ ਸੰਬੋਧਨੀ ਵਿਸ਼ੇਸ਼ਣ ਰਾਹੀਂ ਮੁਖਾਤਬ ਹੁੰਦੀ ਹੈ। ਇਸ ਸੰਗ੍ਰਿਹ ਵਿਚਲੇ ਲਗਪਗ ਸਾਰੇ ਗੀਤਾਂ ਦੀ ਨਾਇਕਾ ਉਹ ਮੁਟਿਆਰ ਹੈ ਜੋ ਆਪਣੀ ਬਿਰਹਾ ਦੀ ਤੜਪ ਨੂੰ ਹਾਣੀ ਨਾਲ ਸਾਂਝਿਆਂ ਕਰਨ ਲਈ ਪ੍ਰਵਾਨਿਤ ਨਾਇਕਾਂ, ਪਰੰਪਰਕ ਚਿੰਨ੍ਹਾਂ ਤੇ ਸਗਨਾਂ, ਪ੍ਰਕਿਰਤਕ ਰੁੱਤਾਂ ਤੇ ਸੰਕੇਤਾਂ ਦੇ ਓਹਲੇ ਵਿਚੋਂ ਬੋਲਦੀ ਹੈ। ਸਾਰੇ ਗੀਤਾਂ ਵਿਚਲੀ ਮਰਦ ਧਿਰ ਬਿਲਕੁਲ ਚੁਪ ਹੈ। ਜਾਂ ਅਕਿਰਿਆਸ਼ੀਲ। ਇਸ ਤਰ੍ਹਾਂ ਇਹ ਗੀਤ ਘਰੇਲੂ ਦਾਇਰੇ ਤਕ ਸੀਮਿਤ, ਸਮਾਜ ਦੀ ਦੂਹਰੀ ਗੁਲਾਮੀ ਭੋਗ ਰਹੀ ਇਸਤਰੀ ਜਾਤੀ ਦੀ ਸਮਾਜਕ ਵੇਦਨਾ ਤੇ ਪਿਆਰ ਭਾਵਨਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦੇ ਹਨ। ਇਸ ਦਾ ਇਕ ਪ੍ਰਮਾਣ ਇਸ ਦੇ ਟਾਇਟਲ ਉਤੇ ਬਣਿਆ ਤਿੰਨ ਉਦਾਸੀਆਂ ਤੇ ਸੋਗ ਵਿਚ ਡੁਬੀਆਂ ਮੁਟਿਆਰਾਂ ਦਾ ਚਿਤਰ ਹੈ ਜਿਨ੍ਹਾਂ ਦੇ ਪਿਛਵਾੜੇ ਪਾਣੀ ਵਿਚੋਂ ਕੰਵਲ ਦਾ ਅਧ ਖਿੜਿਆ ਫੁਲ ਉਹਨਾਂ ਦੀਆਂ ਅਤ੍ਰਿਪਤ ਕਾਮਨਾਵਾਂ ਤੇ ਅਪੂਰਨ ਸੱਧਰਾਂ ਨੂੰ ਮੂਰਤੀਮਾਨ ਕਰਦਾ ਹੈ।

ਜੰਮੂ ਕਸ਼ਮੀਰ ਦੇ ਪੰਜਾਬੀ ਲੋਕ ਗੀਤਾਂ ਦਾ ਇਹ ਤੀਜਾ ਸੰਗ੍ਰਿਹ ਹੈ। ਪਹਿਲਾ ਸੰਗ੍ਰਿਹ ਗਿ: ਬੁੱਧ ਸਿੰਘ ਦਾ 'ਪਹਾੜੀ ਸੁਗਾਤਾਂ' ਤੇ ਦੂਜਾ ਗਿ: ਅਵਤਾਰ ਸਿੰਘ ਸ਼ਾਦ ਦਾ 'ਪਹਾੜੀ ਗੂੰਜਾਂ' ਸੀ। ਹਥਲਾ

ਸੰਗ੍ਰਹ ਪਹਿਲੇ ਦੋਹਾਂ ਨਾਲੋਂ ਵਿਸ਼ਾਲਤਰ ਤੇ ਵੱਧ ਪ੍ਰਮਾਣਿਕ ਹੈ। ਇਸ ਵਿਚ ਪੰਜਾਬੀ ਦੀਆਂ ਚਾਰ ਉਪਭਾਸ਼ਾਵਾਂ ਪੁਣਛੀ, ਚਿਬਾਲੀ,ਪਹਾੜੀ ਤੇ ਗੱਜਰੀ ਲੋਕ ਗੀਤ ਦਰਜ ਹਨ। ਪਰ ਇਨ੍ਹਾਂ ਉਪਭਸ਼ਾਵਾਂ ਦੇ ਟਾਕਰੇ ਇੱਕਲੀ ਡੋਗਰੀ ਵਿਚ ਲੋਕ ਗੀਤਾਂ ਦੇ ਦਸ ਸੰਗ੍ਰਹ ਉਪਲਬਧ ਹਨ। ਉਪਰੋਕਤ ਖੇਤਰਾਂ ਦੇ ਲੋਕ ਗੀਤਾਂ ਦੇ ਅਣਗੌਲਿਆਂ ਰਹਿਣ ਦਾ ਇਕ ਕਾਰਨ ਇਨ੍ਹਾਂ ਉਪਭਾਸ਼ਾਵਾਂ ਨੂੰ ਪੂਰਨ ਸਰਕਾਰੀ ਮਾਨਤਾ ਤੇ ਮਹੱਤਵ ਨਾ ਮਿਲਣ ਕਥਕੇ ਹੋਇਆ ਹੈ। ਇਸ ਸਮੇਂ ਵੱਡੀ ਲੋੜ ਇਨ੍ਹਾਂ ਉਪਭਾਸ਼ਾਵਾਂ ਦੇ ਲੋਕ ਗੀਤਾਂ ਨੂੰ ਵਧ ਤੋਂ ਵਧ ਮਾਤਰਾ ਵਿਚ ਇੱਕਤਰ ਕਰਕੇ ਵੱਖੋ ਵਖਰੇ ਸੰਗ੍ਰਹ ਤਿਆਰ ਕਰਨ ਦੀ ਹੈ।

ਜਿਥੇ ਇਸ ਸੰਗ੍ਰਹ ਦੀ ਵਿਸ਼ੇਸ਼ਤਾ ਲੋਕਗੀਤਾਂ ਦੀ ਵਿਸ਼ੇਵਾਰ ਤੇ ਗੀਤ-ਰੂਪਾਂ ਦੀ ਦ੍ਰਿਸ਼ਟੀ ਤੋਂ ਵੰਡ ਕਰਕੇ ਹੈ ਉਥੇ ਇਸਦੀ ਵੱਡੀ ਪ੍ਰਾਪਤੀ ਇਨ੍ਹਾਂ ਲੋਕ ਗੀਤਾਂ ਨੂੰ ਇਨ੍ਹਾਂ ਦੇ ਉਪਭਾਸ਼ਾਈ ਉਚਾਰ ਵਿਚ ਹੀ ਲਿਪੀਬੱਧ ਕਰਨ ਵਿਚ ਹੈ। ਲੋਕਗੀਤਾਂ ਦੀ ਸੰਪਾਦਨਾਂ ਵਿਚ ਇਹ ਤੱਥ ਮਹੱਤਵਪੂਰਨ ਹੁੰਦਾ ਹੈ ਕਿ ਪ੍ਰਾਪਤ ਲੋਕ ਗੀਤ ਉਸਦੇ ਸਥਾਨਕ ਰੂਪ, ਖੇਤਰੀ ਉਚਾਰ ਤੇ ਇਕੋ (ਲਗਪਗ ਇਕੋ) ਲੋਕਗੀਤ ਦੇ ਵਿਭਿੰਨ ਸਥਾਨਗਤ ਰੂਪਾਂਤਰਾਂ ਨੂੰ ਉਨ੍ਹਾਂ ਦੇ ਉਚਾਰ ਰੂਪਾਂ ਵਿਚ ਹੀ ਕਾਨੀਬੱਧ ਕੀਤਾ ਜਾਵੇ। ਲੋਕ ਗੀਤ ਦਾ ਪ੍ਰਮਾਣਿਕ ਰੂਪ ਉਸਦਾ 'ਬੋਲ' ਅਥਵਾ ਸਥਾਨਕ ਲਹਿਜਾ ਹੀ ਹੁੰਦਾ ਹੈ। ਲੋੜ ਅਨੁਸਾਰ ਲੋਕ ਗੀਤ ਵਿਚਲੇ ਸਥਾਨਕ ਸ਼ਬਦਾਂ ਤੇ ਸ਼ਬਦ-ਭੇਦਾਂ ਨੂੰ ਫੁੱਟ ਨੋਟਾਂ ਵਿਚ ਦਿਤਾ ਜਾਂਦਾ ਹੈ। ਇਸ ਸੰਗ੍ਰਹ ਦਾ ਸੰਪਾਦਕ ਜਿਥੇ ਢੁਕਵੇਂ ਫੁੱਟ ਨੋਟ ਦੇਣ ਤੇ ਪ੍ਰਮਾਣਿਕ ਲੋਕ ਗੀਤ ਦੀ ਸਹੀ ਪਛਾਣ ਪ੍ਰਤੀ ਸੁਚੇਤ ਹੈ ਉਥੇ ਚੰਗਾ ਹੁੰਦਾ ਜੇ ਸੰਗ੍ਰਹਿਤ ਗੀਤ ਦੇ ਨਾਲ ਨਾਲ ਉਸਦੇ ਉਪਭਾਸ਼ਾਈ ਖਿੱਤੇ ਦਾ ਵੀ ਸੰਕੇਤ ਦਿੱਤਾ ਗਿਆ ਹੁੰਦਾ। ਇਸ ਤਰ੍ਹਾਂ ਕਰਨ ਨਾਲ ਜੰਮੂ ਕਸ਼ਮੀਰ ਤੋਂ ਬਾਹਰਲੇ ਖੋਜੀ ਵਿਦਿਆਰਥੀਆਂ ਤੇ ਪੰਜਾਬੀ ਪਾਠਕਾਂ ਨੂੰ ਹੋਰ ਵੀ ਸੌਖ ਰਹਿਣੀ ਸੀ।

**ਸਰਬੱਤ ਦਾ ਭਲਾ :** ਸ. ਅਮਰੀਕ ਸਿੰਘ ਵਲੋਂ ਸੰਪਾਦਿਤ ਇਹ ਪੁਸਤਕ ਜੰਮੂ ਕਸ਼ਮੀਰ ਵਿਚਲੀਆਂ ਲੋਕ-ਕਹਾਣੀਆਂ ਦਾ ਸੰਗ੍ਰਹ ਹੈ। ਇਹ ਕਹਾਣੀਆਂ ਵੱਖੋ ਵੱਖਰੇ ਲੇਖਕਾਂ ਵਲੋਂ ਭਿੰਨ ਭਿੰਨ ਖੇਤਰਾਂ ਤੇ ਵਖੋ ਵੱਖਰੀਆਂ ਉਪਭਾਸ਼ਾਵਾਂ ਵਿਚ ਲਿਪੀਬਧ ਕਰਕੇ ਸੰਗ੍ਰਹਤ ਕੀਤੀਆਂ ਹਨ। ਹਰ ਕਹਾਣੀ ਨਾਲ ਉਸਦੇ ਵਰਨਣਕਾਰ ਦਾ ਨਾਂ ਤੇ ਉਪਭਾਸ਼ਾਈ ਵੇਰਵਾ ਦਰਜ ਹੈ। ਪਰ ਜਿਹੜੀਆਂ ਕੇਂਦਰੀ ਪੰਜਾਬੀ ਵਿਚ ਬਿਆਨੀਆਂ ਗਈਆਂ ਹਨ ਉਨ੍ਹਾਂ ਵਿਚ ਅਜਿਹਾ ਨਹੀਂ ਹੈ। ਲੋਕਗੀਤ ਵਾਂਗ ਹੀ ਲੋਕ-ਕਹਾਣੀ ਦਾ ਪ੍ਰਮਾਣਿਕ ਰੂਪ ਕਹਾਣੀ ਸੁਣਾਉਣ ਵਾਲੇ ਦੇ ਵਿਅਕਤੀ ਮੁਖ ਉਚਾਰ ਅਥਵਾ ਉਪਭਾਸ਼ਾਈ ਰੂਪ ਤੇ ਸਥਾਨਕ ਲਹਿਜੇ ਵਿਚ ਹੁੰਦਾ ਹੈ। ਇਸ ਤਰ੍ਹਾਂ ਕਹਾਣੀ-ਵਕਤਾ ਦੇ ਸਮੁਚੇ ਨਿਭਾਉ-ਸੰਦਰਭ ਨੂੰ ਸਮਝਣ ਲਈ ਵਰਨਣਕਾਰ ਦੇ ਨਾਂ ਦੇ ਨਾਲ ਸਥਾਨ ਤੇ ਉਪਭਾਸ਼ਾ ਦਾ ਵੇਰਵਾ ਦੇਣਾ ਬਹੁਤ ਮਹੱਤਵਪੂਰਨ ਹੁੰਦਾ ਹੈ। ਕਹਾਣੀ-ਵਕਤਾ ਦੇ ਬੋਲ ਨੂੰ ਜਿਉਂ ਦਾ ਤਿਉਂ ਲਿੱਪੀਬਧ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਲੋਕ ਕਹਾਣੀ ਦੇ ਸਥਾਨਕ ਭੇਦਾਂ ਤੇ ਰੂਪਾਂਤਰਾਂ ਦਾ ਘੋਖਵਾਂ ਅਧਿਐਨ ਹੋ ਸਕਦਾ ਹੈ ਕਿਉਂਕਿ ਕਿਸੇ ਲੋਕ-ਕਹਾਣੀ ਦਾ ਮਹੱਤਵ ਉਸ ਵਿਚਲੀ ਕਹਾਣੀ ਦੇ ਸਾਰ ਵਿਚ ਹੀ ਨਹੀਂ ਸਗੋਂ ਕਿਸੇ ਆਂਚਲਿਕ ਸੰਸਕ੍ਰਿਤੀ ਦੀ ਸਮੁਚੀ ਨੁਹਾਰ ਕਹਾਣੀ-ਉਚਾਰ ਦੇ ਨਿੱਕੇ ਨਿੱਕੇ ਵੇਰਵਿਆਂ ਵਿਚ ਵੀ ਵਿਦਮਾਨ ਹੁੰਦੀ ਹੈ। ਹਰ ਬਦਲਵੇਂ ਰੂਪਾਂਤਰ ਜਾਂ ਵਿਅਕਤੀ-ਉਚਾਰ ਦੇ ਪਿੱਛੇ ਸਿਰਫ ਭੂਗੋਲਿਕ ਜਾਂ ਭਾਸ਼ਾਈ ਤੱਥ ਹੀ ਨਹੀਂ ਸਗੋਂ ਹੋਰ ਵੀ ਬਹੁਤ ਸਾਰੇ ਲੋਕਧਾਰਕ ਤੱਥ ਕਾਰਜਸ਼ੀਲ ਹੁੰਦੇ ਹਨ ਜਿਨ੍ਹਾਂ ਦੀ ਵੱਖਰਤਾ ਦਾ ਅਧਿਐਨ ਕਿਸੇ

ਖਿੱਤੇ ਦੇ ਲੋਕ ਚਿੱਤ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਕਈ ਲੋਕਧਾਰਾ ਵਿਗਿਆਨੀਆਂ ਦੀ ਇਹ ਵੀ ਰਾਇ ਹੈ ਕਿ ਲੋਕਕਹਾਣੀ ਨੂੰ ਰਿਕਾਰਡ ਕਰਦਿਆਂ ਵਕਤੇ ਦੇ ਚਿਹਰੇ ਦੇ ਬਦਲਦੇ ਹਾਵ ਭਾਵ ਦੀਆਂ ਮੁਦਰਾਵਾਂ ਨੂੰ ਵੀ ਨੋਟ ਕੀਤਾ ਜਾਣਾ ਚਾਹੀਦਾ ਹੈ, ਖਾਸ ਕਰਕੇ ਕਹਾਣੀਕਾਰ ਕਿਨ੍ਹਾਂ ਸ਼ਬਦਾਂ ਨੂੰ ਦੁਹਰਾ ਕੇ ਨਾਟਕੀ ਪ੍ਰਭਾਵ ਸਿਰਜਦਾ ਹੈ।

ਇਸ ਕਹਾਣੀ ਸੰਗ੍ਰਿਹ ਵਿਚ ਜਿਥੇ ਪਹਿਲੇ ਲੋਕਗੀਤ ਸੰਗ੍ਰਿਹ ਦੀ ਇਕ ਘਾਟ—ਸਥਾਨਕਤਾ ਤੇ ਉਪਭਾਸ਼ਾਈ ਵੇਰਵਾ—ਨੂੰ ਸੁਤੇਸਿਧ ਪੂਰਾ ਕਰ ਦਿਤਾ ਗਿਆ ਹੈ ਉਥੇ ਬਾਕੀ ਅੱਧੀਆਂ ਕਹਾਣੀਆਂ ਇਸੇ ਗਲਤੀ ਦਾ ਸ਼ਿਕਾਰ ਹੋ ਗਈਆਂ ਹਨ ਕਿ ਉਨ੍ਹਾਂ ਨੂੰ ਕੇਂਦਰੀ ਪੰਜਾਬੀ ਵਿਚ ਬਿਆਨ ਕਰ ਦਿਤਾ ਗਿਆ ਹੈ। ਸ਼ਾਇਦ ਸੰਪਾਦਕ ਦੇ ਮਨ ਵਿਚ ਇਨ੍ਹਾਂ ਕਹਾਣੀਆਂ ਨੂੰ ਕੇਂਦਰੀ ਰੂਪ ਦੇ ਕੇ ਵਧ ਤੋਂ ਵਧ ਪਾਠਕਾਂ ਤਕ ਸੰਚਾਰਿਤ ਕਰਨ ਦੀ ਧਾਰਨਾ ਹੈ। ਉਹ ਆਪ ਲਿਖਦਾ ਹੈ, "ਅਸੀਂ ਉਪਭਾਸ਼ਾਵਾਂ ਵਿਚ ਇਨ੍ਹਾਂ ਨੂੰ ਲਿਪੀਬਧ ਕਰਨ ਦੀ ਕੋਈ ਸ਼ਰਤ ਨਹੀਂ ਰੱਖੀ ਪਰ ਫੇਰ ਵੀ ਕਾਫੀ ਕਹਾਣੀਆਂ ਉਪਭਾਸ਼ਾਵਾਂ ਵਿਚ ਮਿਲਦੀਆਂ ਹਨ।" ਅਸਲ ਵਿਚ ਇਹ ਉਪਭਾਸ਼ਾਈ ਕਹਾਣੀਆਂ ਹੀ ਪ੍ਰਮਾਣਕ ਲੋਕ ਕਹਾਣੀਆਂ ਹਨ ਤੇ ਇਹੋ ਸ਼ਰਤ ਬਾਕੀ ਸਾਰੀਆਂ ਕਹਾਣੀਆਂ ਉਤੇ ਲਾਗੂ ਹੋਣੀ ਚਾਹੀਦੀ ਸੀ, ਸੂਝਵਾਨ ਸੰਪਾਦਕ ਨੇ ਲੋਕ ਕਹਾਣੀਆਂ ਦੇ ਸਥਾਨਕ ਰੂਪਾਂਤਰ ਦੀ ਮਹੱਤਤਾ ਨੂੰ ਆਪ ਵੀ ਪ੍ਰਵਾਨ ਕੀਤਾ ਹੈ, ਪਰ ਲਾਗੂ ਨਹੀਂ ਕੀਤਾ। ਪੰਜਾਬੀ ਲੋਕ ਕਹਾਣੀਆਂ ਦੇ ਸੰਗ੍ਰਿਹ ਜਿਹੜੇ ਡਾ. ਵਣਜਾਰਾ ਬੇਦੀ ਵਲੋਂ ਸੰਪਾਦਿਤ ਹੋਏ ਹਨ ਉਨ੍ਹਾਂ ਸਾਰਿਆਂ ਵਿਚ ਉਪਭਾਸ਼ਾਈ ਵਿਲੱਖਣਤਾ ਤੇ ਸਥਾਨਕ ਭੇਦਾਂ (ਧਨ ਪੋਠੋਹਾਰ ਦੀਆਂ ਉਪਭਾਸ਼ਾਵਾਂ ਧਨੀ ਤੇ ਪੋਠੋਹਾਰੀ) ਦੀ ਸ਼ਰਤ ਕਾਇਮ ਹੈ। ਪਰ ਇਸ ਭੁਲੇਖੇ ਦੇ ਹੁੰਦਿਆਂ ਹੋਇਆਂ ਇਸ ਸੰਗ੍ਰਿਹ ਦੀਆਂ ਅਠਾਰਾਂ ਕਹਾਣੀਆਂ ਸਹੀ ਅਰਥਾਂ ਵਿਚ ਪ੍ਰਮਾਣਿਕ ਜਮੂੰ ਕਸ਼ਮੀਰੀ ਕਹਾਣੀਆਂ ਹਨ, ਕਿਉਂਕਿ ਉਹ ਪੁਣਛੀ, ਪਹਾੜੀ, ਡੋਗਰੀ, ਚਿਬਾਲੀ ਵਿਚੋਂ ਕਿਸੇ ਇਕ ਵਿਚ ਸੁਣਾਈਆਂ ਗਈਆਂ ਹਨ।

**ਲੱਲ-ਵਾਕ :** 'ਲੱਲ-ਵਾਕ' ਕਸ਼ਮੀਰ ਦੀ ਸੰਤ ਕਵਿਤਰੀ ਲੱਲ ਦੈੱਦ ਅਥਵਾ ਲੱਲੇ-ਸ਼ਵਰੀ ਦੀ ਕਾਵਿ 'ਵਾਖ' ਦਾ ਪੰਜਾਬੀ ਕਾਵਿ-ਰੂਪਾਂਤਰ ਹੈ। ਕਵਿਤਾ 'ਚ ਇਹ ਅਨੁਵਾਦ ਪ੍ਰੋ. ਸੇਵਾ ਸਿੰਘ ਨੇ ਕੀਤਾ ਹੈ।

ਲੱਲ ਦੈੱਦ ਕਸ਼ਮੀਰੀ ਜ਼ਬਾਨ ਦੀ ਪਹਿਲੀ ਕਵਿਤਰੀ ਮੰਨੀ ਜਾਂਦੀ ਹੈ ਜਿਸਦਾ ਜਨਮ ਲਗਪਗ 1335 ਈਸਵੀ ਵਿਚ ਸ੍ਰੀ ਨਗਰ ਤੋਂ ਛੇ ਮੀਲ ਦੂਰ ਇਕ ਪਿੰਡ ਪਾਂਡਰੇਥਨ ਦੇ ਬ੍ਰਾਹਮਣ ਪਰਿਵਾਰ ਵਿਚ ਹੋਇਆ। ਲੱਲੇਸ਼ਵਰੀ ਪ੍ਰੇਮਾ-ਭਗਤੀ ਮਾਰਗ ਨਾਲ ਸੰਬੰਧਿਤ ਸ਼ੈਵਮੱਤ ਦੀ ਅਨੁਆਈ ਅਸਲੀ ਅਰਥਾਂ ਵਿਚ ਸ਼ਿਵ ਯੋਗਿਨੀ ਸੀ। ਉਸ ਨੇ ਪ੍ਰਚਿਲਤ ਰੂੜ੍ਹ ਰੀਤਾਂ ਰਸਮਾਂ ਤੇ ਫੋਕੇ ਕਰਮ ਕਾਂਡਾਂ ਦੀ ਨਿੰਦਆ ਕਰਕੇ ਸੱਚੇ ਸੁੱਚੇ ਭਗਤੀ ਮਾਰਗ ਦਾ ਸੰਦੇਸ਼ ਦਿਤਾ। ਲੱਲੇਸ਼ਵਰੀ ਦੇ ਬਹੁਤ ਸਾਰੇ ਵਿਚਾਰ ਗੁਰਮਤ-ਚਿੰਤਨ ਤੇ ਸੂਫੀ ਮੱਤ ਨਾਲ ਨੇੜਲੀ ਸਾਂਝ ਰਖਦੇ ਹਨ :

ਤਖ਼ਤ ਤਾਜ ਵਿਚ ਛੱਤਰ ਝਲੇਂਦੇ ਰਾਗ ਰੰਗ ਬਹੁ ਚਾਨਣ
ਨਾਟਕ ਚੇਟਕ ਨਰਮ ਵਿਛੌਣੇ ਤੇ ਖੁਸ਼ੀਆਂ ਦਾ ਮਾਨਣ
ਕੀ ਸਥਿਰ ਇਨ੍ਹਾਂ ਨੇ ਰਹਿਣਾ ਇਹ ਗੱਲ ਕਿਸ ਹੈ ਜਾਤੀ
ਕੌਣ ਚੁਕਾਏ ਮਰਨੇ ਦਾ ਡਰ ਕੀ ਤੂੰ ਪਾਈ ਝਾਤੀ (12)

ਚੌਧਵੀਂ ਸਦੀ ਦੇ ਕਸ਼ਮੀਰ ਦੇ ਸਾਹਿਤ ਵਿਚ ਜਦੋਂ ਬਹੁਤ ਸਾਰੇ ਅਖੌਤੀ ਬੁੱਧੀਜੀਵ ਸੰਸਕ੍ਰਿਤ

ਪੰਡਤਾਊਪੁਣੇ ਦੀ ਮਾਨਸਿਕ ਗੁਲਾਮੀ ਨੂੰ ਖ਼ੁਸ਼ੀ ਖੁਸ਼ੀ ਪ੍ਰਵਾਨ ਕਰਕੇ ਪਿੰਡਾਂ ਦੀ ਜ਼ਬਾਨ (ਕਸ਼ਮੀਰੀ) ਨੂੰ ਗ੍ਰਾਮ ਭਾਸ਼ਾ ਕਹਿ ਕੇ ਧਿਰਕਾਰ ਰਹੇ ਸਨ, ਅਜਿਹੀ ਸਾਹਿਤਕ ਫਿਜ਼ਾ ਨੂੰ ਤੋੜ ਕੇ ਲਲੇਸ਼ਵਰੀ ਨੇ ਅਧਿਆਤਮਕ ਅਨੁਭਵ ਤੇ ਦਾਰਸ਼ਨਿਕ ਚਿੰਤਨ ਨੂੰ ਸਾਧਾਰਨ ਬੋਲਚਾਲ ਦੀ ਭਾਸ਼ਾ ਵਿਚ ਪੇਸ਼ ਕੀਤਾ। ਇਸਨੂੰ ਜਨ ਸਾਧਾਰਨ ਨੇ ਖੁੱਲ੍ਹੇ ਦਿਲ ਨਾਲ ਜੀ ਆਇਆਂ ਕਿਹਾ ਤੇ ਲਲੇਸ਼ਵਰੀ ਦੇ ਸੈਂਕੜੇ ਕਾਵਿ-ਬੰਦ ਕੰਠ ਕਰ ਲਏ ਜੋ ਪੀੜ੍ਹੀ ਦਰ ਪੀੜ੍ਹੀ ਚਲੇ ਆਏ। ਲੋਕਾਂ ਵਿਚ ਹਰਮਨ ਪਿਆਰੇ ਹੋਣ ਦੀ ਜਿਹੜੀ ਥਾਂ ਪੰਜਾਬ ਵਿਚ ਸੂਫੀ ਕਵੀਆਂ ਦੀ ਹੈ ਉਹ ਥਾਂ ਹੀ ਕਸ਼ਮੀਰ ਵਿਚ ਲਲੇਸ਼ਵਰੀ ਤੇ ਸ਼ੇਖ-ਉਲ-ਆਲਮ ਦੀ ਹੈ। ਇਨ੍ਹਾਂ ਦੋਵਾਂ ਦਾ ਕਲਾਮ ਹਿੰਦੂ, ਮੁਸਲਮਾਨ ਦੋਵੇਂ ਧਰਮਾਂ ਦੇ ਲੋਕਾਂ ਵਿਚ ਬਰਾਬਰ ਸਤਿਕਾਰਿਆ ਜਾਂਦਾ ਹੈ।

ਇਸ ਪੁਸਤਕ ਦੇ ਸੰਪਾਦਕ ਨੇ ਬੰਦ ਦਰ ਬੰਦ ਇਸਨੂੰ ਪੰਜਾਬੀ ਕਾਵਿ ਵਿਚ ਉਲਥਾਇਆ ਹੈ ਅਤੇ ਨਾਲੋ ਨਾਲ ਉਸਦੀ ਵਿਸਤ੍ਰਿਤ ਵਿਆਖਿਆ ਪੇਸ਼ ਕੀਤੀ ਹੈ। ਕਿਧਰੇ ਕਿਧਰੇ ਹੋਰਨਾਂ ਮੱਤਾਂ ਨਾਲ ਸਮਾਨ ਭਾਵਨਾ ਵਾਲੇ ਬੰਦ ਦੇ ਕੇ ਸਮਾਨਤਾ ਨੂੰ ਸਿੱਧ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਸਿਰਫ ਅਨੁਵਾਦ ਤੋਂ ਕਿਤੇ ਵਧ ਉਸਦੀ ਵਿਆਖਿਆ ਤੇ ਵਿਸ਼ਲੇਸ਼ਣ ਦਾ ਸਫਲ ਜਤਨ ਹੈ। ਇਹ ਪੁਸਤਕ ਉਤਰੀ ਭਾਰਤ ਵਿਚ ਉਠੀ ਧਾਰਮਿਕ ਪੁਨਰ ਜਾਗ੍ਰਤੀ ਦੀ ਲਹਿਰ—ਭਗਤੀ ਲਹਿਰ—ਦੇ ਕਈ ਮਹੱਤਵਪੂਰਨ ਪੱਖ ਸਾਹਮਣੇ ਲਿਆਉਂਦੀ ਹੈ। ਲਲੇਸ਼ਵਰੀ ਭਾਵੇਂ ਅਧਿਆਤਮਕ ਚਿੰਤਨ ਦੇ ਮੁਹਾਵਰੇ ਅਧੀਨ ਸਿਰਜੀ ਗਈ ਹੈ ਪਰ ਇਹ ਆਪਣੇ ਵੇਲੇ ਦੀ ਡੂੰਘੀ ਸਮਾਜਕ ਬੇਚੈਨੀ, ਘਰੋਗੀ ਅਸੰਤੁਸ਼ਟਤਾ ਤੇ ਸਥਾਪਤੀ ਪ੍ਰਤੀ ਵਿਦਰੋਹ ਦੀ ਭਾਵਨਾਂ ਨੂੰ ਅੰਕਿਤ ਕਰਦੀ ਹੈ।

ਜੰਮੂ ਕਸ਼ਮੀਰ ਦੀ ਸਭਿਆਚਾਰਕ ਅਕੈਡਮੀ ਵਲੋਂ ਆਪਣੇ ਲੋਕ ਵਿਰਸੇ ਨੂੰ ਸੰਭਾਲਣ ਤੇ ਸਮਝਣ ਦਾ ਇਹ ਨਿਰੋਆ ਉੱਦਮ ਹੈ। ਆਪਣੇ ਵਿਰਸੇ, ਸੰਸਕ੍ਰਿਤੀ ਤੇ ਮਾਤ ਭਾਸ਼ਾ ਬਾਰੇ ਸੁਜੱਗ ਹੋਣਾ ਆਪਣੀ ਸੁਤੰਤਰ ਸੋਚਣੀ ਤੇ ਕੌਮੀ-ਭਾਵਨਾ ਦਾ ਹੀ ਪ੍ਰਮਾਣ ਹੈ। ਇਨ੍ਹਾਂ ਤਿੰਨਾਂ ਪੁਸਤਕਾਂ ਵਿਚੋਂ ਇਹ ਤੱਥ ਵੀ ਭਲੀ ਭਾਂਤ ਉਘੜਦਾ ਹੈ ਕਿ ਇਸ ਖਿੱਤੇ ਦੀਆਂ ਉਪਭਾਸ਼ਾਵਾਂ ਮੂਲ ਰੂਪ ਵਿਚ ਪੰਜਾਬੀ ਭਾਸ਼ਾ ਦੇ ਪਰਿਵਾਰ ਦੇ ਅੰਤਰਗਤ ਹੀ ਆਉਂਦੀਆਂ ਹਨ। [ਨਾਹਰ ਸਿੰਘ]

**ਕੁਲੱਛਣੇ** [ਹਰਸਰਨ ਸਿੰਘ]

ਆਪਣੇ ਪਹਿਲੇ ਪੂਰੇ ਨਾਟਕ 'ਜਿਗਰਾ' (1958) ਤੋਂ ਬਾਅਦ 'ਕੁਲੱਛਣੇ' [ਲਾਹੌਰ ਬੁਕ ਸ਼ਾਪ, ਮੁੱਲ 10 ਰੁਪਏ, ਸਫੇ 71] ਹਰਸਰਨ ਸਿੰਘ ਦਾ ਸੱਤਵਾਂ ਨਾਟਕ ਹੈ। ਇਹ ਨਾਟਕ ਆਪਣੇ ਸੰਗਠਨਾਤਮਕ ਪ੍ਰਬੰਧ ਵਿਚ ਸਮਾਜ ਦੀ ਇਕ ਅਜਿਹੀ ਸਮੱਸਿਆ ਨੂੰ ਉਘਾੜਨ ਦਾ ਉਪਰਾਲਾ ਕਰਦਾ ਹੈ ਜਿਸ ਬਾਰੇ ਪੰਜਾਬੀ ਸਾਹਿਤ ਵਿਚ ਅਜੇ ਖੁੱਲ੍ਹ ਕੇ ਚਰਚਾ ਨਹੀਂ ਹੋਇਆ। ਇਹ ਸਮੱਸਿਆ ਪਤੀ ਪਤਨੀ ਦੇ ਆਪਸੀ ਰਿਸ਼ਤੇ ਵਿਚ ਵਿਆਪ ਗਈਆਂ ਅਜਿਹੀਆਂ ਤਲਖ਼ੀਆਂ ਨਾਲ ਸੰਬੰਧਿਤ ਹੈ ਜਿਹਨਾਂ ਦਾ ਬੁਨਿਆਦੀ ਕਾਰਨ ਪਤੀ ਦੇ ਨਿਪੁੰਸਕ ਹੋਣ ਨਾਲ ਜੁੜਦਾ ਹੈ। ਗਾਰਗੀ ਨੇ ਵੀ ਆਪਣੇ ਨਾਟਕ 'ਸੌਕਣ' ਵਿਚ ਸਮਾਜ ਦੇ ਇਸੇ ਕੌੜੇ ਸੱਚ ਨੂੰ ਨੰਗਾ ਕੀਤਾ ਹੈ। 'ਕੁਲੱਛਣੇ' ਅਤੇ 'ਸੌਕਣ' ਨਾਟਕਾਂ ਦੀ ਸਮੱਸਿਆ ਦਾ ਕਾਰਨ ਭਾਵੇਂ ਮੂਲ ਰੂਪ ਵਿਚ ਮਰਦ ਦੀ ਨਿਪੁੰਸਕਤਾ ਹੀ ਹੈ ਪਰ ਜਿਥੇ ਗਾਰਗੀ ਨੇ ਆਪਣੇ ਨਾਟਕ ਵਿਚ ਸਮਾਜ ਦੇ ਇਸ ਕੌੜੇ ਸੱਚ ਨੂੰ ਨਿਰੋਲ ਸੈਕਸ ਦੀ ਸਮੱਸਿਆ ਬਣਾ ਕੇ ਪੇਸ਼ ਕੀਤਾ ਹੈ, ਉਥੇ ਹਰਸਰਨ ਸਿੰਘ ਨੇ ਇਸ ਨੂੰ ਪ੍ਰਮੁਖ ਰੂਪ ਵਿਚ ਸੈਕਸ ਦੀ ਸਮੱਸਿਆ ਵਜੋਂ ਨਹੀਂ ਲਿਆ ਸਗੋਂ ਇਸ ਰਾਹੀਂ ਸਾਡੇ ਸਮਾਜਕ ਜੀਵਨ ਦੇ ਕੁਝ ਅਜਿਹੇ ਆਪਾ-

ਵਿਰੋਧਾਂ ਨੂੰ ਉਭਾਰਨ ਦਾ ਯਤਨ ਕੀਤਾ ਹੈ ਜਿਸ ਵਿਚ ਬੱਚੇ ਦੀ ਚਾਹਵਾਨ ਔਰਤ ਨੂੰ ਬਾਂਝ ਨਾ ਹੋਣ ਦੇ ਬਾਵਜੂਦ ਵੀ ਬਾਂਝ ਬਣ ਕੇ ਜਿਉਣਾ ਪੈ ਰਿਹਾ ਹੈ ਜਦ ਕਿ ਦੂਜੇ ਪਾਸੇ ਉਸ ਦਾ ਪਤੀ ਨਿਪੁੰਸਕ ਹੋ ਕੇ ਵੀ ਸਮਾਜਕ ਵਰਤਾਰੇ ਵਿਚ ਇਕ ਮਰਦ ਵਾਲੀ ਹੈਂਕੜ ਬਣਾਈ ਰੱਖਣਾ ਚਾਹੁੰਦਾ ਹੈ।

ਨਾਟਕ ਵਿਚ ਇਹਨਾਂ ਦੋਹਾਂ ਪਾਤਰਾਂ ਦੀਆਂ ਵਿਰੋਧੀ ਸਥਿਤੀਆਂ ਹੀ ਨਾਟਕੀ ਟਕਰਾਓ ਪੈਦਾ ਕਰਦੀਆਂ ਹਨ । ਇਸ ਨਾਟਕੀ ਟਕਰਾਉ ਦੇ ਅਧੀਨ ਹੀ ਪਤੀ ਪਤਨੀ ਜਿਸ ਟੈਨਸ਼ਨ ਨੂੰ ਭੋਗਦੇ ਹਨ ਉਹ ਉਹਨਾਂ ਦੀ ਗੁੱਝੀਆਂ ਰਮਜ਼ਾਂ ਭਰੀ ਵਾਰਤਾਲਾਪ ਰਾਹੀਂ ਉੱਘੜ ਕੇ ਸਾਹਮਣੇ ਆਉਂਦੀ ਹੈ । ਇਸ ਸੰਬੰਧ ਵਿਚ ਦਵੰਦ ਦੀ ਸਥਿਤੀ ਦਾ ਬਹੁਤਾ ਸ਼ਿਕਾਰ ਪਤੀ ਹੀ ਹੈ ਕਿਉਂਕਿ ਉਹੀ ਟੈਨਸ਼ਨ ਪੈਦਾ ਹੋਣ ਦਾ ਮੂਲ ਕਾਰਨ ਹੈ ਅਤੇ ਉਸੇ ਦੇ ਕਿਸੇ ਨਿਰਣੇ ਰਾਹੀਂ ਇਸ ਨੂੰ ਮੱਠਾ ਕੀਤਾ ਜਾ ਸਕਦਾ ਹੈ। ਪਤਨੀ ਉਸ ਤੋਂ ਬਾਰ ਬਾਰ ਬੱਚੇ ਦੀ ਮੰਗ ਕਰਦੀ ਹੈ ਜਿਹੜਾ ਕਿ ਉਸ ਦਾ 'ਆਪਣਾ' ਹੀ ਹੋਣਾ ਚਾਹੀਦਾ ਹੈ ਅਤੇ ਪਤੀ ਸਮਾਜਕ ਪ੍ਰਬੰਧ ਨਾਲ ਸੰਬੰਧਿਤ ਕਈ ਕਿਸਮ ਦੀਆਂ ਕਹਾਣੀਆਂ ਸੁਣਾ ਕੇ ਉਸ ਨੂੰ ਹਾਲਾਤ ਨਾਲ ਸਮਝੌਤਾ ਕਰ ਲੈਣ ਲਈ ਮਜਬੂਰ ਕਰਦਾ ਹੈ । ਪਰ ਪਤਨੀ ਆਪਣੀ ਅੜੀ ਫੜੀ ਰੱਖਦੀ ਹੈ। ਆਪਣੀ ਅੜੀ ਅਧੀਨ ਉਹ ਸਮਾਜਕ ਮਰਿਆਦਾਵਾਂ ਦੀ ਵੀ [ਕੋਈ] ਪਰਵਾਹ ਨਹੀਂ ਕਰਦੀ ਅਤੇ ਮਹਾਰਾਜਾ ਪਾਂਡੂ ਦੀ ਮਿਥਿਕ ਕਥਾ ਦੀ ਮਿਸਾਲ ਦੇ ਕੇ ਕਿਸੇ ਹੋਰ ਵਿਅਕਤੀ ਤੋਂ ਬੱਚਾ ਪੈਦਾ ਕਰਨ ਦੀ ਲੋਚਾ ਪ੍ਰਗਟ ਕਰਦੀ ਹੈ। ਉਸ ਦੀ ਇਸ ਲੋਚਾ ਵਿਚ 'ਸੌਕਣ' ਨਾਟਕ ਵਿਚਲੀ 'ਮਾਂ' ਵਰਗੀ ਉਹ ਸੈਕਸ ਭਾਵਨਾ ਨਹੀਂ ਜਿਸ ਦੇ ਅਧੀਨ ਉਹ ਸ਼ਰਾਬੀ ਜ਼ਿਮੀਂਦਾਰ' ਤੋਂ ਜਿਨਸੀ ਅਸੰਤੁਸ਼ਟਤਾ ਕਰਕੇ 'ਸੀਰੀ' ਨਾਲ ਆਪਣੇ ਕਾਮ ਸੰਬੰਧ ਬਣਾਉਂਦੀ ਹੈ, ਸਗੋਂ ਉਸਦੇ (ਪਤਨੀ) ਸਾਰੇ ਯਤਨ ਬੱਚਾ ਪਾਉਣ ਖਾਤਰ ਹੀ ਹਨ। ਨਾਟਕ ਵਿਚ ਆਪਣੇ ਪਤੀ ਨੂੰ ਉਹ ਸਾਫ ਤੌਰ 'ਤੇ ਕਹਿੰਦੀ ਹੈ ਕਿ ਮੈਨੂੰ ਬੱਚਾ ਲੈਣ ਲਈ ਸਿਰਫ ਇਕ ਵਾਰ ਕਿਸੇ ਕੋਲ ਜਾਣ ਦੇ। ਪਤਨੀ ਦੀਆਂ ਇਸ ਤਰ੍ਹਾਂ ਦੀਆਂ ਲਿਲਕਣੀਆਂ ਕਰਕੇ ਹੀ ਪਤੀ ਦੇ ਅਚੇਤ ਮਨ ਵਿਚ ਕਿਸੇ ਹੋਰ ਤੋਂ ਪਤਨੀ ਨੂੰ ਬੱਚਾ ਕਰਾਉਣ ਦੀ ਇੱਛਾ ਪੁੰਗਰਨ ਲਗਦੀ ਹੈ। ਆਪਣੀ ਇਸ ਅਚੇਤ ਅਕਾਂਖਿਆਂ ਦੇ ਅਧੀਨ ਹੀ ਉਹ ਇਕ ਰਾਤ ਆਪਣੇ ਦੋਸਤ ਨਾਲ ਦਾਰੂ ਪੀਂਦਾ ਹੈ ਤੇ ਨਸ਼ੇ ਵਿਚ ਧੁੱਤ ਹੋ ਕੇ ਆਪਣੀ ਪਤਨੀ ਨੂੰ ਉਸ ਨਾਲ ਸੰਭੋਗ ਕਰ ਲੈਣ ਦੇ ਸੰਕੇਤ ਦੇਂਦਾ ਹੈ। ਪਤਨੀ ਜਦੋਂ ਉਸ ਦੇ ਦੋਸਤ ਨਾਲ ਸੰਭੋਗ ਕਰ ਲੈਂਦੀ ਹੈ ਤਾਂ ਪਤੀ ਦਾ ਸੁਚੇਤ ਮਨ ਫਿਰ ਇਸ ਸਭ ਨੂੰ ਸਹਿਣ ਨਹੀਂ ਕਰ ਸਕਦਾ ਜਿਸ ਕਰ ਕੇ ਘਰ ਵਿਚ ਇਕ ਨਵੀਂ ਟੈਨਸ਼ਨ ਪੈਦਾ ਹੋ ਜਾਂਦੀ ਹੈ। ਇਸ ਟੈਨਸ਼ਨ ਕਰ ਕੇ ਹੀ ਗਰਭ ਵਿਚ ਬੱਚੇ ਦੀ ਠੀਕ ਦੇਖ ਭਾਲ ਨਹੀਂ ਹੋ ਸਕਦੀ ਜਿਸ ਕਰ ਕੇ ਉਹ ਜਨਮਦਿਆਂ ਹੀ ਮਰ ਜਾਂਦਾ ਹੈ। ਬੱਚੇ ਦੀ ਮੌਤ ਤੋਂ ਬਾਅਦ ਵੀ ਪਤਨੀ ਬੱਚਾ ਪ੍ਰਾਪਤ ਕਰਨ ਦੇ ਜਤਨ ਨਹੀਂ ਛੱਡਦੀ, ਉਹ ਪਤੀ ਦਾ ਇਲਾਜ ਕਰਾਉਣਾ ਚਾਹੁੰਦੀ ਹੈ ਪਰ ਇਸ ਲਈ ਬਾਹਰ ਜਾਣ ਦਾ ਖਰਚਾ ਸਹਿਣ ਦੀ ਉਹਨਾਂ ਦੀ ਸਮਰੱਥਾ ਨਹੀਂ। ਇਹਨਾਂ ਸਾਰੀਆਂ ਬੇਬਸੀਆਂ ਦੇ ਅਧੀਨ ਹੀ ਨਾਟਕ ਦੇ ਅੰਤ ਵਿਚ ਪਤੀ ਸੁਚੇਤ ਤੌਰ 'ਤੇ ਆਪਣੇ ਦੋਸਤ ਤੋਂ ਪਤਨੀ ਨੂੰ ਬੱਚਾ ਕਰਾਉਣ ਲਈ ਰਾਜ਼ੀ ਹੋ ਜਾਂਦਾ ਹੈ ।

ਆਪਣੀ ਨਾਟਕੀ ਸਰੰਚਨਾ ਵਿਚ ਇਹ ਨਾਟਕ ਪਤੀ ਪਤਨੀ ਦੀਆਂ ਦਲੀਲਬਾਜ਼ੀਆਂ ਦੇ ਅੰਤਰਗਤ ਆਪਣੀ ਥੀਮਕ ਚੇਤੰਨਤਾ ਨੂੰ ਉਭਾਰਨ ਦੇ ਆਹਰ ਵਿਚ ਹੈ। ਦੋ ਪਾਤਰਾਂ ਦੇ ਆਪਸੀ ਵਾਦ-ਵਿਵਾਦ ਕਰ ਕੇ ਹੀ ਇਸ ਨੂੰ "ਸਰਲ ਸੰਰਚਨਾ" ਵਜੋਂ ਵਿਚਾਰਨ ਦੇ ਯਤਨ ਹੋਏ ਹਨ।

ਪਰ ਇਥੇ ਜਾਣਨ ਵਾਲੀ ਗੱਲ ਇਹ ਹੈ ਕਿ ਇਹਨਾਂ ਦੋਹਾਂ ਪਾਤਰਾਂ ਰਾਹੀਂ ਨਾਟਕ ਵਿਚ ਨਾਟਕੀਅਤਾ ਨੂੰ ਕਾਇਮ ਰਖਿਆ ਗਿਆ ਹੈ ਕਿ ਨਹੀਂ ? ਨਾਟਕ ਦਾ ਬੁਨਿਆਦੀ ਲੱਛਣ ਨਾਟਕੀ ਤੱਤ ਦੇ ਅਧੀਨ ਸਥਿਤੀਆਂ ਦੇ ਉਲਟਾਉ ਪਲਟਾਉ ਦੀ ਪ੍ਰਕਿਰਿਆ ਵਿਚੋਂ ਹੀ ਪਛਾਣਿਆ ਜਾ ਸਕਦਾ ਹੈ। ਇਹ ਨਾਟਕ ਪਤਨੀ ਦੀ ਬੱਚਾ ਪੈਦਾ ਕਰਨ ਦੀ ਲਾਲਸਾ ਤੋਂ ਆਰੰਭ ਹੁੰਦਾ ਹੈ ਅਤੇ ਇਸੇ ਲਾਲਸਾ 'ਤੇ ਹੀ ਖਤਮ ਹੋ ਜਾਂਦਾ ਹੈ। ਪਰ ਇਸ ਵਕਫੇ ਦੇ ਦਰਮਿਆਨ ਜਿਥੇ ਇਸ ਵਿਚ ਅੰਤ ਤਕ ਪਤੀ ਪਤਨੀ ਵਿਚਕਾਰ ਇਕ ਟਕਰਾਉ ਦਾ ਵਾਤਾਵਰਣ ਉਸਰਿਆ ਮਿਲਦਾ ਹੈ ਉਥੇ ਇਹਨਾਂ ਦੀ ਮਾਨਸਿਕਤਾ ਵਿਚ ਵਿਆਪ ਰਹੀ ਕਾਰਜਸ਼ੀਲਤਾ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਪਤੀ ਆਰੰਭ ਵਿਚ ਪਤਨੀ ਨੂੰ ਹਾਲਾਤ ਨਾਲ ਸਮਝੌਤਾ ਕਰ ਲੈਣ ਲਈ ਉਕਸਾਉਂਦਾ ਹੈ ਪਰ ਅੰਤ ਵਿਚ ਉਸ ਨੂੰ ਆਪ ਹੀ ਹਾਲਾਤ ਨਾਲ ਸਮਝੌਤਾ ਕਰ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਸਾਰੇ ਨਾਟਕ ਵਿਚ ਉਸ ਦੀ ਹਾਲਤ ਤਰਸਯੋਗ ਹੀ ਹੈ ਅਤੇ ਇਸ ਦਾ ਕਾਰਨ ਕਾਫ਼ੀ ਹੱਦ ਤੱਕ ਉਹ ਆਪ ਹੀ ਹੈ। ਆਪਣੀ ਗੈਰਤ ਤੇ ਸਮਾਜਕ ਕੀਮਤਾਂ ਕਰਕੇ ਉਹ ਪਤਨੀ ਵਾਂਗ ਕੋਈ ਠੋਸ ਨਿਰਣਾ ਲੈਣ ਦੀ ਸਮਰੱਥਾ ਨਹੀਂ ਰੱਖਦਾ। ਨਾਟਕ ਵਿਚ ਸਰੀਰ ਦੇ ਨਾਲ ਨਾਲ ਉਹ ਮਾਨਸਿਕ ਨਿਪੁੰਸਕਤਾ ਦਾ ਵੀ ਪ੍ਰਤੀਕ ਹੈ। ਪਰ ਨਾਟਕ ਦੇ ਅੰਤ ਵਿਚ ਉਸ ਨੂੰ ਪਤਨੀ ਦੁਆਰਾ ਦਿਤੀ ਸੇਧ ਤੋਂ ਇਹ ਅਹਿਸਾਸ ਹੋ ਜਾਂਦਾ ਹੈ ਕਿ ਬੱਚਾ ਔਰਤ ਦੀ ਕੁਦਰਤੀ ਲੋੜ ਹੈ। ਇਥੇ ਆ ਕੇ ਉਹ ਵੀ ਪਤਨੀ ਵਾਂਗ ਤਹਿਜ਼ੀਬ ਦੀਆਂ ਕਰੜੀਆਂ ਬੰਦਸ਼ਾਂ ਨੂੰ ਤੋੜਨ ਦੀ ਗੱਲ ਕਰਨ ਲਗਦਾ ਹੈ।

ਇੰਜ ਇਹ ਨਾਟਕ ਆਪਣੇ ਸਮੁੱਚੇ ਤ੍ਰਾਸਦਿਕ ਪ੍ਰਭਾਵ ਵਿਚ ਸਾਡੇ ਸਭਿਆਚਾਰਕ ਦਵੰਦ ਨੂੰ ਸਾਹਮਣੇ ਲਿਆਉਂਦਾ ਹੈ। ਇਹ ਸਭਿਆਚਾਰ ਇਕ ਪਾਸੇ ਔਰਤ ਨੂੰ ਵੰਸ਼ ਜਾਰੀ ਰੱਖਣ ਵਾਲੀ ਜਣਨੀ ਕਹਿੰਦਾ ਹੈ ਅਤੇ ਦੂਜੇ ਪਾਸੇ ਉਸੇ 'ਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਾ ਕੇ ਬਾਂਝ ਨਾ ਹੋਣ ਦੇ ਬਾਵਜੂਦ ਵੀ ਉਸ ਨੂੰ ਬਾਂਝ ਬਣ ਕੇ ਜਿਊਣ ਲਈ ਮਜ਼ਬੂਰ ਕਰਦਾ ਹੈ। ਇਸ ਤਰ੍ਹਾਂ ਦੇ ਦਵੰਦ ਵਿਚ ਕੋਈ ਔਰਤ ਪਤੀ ਦੇ ਨਿਪੁੰਸਕ ਹੋਣ 'ਤੇ ਬੱਚਾ ਚੋਰੀ ਹੀ ਪ੍ਰਾਪਤ ਕਰ ਸਕਦੀ ਹੈ ਅਤੇ ਇਸ ਨਾਟਕ ਦੀ ਨਾਇਕਾ ਵੀ ਆਪਣੇ ਪਤੀ ਨੂੰ ਇਹ ਸਭ ਕਰਨ ਲਈ ਭਰੋਸੇ ਵਿਚ ਲੈਂਦੀ ਹੈ। ਇਹ ਨਿਰਣਾ ਲੈਣ ਕਰਕੇ ਉਹ ਸਮਾਜ ਦੀਆਂ ਲੋਕਯਾਨਿਕ ਧਾਰਨਾਵਾਂ ਵਿਚ ਤਾਂ 'ਕੁਲੱਛਣੇ' ਹੋ ਸਕਦੇ ਹਨ ਪਰ ਆਪਣੀਆਂ ਤ੍ਰਾਸਦਿਕ ਸਥਿਤੀਆਂ ਦੇ ਪ੍ਰਸੰਗ ਵਿਚ ਕੀ ਉਹ 'ਕੁਲੱਛਣੇ' ਹੀ ਹਨ ? ਨਾਟਕ ਦਾ ਸਿਰਲੇਖ ਇਸੇ ਪ੍ਰਸ਼ਨ ਨੂੰ ਵਿਅੰਗ ਦੀ ਪੱਧਰ 'ਤੇ ਉਘਾੜਦਾ ਹੈ। [ਮਨਦੀਪ ਸਿੰਘ]

**ਇਲਜ਼ਾਮ** [ਮਨਜੀਤ ਟਿਵਾਣਾ]

''ਇਲਜ਼ਾਮ'' ਮਨਜੀਤ ਟਿਵਾਣਾ ਦਾ ਦੂਸਰਾ ਤੇ ਸੱਜਰਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹਨੇ 1976 ਵਿਚ ਆਪਣਾ ਪਹਿਲਾ ਕਾਵਿ-ਸੰਗ੍ਰਹਿ ''ਇਲਹਾਮ'' ਪ੍ਰਕਾਸ਼ਿਤ ਕਰਵਾਇਆ ਸੀ।

ਮਨਜੀਤ ਅਸਲੋਂ ਹੀ ਨਵੀਂ ਪੀੜ੍ਹੀ ਦੀ ਪੰਜਾਬੀ ਕਵੀ ਹੈ। ਉਹ ਸਮਕਾਲੀ ਕਾਵਿ ਧਾਰਾ ਨਾਲੋਂ ਬਿਲਕੁਲ ਟੁੱਟ ਕੇ ਇਕ ਨਵਾਂ ਕਾਵਿ-ਮੁਹਾਵਰਾ ਸਿਰਜਣ ਲਈ ਯਤਨਸ਼ੀਲ ਹੈ।

ਉਹ ਇਕ ਅਧੁਨਿਕ ਕਵੀ ਹੈ ਤੇ ਸ਼ੈਲੀ ਪੱਖੋਂ ਉਸਦਾ ਪਿੱਛਾ ਪ੍ਰਯੋਗਵਾਦੀਆਂ ਨਾਲ ਜਾ ਜੁੜਦਾ ਹੈ, ਭਾਵੇਂ ਉਹ ਅਜਿਹੇ ਸੰਬੰਧਾਂ ਨੂੰ ਬਿਲਕੁਲ ਹੀ ਪਸੰਦ ਨਹੀਂ ਕਰਦੀ।

ਉਸ ਦੀ ਸ਼ੈਲੀ ਵਿਚ ਕੁਝ ਵੀ ਪੁਰਾਣਾ ਨਹੀਂ। ਇਸ ਵਿਚਲੇ ਅਨੁਭਵ, ਸ਼ੈਲੀ, ਰਿਦਮ

ਚਿੰਨ੍ਹ ਤੇ ਬਿੰਬਾਵਲੀ ਪੱਖੋਂ ਉਹ ਕਿਸੇ ਵੀ ਹੋਰ ਪੰਜਾਬੀ ਸ਼ਾਇਰ ਨਾਲ ਨਹੀਂ ਮਿਲਦੀ । ਸ਼ੈਲੀ ਦੀ ਇਹ ਵਿਲੱਖਣਤਾ ਸਾਰੀਆਂ ਕਵਿਤਾਵਾਂ ਵਿਚ ਪ੍ਰਗਟ ਹੈ। ਸਿਰਫ਼ ਇਕ ਟੁਕੜੀ ਹਾਜ਼ਰ ਹੈ :

ਜਿਥੇ ਫੁੱਲਾਂ ਦੀ ਜਗਾ, ਮਨ ਦੀ ਕਲੀ ਖਿੜਦੀ ਹੈ
ਜਿਥੇ ਛਾਂ ਦੀ ਜਗਾ, ਗੂੜ੍ਹੀ ਹਰੀ ਚੁੱਪ ਇੰਤਜ਼ਾਰ ਕਰਦੀ ਹੈ
ਜਿੱਥੇ ਅਸਮਾਨ ਦੀ ਜਗਾ, ਜ਼ਿਹਨ ਦੀ ਡੂੰਘਾਣ ਆਰਾਮ ਕਰਦੀ ਹੈ
ਜਿਥੇ ਸਾਗਰ ਦੀ ਜਗਾ, ਦਿਲ ਦੀ ਵਿਸ਼ਾਲਤਾ ਪਨਾਹ ਦਿੰਦੀ ਹੈ
ਜਿਥੇ ਪੰਛੀ ਪੁਰਖਿਆਂ ਦੇ ਬੁਰਕੇ ਪਾ ਕੇ ਪੱਤਿਆਂ 'ਤੇ ਖਤ ਲਿਖ ਬੁਲਾਉਂਦੇ ਨੇ
ਜਿਥੇ ਟਾਹਣ ਮਾਂ ਬਣ ਬਾਂਹਾਂ ਫੈਲਾਉਂਦੇ ਨੇ
ਉਹ ਪਲੈਟ-ਫਾਰਮ ਤੇ ਖਲੋ ਕੇ ਉਸ ਸਾਰੇ ਕਾਸੇ ਨੂੰ ਉਡੀਕਦੀ ਰਹੀ । (ਅਹਿਸਾਸ)

ਔਰਤ ਹੋਣ ਦੇ ਨਾਤੇ, ਤੇ ਉਹ ਵੀ ਮੱਧ-ਸ਼੍ਰੇਣੀ ਦੀ ਸੂਖਮ ਰੁਚੀਆਂ ਵਾਲੀ ਔਰਤ, ਉਸ ਨੂੰ ਮਰਦ ਕੁਝ ਇੰਝ ਨਜ਼ਰ ਆਉਂਦਾ ਹੈ :

ਪਤੀ ਇਕ ਭੇੜੀਆ ਹੈ
ਜੋ ਤੁਹਾਨੂੰ ਸਭ ਭੇੜੀਆਂ ਤੋਂ ਬਚਾ ਲੈਂਦਾ ਹੈ
ਪਰ ਆਖਰ ਵਿਚ ਆਪ ਖਾ ਜਾਂਦਾ ਹੈ ।
ਪਹਿਲਾਂ ਤੁਹਾਨੂੰ ਆਪਣੇ ਜਬਾੜੇ 'ਚ ਅਟਕਾ ਕੇ
ਦੱਸਦਾ ਹੈ
''ਦੇਖ ਤੂੰ ਕਿੰਨੀ ਸੁਰਖਿਅਤ ਹੈਂ
ਮੈਂ ਤੈਨੂੰ ਖਾਂਦਾ ਨਹੀਂ...... (ਪਤੀ)

ਉਸਦੀ ਕਵਿਤਾ ਉਸ ਦੇ ਆਪੇ ਦੁਆਲੇ ਘੁੰਮਦੀ ਹੈ। ਉਸਦਾ ਸੰਵਾਦ ਕਿਸੇ ਦੂਸਰੇ ਨਾਲ ਨਹੀਂ, ਆਪਣੇ ਨਾਲ ਹੈ। ਇਹੀ ਕਾਰਨ ਹੈ ਕਿ ਬਹੁਤੀ ਥਾਂਈਂ ਉਹ ਪਾਠਕ ਨੂੰ ਬਹੁਤ ਦੂਰ ਪਿਛੇ ਛੱਡ, ਆਪ ਆਪਣੇ ਸਿਰਜੇ ਕਾਵਿ-ਸੰਸਾਰ ਵਿਚ ਅਲੋਪ ਹੋ ਜਾਂਦੀ ਹੈ।

ਉਸਦੀ ਯਾਤਰਾ ਸਵੈ ਤੋਂ ਸਵੈ ਤਕ ਹੈ, ਸਵੈ ਤੋਂ ਪਰ ਤਕ ਨਹੀਂ । ਉਹ ਪਾਠਕ ਨੂੰ ਬਹੁਤ ਪਸੰਦ ਨਹੀਂ ਕਰਦੀ, ਵੱਖਰੇ ਹੋ ਕੇ ਤੇ ਇੱਕਲੇ ਤੁਰਨ ਦਾ ਇਹ ਚੇਤਨ ਯਤਨ ਤੇ ਅਹਿਸਾਸ ਉਸ ਦੀ ਕਵਿਤਾ ਤੇ ਉਸ ਦੇ ਪਾਠਕਾਂ ਵਿਚਕਾਰ ਅਰਥ-ਸੰਚਾਰ ਦੀ ਕੰਧ ਖੜੀ ਕਰ ਦਿੰਦਾ ਹੈ।

ਉਸ ਦੀ ਹਰ ਕਵਿਤਾ ਇਕ ਮੌਲਿਕ ਪ੍ਰਯੋਗ ਹੈ। ਉਹ ਇਸ ਵਿਚ ਨਵੀਂ ਪ੍ਰਗਟਾ ਵਿਧੀ ਅਪਣਾਉਂਦੀ ਹੈ। ਹੈਰਾਨੀ ਜੇ ਹੈ ਤਾਂ ਇਹ ਕਿ ਪ੍ਰਯੋਗਵਾਦੀਆਂ ਦੇ ਉਜੜੇ ਕਬੀਲੇ ਵਿੱਚੋਂ ਕਿਸੇ ਇਕ ਦਾ ਵੀ ਅਜੇ ਤੱਕ ਉਸਦੀ ਕਵਿਤਾ ਵਲ ਧਿਆਨ ਨਹੀਂ ਗਿਆ।

ਨਵੀਨਤਾ, ਸੱਜਰਾਪਨ ਤੇ ਮੌਲਿਕਤਾ ਉਸ ਦੀ ਕਾਵਿ-ਸ਼ੈਲੀ ਦੇ ਵਿਸ਼ੇਸ਼ ਪੱਖ ਹਨ ਤੇ ਇਹ ਵਿਸ਼ੇਸ਼ਤਾਈ ਉਸਦੇ ਅਨੁਭਵ ਦੀ ਹੀ ਨਹੀਂ, ਉਸਦੀ ਕਾਵਿ-ਸ਼ੈਲੀ, ਉਸਦੀ ਬਿੰਬਾਵਲੀ, ਦੀ ਵੀ ਹੈ। ਉਹ ਅੱਜ ਦੇ ਸਮੇਂ ਵਿਚ ਮਨੁੱਖੀ ਰਿਸ਼ਤਿਆਂ ਨੂੰ ਲੱਗੇ ਖੋਰੇ ਉਤੇ ਅਤੇ ਆਪਸੀ ਸੰਬੰਧਾਂ ਵਿਚ ਪੂੰਜੀ ਦੀ ਪ੍ਰਧਾਨਤਾ ਤੋਂ ਪੀੜਿਤ ਹੁੰਦੀ ਹੋਈ ਕਹਿੰਦੀ ਹੈ :

ਆਤਮਾ ਦੀ ਮਾਰਕਿਟ ਵੈਲੀਊ
ਸਰੀਰਾਂ ਦੇ ਬਾਜ਼ਾਰ ਵਿਚ ਏਨੀ ਘਟ ਗਈ ਹੈ

ਕਿ ਉਸਨੂੰ ਕੋਈ ਮੁਫਤ ਲੈਣ ਲਈ ਤਿਆਰ ਨਹੀਂ
ਇਨਸਾਨੀਅਤ ਦੀ ਨਿਗਾਹ ਕਮਜ਼ੋਰ ਹੋ ਗਈ ਹੈ
ਸੂਰਜ ਤੇ ਚੰਨ ਅੰਨ੍ਹੇ ਹੋ ਗਏ ਨੇ ਏਸੇ ਕਰਕੇ
ਕੁੱਝ ਲੋਕਾਂ ਦਾ ਸਭ ਕੁਝ ਏਸ ਲਈ ਖੁੱਸ ਗਿਆ
ਕਿ ਉਨ੍ਹਾਂ ਨੂੰ ਝੂਠ ਉਚਾਰਨਾ ਨਾ ਆਇਆ (ਪ੍ਰਾਦੇਸ਼ਕ ਸਮਾਚਾਰ)

ਉਹ ਨਾ ਗੀਤ ਲਿਖਦੀ ਹੈ ਨਾ ਗ਼ਜ਼ਲ, ਬਸ ਆਧੁਨਿਕ ਸ਼ੈਲੀ ਵਿਚ ਆਧੁਨਿਕ ਨਜ਼ਮ। ਤੇ ਉਸਦੀ ਕਵਿਤਾ ਵਿਚ ਆਪਣੀ ਭਾਂਤ ਦਾ ਮੱਧਮ ਜਿਹਾ ਰਿਦਮ ਹੈ,ਪਰ ਰਿਦਮ ਦੀ ਘਾਟ ਨੂੰ ਉਹ ਵਿਰੋਧਾਭਾਸ ਦੀ ਜੁਗਤ ਨਾਲ ਪੂਰਾ ਕਰਦੀ ਹੈ। ਵਿਰੋਧਾਭਾਸ, ਅਸੰਗਤ ਕਥਨ, ਅਥਵਾ ਉਲਟੀ ਗੱਲ ਨੂੰ, ਜਾਂ ਮੰਨੀ-ਪ੍ਰਮੰਨੀ ਗੱਲ ਦੇ ਵਿਰੁਧ ਕਹਿਣ ਦਾ ਇਕ ਨਵਾਂ ਅੰਦਾਜ਼ ਜੋ ਵੇਖਣ ਨੂੰ ਪ੍ਰਗਟ ਤੌਰ 'ਤੇ ਅਸਪਸ਼ਟ ਜਾਪਦਾ ਹੈ, ਪਰ ਅਸਲ ਵਿਚ ਸੱਚਾ ਹੁੰਦਾ ਹੈ। ਇਹ ਜੁਗਤ ਅਥਵਾ ਕਾਵਿ ਵਿਧੀ ਮੋਹਨਜੀਤ, ਪਾਸ਼ ਤੇ ਪਾਤਰ ਵੀ ਵਰਤਦੇ ਹਨ ਤੇ ਇਹ ਵਧੇਰੇ ਸਫ਼ਲ ਤਾਂ ਹੀ ਹੁੰਦੀ ਹੈ ਜੇ ਕਵੀ ਕੋਲ ਸਪਸ਼ਟ ਸਾਰਥਕ ਵਿਚਾਰ ਪ੍ਰਣਾਲੀ ਹੋਵੇ :

ਮੈਂ ਤਾਂ ਭੂਤ ਤੇ ਭਵਿੱਖ ਵਿਚਲਾ ਅਣਹੋਣੀ ਕਥਾ ਦਾ ਬਿਆਨ ਹਾਂ
ਮੈਂ ਤਾਂ ਕੱਸੀ ਹੋਈ ਰੱਸੀ 'ਤੇ ਤੁਰਦਾ ਸਾਡੀ ਪੀੜ੍ਹੀ ਦਾ ਅਣੀਂਦਾ ਵਰਤਮਾਨ ਹਾਂ।

ਪਰ ਮਨਜੀਤ ਦੀ ਕਵਿਤਾ ਪੜ੍ਹ ਕੇ ਪਾਠਕ ਉਸ ਦੇ ਸਟਾਇਲ ਤੋਂ ਹੀ ਵਧੇਰੇ ਪ੍ਰਭਾਵਿਤ ਹੁੰਦਾ ਹੈ, ਉਸ ਦੇ ਵਿਚਾਰ-ਪ੍ਰਬੰਧ ਤੋਂ ਨਹੀਂ — ਵਿਚਾਰਧਾਰਕ ਤੌਰ 'ਤੇ ਉਹ ਪ੍ਰਯੋਗਵਾਦੀਆਂ ਤੇ ਆਧੁਨਿਕਤਾ ਦੇ ਅਨੁਆਈਆਂ ਨਾਲ ਜਾ ਖਲੋਂਦੀ ਹੈ।

ਆਸ ਕਰਨੀ ਚਾਹੀਦੀ ਹੈ ਕਿ ਵਧੇਰੇ ਆਤਮ ਆਲੋਚਨਾ ਸਦਕੇ, ਉਹ ਦਿਨੋ ਦਿਨ ਵਧ ਰਹੀਆਂ ਤੇ ਤਿੱਖੀਆਂ ਹੋ ਰਹੀਆਂ ਸਮਾਜੀ ਵਿਰੋਧਤਾਈਆਂ ਨੂੰ ਪ੍ਰਗਟ ਕਰਨ ਦੇ ਨਜ਼ਦੀਕ ਪਹੁੰਚੇਗੀ ਕਿਉਂਕਿ ਕੋਈ ਵੀ ਹੋਣਹਾਰ ਤੇ ਸੁਹਿਰਦ ਕਲਾਕਾਰ ਬਹੁਤ ਦੇਰ ਤੱਕ ਆਪਣੇ ਸਮੇਂ ਦੇ ਮੁਖ ਪ੍ਰਸ਼ਨਾਂ ਨਾਲ ਜੂਝਣ ਤੋਂ ਬਿਨਾਂ ਰਹਿ ਨਹੀਂ ਸਕਦਾ।

ਪੰਜਾਬੀ ਕਵਿਤਾ ਦੇ ਬਿਲਕੁਲ ਹੀ ਆਧੁਨਿਕਤਮ ਝੁਕਾਵਾਂ ਨੂੰ ਜਾਨਣ ਲਈ ਇਸ ਪੁਸਤਕ ਦਾ ਪਾਠ ਆਵੱਸ਼ਕ ਹੈ।

ਉਸ ਦੀ ਕਵਿਤਾ ਪ੍ਰਸ਼ੰਸਕਾਂ ਦੇ ਇਕ ਸੀਮਿਤ ਦਾਇਰੇ ਤੋਂ ਜੇ ਬਾਹਰ ਨਹੀਂ ਨਿਕਲੀ ਤਾਂ ਇਸਦਾ ਇਕ ਕਾਰਨ ਅਕਾਦਮਿਕ ਪੇਸ਼ਾਵਾਰ ਆਲੋਚਕਾਂ ਦੀ ਨਵੀਂ ਪ੍ਰਤਿਭਾ ਨੂੰ ਪਛਾਨਣ ਵੱਲ ਸਿੱਥਲ ਰੁਚੀ ਤਾਂ ਹੈ ਹੀ ਪਰ ਨਾਲ ਨਾਲ ਕਵਿਤਰੀ ਦੀ ਆਪਣੀ ਚਰਚਾ ਕਰਾਉਣ ਲਈ ਪ੍ਰਯੋਗਵਾਦੀਆਂ ਵਾਲੇ ਪਬਲਿਸਟੀ ਦੇ ਆਧੁਨਿਕ ਢੰਗ ਵਰਤਣ ਦੀ ਝਿਜਕ ਵੀ ਹੈ। ਇਹ ਝਿਜਕ ਮੁਬਾਰਕ ਹੋਵੇ।

ਸੱਜਰੇ ਸੰਗ੍ਰਹ ਵਿਚ ਉਸ ਨੇ 'ਇਲਹਾਮ' ਵਾਲੀ ਸੁਰ ਨੂੰ ਹੀ ਕਾਇਮ ਰੱਖਿਆ ਹੈ ਤੇ ਜਿਸ ਪਾਠਕ ਨੇ ਉਸਦਾ ਪਹਿਲਾ ਸੰਗ੍ਰਹਿ ਪੜ੍ਹਿਆ ਹੋਇਆ ਹੈ, ਉਸ ਨੂੰ ਇਹ ਪਹਿਲੇ ਸੰਗ੍ਰਹਿ ਦਾ ਹੀ ਦੂਸਰਾ ਭਾਗ ਜਾਪੇਗਾ।

ਪੰਦਰਾਂ ਰੁਪਏ ਵਿਚ ਪੁਸਤਕ ਮਹਿੰਗੀ ਤਾਂ ਲੱਗੇਗੀ ਪਰ ਹੋਣਹਾਰ ਪ੍ਰਤਿਭਾਵਨ ਸ਼ਾਇਰਾ ਦੀ ਰਚਨਾ ਦੀ ਯਾਤਰਾ ਕਰਨ ਲਈ ਇਹ ਮੁੱਲ ਜ਼ਿਆਦਾ ਵੀ ਨਹੀਂ ਹੈ। ਪੁਸਤਕ ਨੀਉ ਏਜ ਬੁੱਕ ਸੈਂਟਰ ਅੰਮ੍ਰਿਤਸਰ ਨੇ ਬੜੀ ਰੀਝ ਨਾਲ ਵੱਡੇ ਆਕਾਰ ਵਿਚ ਛਾਪੀ ਹੈ ਤੇ ਛਪਾਈ ਦੀਆਂ ਗਲਤੀਆਂ

ਤੋਂ ਮੁਕਤ ਹੈ। ਉਸਦੀ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ। [ਹਰਭਜਨ ਸਿੰਘ ਹੁੰਦਲ]

**ਸੀਮਾਂ ਆਕਾਸ਼ [ਰਵਿੰਦਰ ਰਵੀ]**

'ਸੀਮਾਂ ਆਕਾਸ਼' ਰਵਿੰਦਰ ਰਵੀ ਦਾ ਦਸਵਾਂ ਕਾਵਿ-ਸੰਗ੍ਰਿਹ ਹੈ[ਪੰਨੇ 136, ਵਧੀਆ ਕਾਗਜ਼ ਤੇ ਜਿਲਦ, ਮੁੱਲ ਦਸ ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ] ਤੇ ਜਿਵੇਂ ਉਹ ਇਸਦੀ ਭੂਮਿਕਾ ਵਿਚ ਖੁਦ ਮੰਨਦਾ ਹੈ, ਜੇਨਸ-ਸੋਚ ਦੇ ਅਧੀਨ ਲਿਖਿਆ ਗਿਆ ਹੈ। ਭੂਮਿਕਾ ਪੜ੍ਹਕੇ ਇੰਝ ਜਾਪਦਾ ਹੈ ਜਿਵੇਂ ਰਵੀ ਨੇ ਖੁਦ ਆਪਣੀ ਸੋਚ ਇਕ ਪਾਸੇ ਰੱਖ ਦਿਤੀ ਹੋਵੇ ਤੇ ਬਸ ਜੇਨਸੀਅਨ ਸੋਚ ਨੂੰ ਪੂਰੀ ਤਰ੍ਹਾਂ ਕਬੂਲ ਕਰਕੇ ਇਸ ਨੂੰ ਹੀ ਆਪਣੀਆਂ ਕਵਿਤਾਵਾਂ ਦੇ ਰਾਹੀਂ ਪ੍ਰਗਟ ਕਰਦਾ ਜਾ ਰਿਹਾ ਹੋਵੇ। ਜੇਨਸ ਉਤੇ ਤਾਂ ਉਹ ਇੰਨਾ ਫਿਦਾ ਹੋ ਗਿਆ ਹੈ ਕਿ ਜਿਵੇਂ ਉਸ ਨੂੰ ਹੋਰ ਕੁਝ ਸੁਝਦਾ ਹੀ ਨਾ ਹੋਵੇ। ਖੈਰ ਰਵੀ ਦੇ ਪ੍ਰਤੀ ਅਨਿਆਏ ਨਾ ਕਰਦੇ ਹੋਏ, ਨਾਲ ਨਾਲ ਸਾਨੂੰ ਇਹ ਵੀ ਤਸਲੀਮ ਕਰਨਾ ਪਵੇਗਾ ਕਿ ਰਵੀ ਦਾ ਮਾਨਸਿਕ ਵਿਕਾਸ ਉਸ ਪੜਾਉ ਉਤੇ ਪੁਜ ਗਿਆ ਲਗਦਾ ਹੈ ਜਿਥੇ ਜੇਨਸ ਦੀ ਸੋਚ ਤੇ ਉਸ ਦੀ ਆਪਣੀ ਨਿਵੇਕਲੀ ਸੋਚ ਵਿਚ ਕੋਈ ਅੰਤਰ ਨਾ ਰਹਿ ਗਿਆ ਹੋਵੇ। ਤਦ ਵੀ ਰਵੀ ਨੂੰ ਭੂਮਿਕਾ ਵਿਚ ਇਸ ਹਦ ਤੱਕ ਜੇਨਸ ਦੀ ਦੁਹਾਈ ਨਹੀਂ ਦੇਣੀ ਚ ਹੀਦੀ ਸੀ।

ਜੇਨਸ ਦੀ ਤਰ੍ਹਾਂ ਕਵੀ ਵੇਖਦਾ ਤੇ ਮਹਿਸੂਸ ਕਰਦਾ ਹੈ ਕਿ ਹਰ ਸ਼ੈ ਤੇ ਕ੍ਰਿਆ ਵਿਚ ਆਤਮ ਵਿਰੋਧੀ ਤੱਤਵ ਮੌਜੂਦ ਰਹਿੰਦੇ ਹਨ। ਉਸ ਦੇ ਆਪਣੇ ਸ਼ਬਦਾਂ ਵਿਚ "ਇਹ ਜਟਿਲਤਾ ਵਿਚ ਸਰਲਤਾ ਦੀ ਵਿਥਿਆ ਹੈ, ਖਿੰਡਾਓ ਵਿਚ ਇਕਾਗਰਤਾ ਦੀ ਅਵਸਥਾ ਹੈ, ਆਕਾਰ ਵਿਚ ਨਿਰਾਕਾਰ ਦਾ ਰਹੱਸ ਹੈ, ਖੰਡ ਵਿਚ ਬ੍ਰਹਮੰਡ ਦਾ ਬੋਧ ਹੈ, ਤਣਾਓ ਵਿਚ ਵਿਸ਼ਰਾਮ ਦੀ ਸਥਿਤੀ ਹੈ, ਸੰਘਰਸ਼ ਵਿਚ ਪਲਾਇਨ ਦੀ ਕਹਾਣੀ ਹੈ, ਦੁਹਰਾਓ ਵਿਚ ਨਵੀਨਤਾ ਦਾ ਅਮਲ ਹੈ, ਵਾਦ ਵਿਚ ਵਿਵਾਦ ਦਾ ਸੰਕਟ ਹੈ ਅਤੇ ਤੋਰ ਵਿਚ ਖੜੋਤ ਦਾ ਅਹਿਸਾਸ ਹੈ।" ਇਸ ਸੰਦਰਭ ਵਿਚ ਰਵੀ ਦੀ ਕਵਿਤਾ 'ਝੀਲ ਤੇ ਦਰਿਆ' ਵਿਸ਼ੇਸ਼ ਉਲੇਖ ਮੰਗਦੀ ਹੈ। ਪਾਣੀ ਦੇ ਅਨੇਕ ਰੂਪ ਹਨ, ਇਕ ਦੂਜੇ ਤੋਂ ਵਿਰੋਧੀ ਤੇ ਮਨੁੱਖ ਦੀਆਂ ਸੰਭਾਵਨਾਵਾਂ ਤਾਂ ਅਮੁਕ ਹਨ:

ਪਾਣੀ : ਭਾਫ ਹੈ, ਬੱਦਲ, ਬਰਖਾ ਤੇ ਬਰਫ !
ਇਸਨਾਨ : ਗੁੱਸਾ ਹੈ, ਹਿੰਸਾ ਹੈ, ਅੱਥਰੂ ਤੇ ਮੌਨ !

ਮਨੁਖ ਵਾਸਤਵ ਵਿਚ ਕੀ ਹੈ ? ਆਤਮ-ਵਿਰੋਧੀ ਤੱਤਵਾਂ ਦਾ ਪੁਤਲਾ। ਇਹਨਾਂ ਤੱਤਵਾਂ ਦੀ ਅਣਹੋਂਦ ਵਿਚ ਸਿਰਜਣਾ ਅਸੰਭਵ ਹੈ। ਇਸੇ ਸੰਦਰਭ ਵਿਚ ਰਵੀ ਲਿਖਦਾ ਹੈ: "ਜੇਨਸੀਅਨ ਸੋਚ ਤਥਾ ਚਿੰਤਨ ਅਨੁਸਾਰ ਸਭ ਤੋਂ ਵਧੇਰੇ ਵਿਲੱਖਣ ਸਿਰਜਣਾਤਮਕ ਪ੍ਰਾਪਤੀਆਂ ਦਾ ਆਰੰਭ ਵਿਰੋਧਤਾਵਾਂ ਵਿਚਕਾਰ ਵਿਚਰਦੇ ਤਣਾਓ ਦੀ ਚੇਤਨਾ ਤੋਂ ਹੁੰਦਾ ਹੈ।" ਇਕੱਲੇ ਰਾਮ ਦੀ ਹੋਂਦ ਨਾਲ ਕੰਮ ਨਹੀਂ ਚਲਣਾ, ਇਸੇ ਲਈ ਕਵੀ ਰਾਵਣ ਤੋਂ ਇਕ ਸਿਰ ਉਧਾਰਾ ਮੰਗਦਾ ਹੈ:

ਰਾਵਣ ਯਾਰ, ਦੇਵੀਂ ਖਾਂ ਇਕ ਸਿਰ ਉਧਾਰਾ—
ਮੇਰੇ ਅੰਦਰ ਰਾਮ, ਲਖਣ, ਭਗਵਾਨ ਕ੍ਰਿਸ਼ਨ ਨੇ—
ਤੇਰੀ ਕਦ ਤੋਂ ਰਟ ਲਗਾਈ।
ਆਪਣੇ ਇਕ ਵਖਰੇਵੇਂ ਖਾਤਰ,

ਸ਼ੈਤਾਨ 'ਤੇ ਲਾਹਨਤ ਪਾਏ ਖ਼ੁਦਾਈ।

'ਬਹੁ ਮੁਖ ਮੇਰੇ' ਮਨੁਖ ਦਾ ਇਹ ਦਾਅਵਾ ਠੀਕ ਹੀ ਨਜ਼ਰ ਆਉਂਦਾ ਹੈ।

ਇਸ ਸੰਗ੍ਰਹਿ ਦੀ ਇਕ ਕੀਮਤੀ ਕਵਿਤਾ ਹੈ 'ਜ਼ਿੰਦਗੀ ਦੀ ਰੁੱਤ'। ਜ਼ਿੰਦਗੀ ਤੁਰਨਾ ਹੀ ਤੁਰਨਾ ਹੈ:

ਇਹ ਜ਼ਿੰਦਗੀ ਤੋਂ ਹੱਥ ਧੋਣ ਦਾ ਮੌਸਮ ਨਹੀਂ,
ਇਸ ਵਿਚ ਭਿੱਜ ਕੇ ਤੁਰਨ ਦੀ ਰੁੱਤ ਹੈ

ਆਤਮ ਵਿਰੋਧੀ ਲਫ਼ਜ਼ਾਂ ਵਿਚ ਰਵੀ ਲਿਖਦਾ ਹੈ:

ਅਜੇ ਤਾਂ ਅਸੀਂ ਬਰਫ਼ਾਂ ਓੜਨੀਆਂ ਹਨ,
ਅਜੇ ਤਾਂ ਅਸੀਂ ਅਗਨੀ ਬਣਨਾ ਹੈ।

ਗੱਲ ਤਾਂ ਵਾਸਤਵ ਵਿਚ 'ਸਗਲੀ ਸਬੂਤੀ ਅੱਖ' ਬਣਨ ਦੀ ਹੈ। ਇਹ ਅੱਖ ਮਿਸਟਕ (ਰਹੱਸਵਾਦੀ) ਦੀ ਅੱਖ ਹੈ ਜਿਹੜੀ ਆਤਮ ਵਿਰੋਧੀ ਤੱਤਵਾਂ ਦੇ ਸੰਘਰਸ਼ ਤੋਂ ਘਬਰਾਉਂਦੀ ਨਹੀਂ, ਸਗੋਂ ਇਹਨਾਂ ਤੱਤਵਾਂ ਦੇ ਤਣਾਓ ਵਿਚ ਹੀ ਸਿਰਜਣਾ ਦਾ ਕਲਿਆਣ ਤੇ ਭਵਿੱਖ ਵੇਖਦੀ ਹੈ। ਇਸ ਤਰ੍ਹਾਂ ਰਵੀ ਦਾ ਚਿੰਤਨ ਭਾਰਤੀ ਵੇਦਾਂਤ-ਚਿੰਤਨ ਦੇ ਬਹੁਤ ਨਜ਼ਦੀਕ ਆ ਜਾਂਦਾ ਹੈ, ਚਾਹੇ ਉਹ ਵੇਦਾਂਤ ਦੀ ਕਿਤੇ ਗੱਲ ਨਹੀਂ ਕਰਦਾ, ਸਿਰਫ਼ ਜੇਨਸਨ ਦੇ ਪ੍ਰਭਾਵ ਨੂੰ ਹੀ ਕਬੂਲਦਾ ਹੈ।

ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਵਿਚ ਰਵੀ ਨੇ ਪੁਲਾੜੀ ਯੁਗ ਦੇ ਸਮਕਾਲੀਨ ਮਨੁੱਖ ਦੀ ਦੁਰਦਸ਼ਾ, ਸੰਕਟ ਅਤੇ ਬਨਾਵਟੀਪਨ ਨੂੰ ਵੀ ਤਿੱਖੇ ਤੇ ਸੁਝਾਓਪੂਰਨ ਸ਼ਬਦਾਂ ਵਿਚ ਅੰਕਿਤ ਕੀਤਾ ਹੈ। 'ਭੈ-ਮੁਕਤ' ਵਿਚ ਉਹ ਲਿਖਦਾ ਹੈ:

ਪਲਾਸਟਕ ਦੀ ਕੁਦਰਤ ਸਿਰਜਕੇ ਅਸੀਂ ਸਭ ਮੌਸਮ ਮਾਰ ਦਿਤੇ ਹਨ।
ਬਾਹਰ ਧੁੱਪ ਰਹੇ ਜਾਂ ਬਰਫ਼, ਕੀ ਫ਼ਰਕ ਪੈਂਦਾ ਹੈ।
ਸਾਡੀ ਨਜ਼ਰ ਹਰ ਮੌਸਮ, ਹਰ ਸ਼ੈ ਵਿਚ ਇਕੋ ਨਜ਼ਾਰਾ ਵੇਖਦੀ ਹੈ।
ਨਹੀਂ ਵੇਖਦੀ: ਸੱਚ ਤੇ ਭਰਮ ਵਿਚਕਾਰਲਾ ਪੁਲਸਰਾਤ।

ਰਵੀ ਯੋਗ ਤੇ ਸਮਰੱਥ ਮਿੰਨੀ ਕਵਿਤਾਵਾਂ ਦਾ ਵੀ ਕਵੀ ਹੈ। ਅੱਜ ਦਾ ਮਨੁੱਖ ਆਪਣਾ ਨਿਜੀ ਤੇ ਨਿਵੇਕਲਾ ਵਿਅਕਤਿਤਵ ਖੋ ਬੈਠਾ ਹੈ। ਅਖਬਾਰਾਂ ਟੀ. ਵੀ. ਆਦਿ ਦਾ ਗੁਲਾਮ ਬਣ ਗਿਆ ਹੈ:

ਅੱਖਾਂ ਵਿਚ ਇਸ਼ਤਿਹਾਰੀ ਰੌਸ਼ਨੀਆਂ ਫੈਲਾ ਕੇ
ਅਸੀਂ ਸ਼ੌਪਿੰਗ ਕਰਨ ਗਏ
ਦਿਮਾਗ 'ਚੋਂ ਨਿਰਣਾ ਨਹੀਂ
ਅਖਬਾਰਾਂ ਕਤਰਨਾਂ ਦਾ ਢੇਰ ਡੁੱਲ੍ਹ ਪਿਆ।

ਅਜੋਕੀ ਜ਼ਿੰਦਗੀ ਦਾ ਇਕ ਪਾਜ਼ਿਟਿਵ, ਸਵੀਕਾਰਾਤਮਕ ਪੱਖ ਵੀ ਹੈ ਜਿਹੜਾ ਸਬੂਤੀ ਅਖ ਨੂੰ ਵੇਖਣਾ ਚਾਹੀਦਾ ਹੈ। ਪਰ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਰਵੀ ਕੋਲ ਸ਼ਾਇਦ ਉਹ ਅਖ ਨਹੀਂ ਕਿਉਂਕਿ ਉਹ ਜ਼ਿੰਦਗੀ ਦੇ ਨਕਾਰਾਤਮਕ ਪੱਖ ਨੂੰ ਹੀ ਰੇਖਾਂਕਿਤ ਕਰਨ ਵਿਚ ਲਗਿਆ ਹੋਇਆ ਹੈ। ਮਸ਼ੀਨ ਦੀ ਸਭਿਅਤਾ ਨੂੰ ਉਹ ਰੱਜ ਕੇ ਨਿੰਦਦਾ ਹੈ:

ਸੋਚ, ਅਹਿਸਾਸ ਤੇ ਭਾਵ,

ਕਲ ਪੁਰਜ਼ਿਆਂ ਵਿਚ, ਢਾਲ ਦਿੱਤੇ ਗਏ ਹਨ—
ਇਹ ਮਸ਼ੀਨ ਦਾ ਸਰਾਪ ਹੈ ।

ਇਸ ਸੰਗ੍ਰਿਹ ਦੀਆਂ ਕਵਿਤਾਵਾਂ ਦਾ ਸੁਆਗਤ ਹੋਣਾ ਚਾਹੀਦਾ ਹੈ । ਇਹਨਾਂ ਰਾਹੀਂ ਸਾਡੇ ਸਾਹਮਣੇ ਰਵੀ ਇਕ ਚਿੰਤਨਸ਼ੀਲ, ਦਾਰਸ਼ਨਿਕ, ਰਹੱਸਵਾਦੀ ਕਵੀ ਦੇ ਰੂਪ ਵਿਚ ਆਉਂਦਾ ਹੈ । ਉਸ ਦਾ ਚਿੰਤਨ ਇਸ ਅਰਥ ਵਿਚ ਜ਼ਰੂਰ ਮੌਲਿਕ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਅਭਿ-ਵਿਅਕਤ ਕਰਨ ਵਾਲੀ ਸ਼ੈਲੀ ਰਵੀ ਦੀ ਆਪਣੀ ਹੈ । ਉਸ ਦੀ ਚੇਤਨਾ ਸਮਕਾਲੀਨ ਤੇ ਵਿਅੰਗ-ਪੂਰਨ ਵੀ ਹੈ :

ਕੁਰਸੀ 'ਚ ਮਸ਼ੀਨ ਹੈ
ਤੇ ਧਰਤੀ 'ਤੇ ਆਦਮੀ ।

[ਓ. ਪੀ. ਗੁਪਤਾ]

**ਧਰਤੀ ਲਹੂ ਲੁਹਾਣ** [ਕਰਨੈਲ ਬਾਗੀ]

"ਧਰਤੀ ਲਹੂ ਲੁਹਾਣ" ਲੋਕ ਕਵੀ ਕਰਨੈਲ ਬਾਗੀ ਦਾ ਦੂਜਾ ਕਾਵਿ ਸੰਗ੍ਰਹਿ ਹੈ । ਆਪਣੇ ਪਹਿਲੇ ਕਾਵਿ ਸੰਗ੍ਰਹਿ "ਲੋਹੇ ਦੇ ਮਰਦ" ਨਾਲ ਹੀ ਉਸਨੇ ਚੇਤੰਨ ਪਾਠਕਾਂ ਵਿਚ ਆਪਣਾ ਥਾਂ ਬਣਾ ਲਿਆ ਸੀ । ਇਸ ਨਵੀਂ ਕਿਰਤ ਵਿਚ ਉਸਦੀ ਕਲਾ ਹੋਰ ਨਿਖਰੀ ਤੇ ਨੀਝ ਤਿਖੇਰੀ ਹੋਈ ਹੈ । ਜਿਥੇ ਕਿਤੇ ਪਹਿਲਾਂ ਸੂਝ ਵਿਚ ਧੁੰਧਲਾ-ਪਣ ਸੀ, ਉਥੇ ਹੁਣ ਚੇਤਨ ਸਪਸ਼ਟਤਾ ਆਈ ਹੈ ।

ਬਾਗੀ ਕਿਰਤੀ ਵਰਗ ਦਾ ਜੰਮਪਲ ਹੈ, ਉਹਨੇ ਕਿਰਤ ਦੀ ਨਿਰਾਦਰੀ ਤੇ ਗਰੀਬੀ ਆਪਣੇ ਹੱਥਾਂ 'ਤੇ ਹੰਢਾਈ ਹੈ । ਇਸ ਵਿਚੋਂ ਹੀ ਉਹਦੀ ਜਮਾਤੀ ਸੂਝ ਨਿਖਰੀ ਹੈ । ਇਸੇ ਲਈ ਉਹ ਹਰ ਗੱਲ ਕਿਰਤੀ ਵਰਗ ਤੇ ਲੁੱਟੇ ਜਾਂਦੇ ਲੋਕਾਂ ਦੇ ਪੈਂਤੜੇ ਤੋਂ ਕਰਦਾ ਹੈ । ਉਹਦੀ ਹਰ ਕਵਿਤਾ ਵਿਚ ਲੁਟੇਰੇ ਵਰਗ ਅਤੇ ਉਹਦੇ ਹੱਕ ਵਿਚ ਖੜਨ ਵਾਲੀਆਂ ਪਰਿਸਥਿਤੀਆਂ 'ਤੇ ਕਰੜਾ ਪ੍ਰਹਾਰ ਕੀਤਾ ਗਿਆ ਹੈ ।

ਕਰਨੈਲ ਬਾਗੀ ਨੇ ਇਤਿਹਾਸਕ ਤੇ ਮਿਥਿਹਾਸਕ ਬਿੰਬਾਂ ਨੂੰ ਨਵੇਂ ਅਰਥ ਦੇ ਕੇ ਪੇਸ਼ ਕੀਤਾ ਹੈ ਅਤੇ ਉਹਨਾਂ ਨੂੰ ਅਜੋਕੀਆਂ ਪਰਿਸਥਿਤੀਆਂ ਦੇ ਹੱਕ ਵਿਚ ਭੁਗਤਾਇਆ ਹੈ । ਬਾਗੀ ਨੇ ਸਮਾਜਕ ਸਵਾਲਾਂ ਤੇ ਉਹਨਾਂ ਦੇ ਹੱਲ ਲਈ ਵਿਗਿਆਨਕ ਪਹੁੰਚ ਅਪਣਾਈ ਹੈ । ਉਹਨੇ ਸਮਾਜ ਦੀਆਂ ਬੇਦੀਆਂ ਤੇ ਸਮਾਂ ਵਿਹਾ ਚੁਕੀਆਂ ਕਦਰਾਂ ਉਤੇ ਵਿਅੰਗ ਦਾ ਪ੍ਰਹਾਰ ਕੀਤਾ ਹੈ, ਜਿਸ ਨਾਲ ਉਹ ਹੋਰ ਵੀ ਜਰਜਰੀਆਂ ਹੋ ਗਈਆਂ ਹਨ ।

ਰੂਪਕ ਪੱਖ ਤੋਂ ਬਾਗੀ ਨੇ ਲੰਮੀ ਕਵਿਤਾ, ਛੋਟੀ ਕਵਿਤਾ ਤੇ ਗ਼ਜ਼ਲ ਦੀ ਰਚਨਾ ਕੀਤੀ ਹੈ ਪਰੰਤੂ ਉਹ ਛੋਟੀ ਕਵਿਤਾ ਵਿਚ ਵੱਡੀ ਗੱਲ ਕਹਿਣ ਦਾ ਉਸਤਾਦ ਹੈ । ਮਿਸਾਲ ਵਜੋਂ, ਉਹ ਕਹਿੰਦਾ ਹੈ :

ਅਸੀਂ ਜਦ ਵੀ, ਧੂਣੀ ਵਾਂਗ ਸੁਲਗੇ ਹਾਂ
ਕਿਸੇ ਨੂੰ ਮੌਤ ਜਿੰਨਾ, ਸੇਕ ਲੱਗਾ ਹੈ
ਜ਼ਿੰਦਗੀ ਜੂਆ ਨਹੀਂ, ਕਿਸਮਤ ਦੇ ਦਾਅ 'ਤੇ ਹਾਰਦਿਆਂ
ਇਹ ਪੱਥਰ ਤੋੜਦੇ ਹੱਥ, ਖੁਦ ਤਕਦੀਰ ਘੜਨਗੇ ।
ਅਸੀਂ ਉਹਨਾਂ ਕਬਰਾਂ 'ਤੇ, ਉੱਗੇ ਬ੍ਰਿਛ ਹਾਂ
ਜਿਥੇ ਕਲ੍ਹ ਤੁਸਾਂ ਸੱਚ ਦਫਨ ਕੀਤਾ ਸੀ ।

ਬਾਗੀ ਸਮਝਦਾ ਹੈ ਕਿ ਸਮਾਜ ਤੇ ਪਰਿਸਥਿਤੀਆਂ ਬਦਲਣ ਲਈ ਦ੍ਰਿੜ ਸੰਘਰਸ਼ ਦੀ ਲੋੜ ਹੈ। ਇਸ ਲਈ ਉਹ ਨਿਰੰਤਰ ਸੰਘਰਸ਼ ਦੀ ਗੱਲ ਕਰਦਾ ਹੈ। ਉਹਨੂੰ ਰੱਬ ਦੀ ਅਸਲੀਅਤ ਦਾ ਗਿਆਨ ਹੈ। ਉਹ ਕਹਿੰਦਾ ਹੈ :

ਧਰਤੀ ਤੋਂ ਪਹਿਲਾਂ
ਹੋ ਨਹੀਂ ਸਕਦੀ, ਹੋਂਦ ਮਨੁਖ ਦੀ।
ਮਨੁੱਖ ਤੋਂ ਪਹਿਲਾਂ
ਗਰੰਥ ਨਹੀਂ ਹੋ ਸਕਦੇ
ਮਨੁਖ ਦੀ ਕਲਪਨਾ ਨੇ
ਸਿਰਜਿਆ ਹੈ ਰੱਬ ਨੂੰ।

ਕਵੀ ਦੀ ਕਲਾ ਵਿਚ ਉਪਭਾਵੁਕਤਾ ਦੀ ਥਾਂ ਠਰੰਮਾ ਹੈ। ਉਹ ਪਿਛਲੇ ਸਮੇਂ ਦੇ ਨਕਸਲੀ ਕਵੀਆਂ ਵਾਂਗ ਅੰਨ੍ਹੇ ਵਾਹ ਸੰਘਰਸ਼ ਤੇ ਇਨਕਲਾਬ ਦੀ ਗੱਲ ਨਹੀਂ ਕਰਦਾ ਸਗੋਂ ਪਹਿਲਾਂ ਉਸਦੀ ਸਿਧਾਂਤਕ ਤਿਆਰੀ ਦੀ ਗੱਲ ਕਰਦਾ ਹੈ :

ਸਫਰ ਸ਼ੁਰੂ ਕਰਨ ਤੋਂ ਪਹਿਲਾਂ
ਰਾਹ ਤਾਂ ਨਿਸਚਿਤ ਕਰਨਾ ਹੀ ਪੈਂਦਾ ਹੈ।
ਸੂਝ ਤੋਂ ਬਿਨਾਂ ਕੁਰਬਾਨੀ ਦਾ ਜਜ਼ਬਾ
ਅੰਨ੍ਹੇ ਖੂਹ ਰੋੜੇ ਸਿਟਣ ਵਰਗੀ ਗੱਲ ਹੈ।

ਉਹ ਅਖੌਤੀ ਇਨਕਲਾਬੀ ਕਵੀਆਂ 'ਤੇ, ਜਿਹੜੇ ਸਰਕਾਰੇ ਦਰਬਾਰੇ ਪੁਜਕੇ ਮਰਾਸਪੁਣਾ ਕਰਨ ਦਾ ਸਮਾਂ ਖੁੰਝਣ ਨਹੀਂ ਦਿੰਦੇ, ਕਰੜਾ ਵਿਅੰਗ ਕਰਦਾ ਹੈ, ਜਦੋਂ ਉਹ ਕਹਿੰਦਾ ਹੈ :

ਮੈਥੋਂ ਨਹੀਂ ਲਿਖੀ ਜਾਣੀ
ਦਿੱਲੀ ਦੇ ਦਰਬਾਰ 'ਚ
ਗਾਉਣ ਵਾਲੀ ਨਜ਼ਮ।

ਇਸ ਕਵਿਤਾ ਵਿਚ ਹਾਕਮ ਜਮਾਤ ਦੇ ਲੋਕ ਵਿਰੋਧੀ ਕਿਰਦਾਰ ਨੂੰ ਨੰਗਾ ਕਰਦਾ ਹੈ।

ਬਾਗੀ ਨੇ ਬੋਲੀ ਸਾਦਾ ਤੇ ਲੋਕ ਪੱਧਰ ਦੀ ਵਰਤੀ ਹੈ। ਇਸ ਤਰ੍ਹਾਂ ਬਾਗੀ ਸਾਰੇ ਪੱਖਾਂ ਤੋਂ ਲੋਕ ਕਵੀ ਕਹਾਉਣ ਦਾ ਹੱਕਦਾਰ ਹੈ। ਮੈਂ ਉਸਦੇ ਨਵੇਂ ਸੰਗ੍ਰਹਿ ਦਾ ਸਵਾਗਤ ਕਰਦਾ ਹਾਂ। ਪੁਸਤਕ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਨੇ ਛਾਪੀ ਹੈ। ਦਿੱਖ ਤੇ ਛਪਾਈ ਪਖੋਂ ਵਧੀਆ ਹੈ।

[ਸੁਰਜੀਤ ਗਿੱਲ]

**ਜੰਗ ਰੋਟੀ ਦੀ** [ਦਰਸ਼ਨ ਸਿੰਘ ਗਿੱਲ]

"ਜੰਗ ਰੋਟੀ ਦੀ" ਦਰਸ਼ਨ ਸਿੰਘ ਗਿੱਲ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹਨੇ ਗ਼ਜ਼ਲਾਂ ਦਾ ਇਕ ਰੁਮਾਂਟਿਕ ਸੰਗ੍ਰਹਿ ਦਿਤਾ ਸੀ, ਜਿਸ ਦੀਆਂ ਅੰਤਲੀਆਂ ਗ਼ਜ਼ਲਾਂ ਤੋਂ ਆਸ ਬੱਝਦੀ ਸੀ ਕਿ ਇਹ ਕਵੀ ਕਦੇ ਸਮਾਜਕ ਤੇ ਚੇਤਨ ਲਿਖਤ ਅਵੱਸ਼ ਲਿਖੇਗਾ। ਦਰਸ਼ਨ ਸਿੰਘ ਗਿੱਲ ਨੇ ਇਹ ਆਸ ਹੀ ਪੂਰੀ ਨਹੀਂ ਕੀਤੀ ਬਲਕਿ ਉਸਨੇ ਆਪਣੇ ਆਪਨੂੰ ਵੱਖਰੇ ਤੇ ਚੇਤਨ ਕਵੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਹੱਥਲੇ ਕਾਵਿ-ਸੰਗ੍ਰਹਿ ਵਿਚ ਉਸਨੇ ਸਮਾਜ ਦੇ ਸਾਰੇ ਪੱਖਾਂ ਤੇ ਚੇਤਨ ਪੱਖ ਤੋਂ ਕਵਿਤਾਵਾਂ ਪੇਸ਼ ਕੀਤੀਆਂ ਹਨ।

ਦਰਸ਼ਨ ਸਿੰਘ ਗਿੱਲ ਨੇ ਪੁਰਾਣੇ ਇਤਿਹਾਸਕ ਤੇ ਮਿਥਿਹਾਸਕ ਬਿੰਬ ਤੇ ਪ੍ਰਤੀਕ ਵਰਤ ਕੇ ਉਨ੍ਹਾਂ ਨੂੰ ਸਮਕਾਲੀ ਅਰਥ ਦਿਤੇ ਹਨ। ਉਸ ਨੇ ਇਤਿਹਾਸ ਤੇ ਮਿਥਿਹਾਸ ਨੂੰ ਵੀ ਜਮਾਤੀ ਵੰਡ ਦੇ ਸਮਾਜ ਦੇ ਰੂਪ ਵਿਚ ਦੇਖਕੇ ਉਸਦਾ ਨਿਰਣਾ ਲੁਟੇ ਜਾਂਦੇ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਹੈ। ਦਰਸ਼ਨ ਆਪ ਵੀ ਕਿਰਤੀ ਵਰਗ ਵਿਚ ਜੰਮਕੇ ਕਰੜੀ ਮਿਹਨਤ ਕਰਕੇ ਆਰਥਿਕ ਪੱਖੋਂ ਪੈਟੀਬੁਰਜਵਾ ਹੋ ਗਿਆ ਹੈ। ਜਿਸ ਕਾਰਨ ਉਹਦੀਆਂ ਕਵਿਤਾਵਾਂ ਵਿਚ ਪੈਟੀ-ਬੁਰਜਵਾ ਬੁਧੀਜੀਵੀਆਂ ਵਾਲੀ ਬੌਧਿਕਤਾ ਹੈ। ਉਹਦੀ ਗੱਲ ਸਮਝਣ ਲਈ ਇਤਹਾਸ ਤੇ ਮਿਥਿਹਾਸ ਦੀ ਡੂੰਘੀ ਸਮਝ ਹੋਣੀ ਚਾਹੀਦੀ ਹੈ ਅਤੇ ਦਿਮਾਗ 'ਤੇ ਜ਼ੋਰ ਪਾਉਣ ਦੀ ਲੋੜ ਮਹਿਸੂਸ ਹੁੰਦੀ ਹੈ। ਕਿਤੇ ਕਿਤੇ ਉਸਦੀ ਕਲਾ ਵਿਚ ਅੰਤਰਮੁਖਤਾ ਦਾ ਵੀ ਪ੍ਰਗਟਾਵਾ ਹੁੰਦਾ ਹੈ।

ਦਰਸ਼ਨ ਸਿੰਘ ਗਿੱਲ ਨੇ ਸੰਗ੍ਰਹਿ ਵਿਚ ਵੱਡੀਆਂ ਕਵਿਤਾਵਾਂ ਨਾਲ ਹੀ ਕੁਝ ਛੋਟੀਆਂ ਕਵਿਤਾਵਾਂ ਵੀ ਦਿਤੀਆਂ ਹਨ, ਜਿਹੜੀਆਂ ਪੂਰੀ ਤਰ੍ਹਾਂ ਸਫਲ ਤੇ ਮੁਕੰਮਲ ਹਨ। ਆਪਣੀ ਇਕ ਛੋਟੀ ਕਵਿਤਾ ਵਿਚ ਉਹ ਕਹਿੰਦਾ ਹੈ:

ਜਦ ਇਕ ਹੀ ਅੰਗੜਾਈ ਕਿਰਤ ਲੈਂਦੀ ਹੈ:
ਆਵਾਜ਼ ਅਜ਼ਲ ਦੀ ਕਤਲਗਾਹ ਨੂੰ ਪੈਂਦੀ ਹੈ।

ਇਕ ਹੋਰ ਕਵਿਤਾ 'ਵਾਰਿਸ' ਵਿਚ ਉਹ ਕਹਿੰਦਾ ਹੈ:

ਤੁਰੇ ਫਿਰ ਕਾਫਲੇ ਸਿਰ-ਲੱਥਾਂ ਦੇ, ਸ਼ਹੀਦ ਹੋਣ ਨੂੰ—
ਕਿ ਪਤਾ ਲੱਗ ਜਾਏ, ਸ਼ਹੀਦਾਂ ਦੇ ਵਾਰਿਸ ਕੌਣ ਨੇ ?

ਦਰਸ਼ਨ ਸਿੰਘ ਗਿੱਲ ਜਿਥੇ ਸਮਾਜਕ ਦਵੰਦ ਬਾਰੇ ਚੇਤੰਨ ਹੈ ਉਥੇ ਉਸ ਨੂੰ ਪੂਰੀ ਤਰ੍ਹਾਂ ਗਿਆਨ ਹੈ ਕਿ ਇਹ ਜੀਵਨ ਸੰਘਰਸ਼ ਮਈ ਹੈ। ਇਸਤੋਂ ਬਿਨਾਂ ਕੋਈ ਇਨਕਲਾਬ, ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਪਰੰਤੂ ਉਸਨੂੰ ਇਸ ਗੱਲ ਵਿਚ ਵੀ ਅਟੱਲ ਯਕੀਨ ਹੈ ਕਿ ਇਹ ਤਬਦੀਲੀ ਅਵੱਸ਼ ਆਵੇਗੀ। ਆਪਣੀ ਕਵਿਤਾ 'ਕਾਲਾ ਯੁਗ' ਵਿਚ ਉਹ ਕਹਿੰਦਾ ਹੈ:

ਕਾਲੇ ਯੁਗ ਦੀ ਅੰਤਿਮ ਉਮਰੇ
ਉਹਦੀ ਕੁਖ ਚੋਂ ਜਨਮੇਂ ਮੌਤ ਉਸਦੀ
ਰਾਤਰੀ ਚੋਂ ਹੁੰਦੀ ਸਵੇਰ ਨਵੇਂ ਯੁਗ ਦੀ।

ਦਰਸ਼ਨ ਸਿੰਘ ਗਿੱਲ ਨੇ ਆਪਣਾ ਇਹ ਕਾਵਿ-ਸੰਗ੍ਰਹਿ ਦੇ ਕੇ ਪੰਜਾਬੀ ਦੇ ਜਮਾਤੀ ਸਾਹਿਤ ਵਿਚ ਹੋਰ ਚੇਤਨ ਵਾਧਾ ਕੀਤਾ ਹੈ। [ਸੁਖਵਿੰਦਰ ਕੌਰ]

**ਲਫ਼ਜ਼ੀ ਰਿਸ਼ਤੇ** [ਜਨਮੀਤ]

'ਲਫ਼ਜ਼ੀ ਰਿਸ਼ਤੇ', 'ਕੁਆਰੀ ਬਰਫ਼' ਤੇ 'ਡਾਕ ਬੰਗਲਾ ਚੁੱਪ ਹੈ' ਤੋਂ ਬਾਅਦ ਜਨਮੀਤ ਦਾ ਤੀਸਰਾ ਕਾਵਿ-ਸੰਗ੍ਰਹਿ ਹੈ। (ਪੰਨੇ-80 ਮੁੱਲ-ਅੱਠ ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤ-ਸਰ)। 'ਕੁਆਰੀ ਬਰਫ' ਦੀਆਂ ਕਵਿਤਾਵਾਂ ਪੜ੍ਹ ਕੇ ਜਨਮੀਤ ਦੀ ਕਾਵਿ-ਸਮਰਥਾ ਬਾਰੇ ਜੋ ਧਾਰਨਾ ਬਣੀ ਸੀ, ਚਰਚਾ-ਅਧੀਨ-ਸੰਗ੍ਰਹਿ ਨਾਲ ਉਸ ਵਿਚ ਕੋਈ ਵ੍ਰਿਧੀ ਨਹੀਂ ਹੁੰਦੀ। ਉਰਦੂ ਸ਼ਾਇਰ ਪ੍ਰੇਮ ਕੁਮਾਰ ਨਜ਼ਰ ਹੁਰਾਂ ਦੀ ਭੂਮਿਕਾ ਤੋਂ, ਜਨਮੀਤ ਦੇ ਆਖਰੀ ਸ਼ਿਅਰ ਤੱਕ ਕਈ ਪ੍ਰਸ਼ਨ ਜ਼ਿਹਨ ਵਿਚ ਉਭਰਦੇ ਨੇ। ਉਸਦੀ ਸ਼ਾਇਰੀ ਦਾ ਪ੍ਰਯੋਜਨ ਕੀ ਏ ? ਉਸਦੀ ਪ੍ਰਤੀਬਧਤਾ ਕਾਹਦੇ ਨਾਲ ਏ ? ਉਸਦੀ ਸ਼ਾਇਰੀ ਜੋ ਇਕ ਪਾਸੇ ਮਹਿਜ਼ ਕੋਰੇ ਭਾਵੁਕ ਧਰਾਤਲ

'ਤੇ ਪਿਆਰ ਦੀ ਗੱਲ ਕਰਦੀ ਏ ਤੇ ਦੂਸਰੇ ਪਾਸੇ ਸਮਾਜਕ, ਰਾਜਨੀਤਕ ਬਦਲਾਵ ਦੀ ਗੱਲ ਵੀ ਏ :

* ਕਰਕੇ ਸੈਨਤ ਯਾਰ ਨੂੰ ਗੁੱਝੀ ਕੋਈ,
ਬਾਜਰੇ ਵਿਚ ਜਾ ਵੜੀ ਉਹ ਮਟਕਦੀ।
* ਭਰ ਗਈ ਕਮਰੇ 'ਚ ਨੀਲੀ ਚਾਂਦਨੀ,
ਜਿਸਮ ਉਤੇ ਜਦ ਗਿਰੀ ਬਿਜਲੀ ਕੋਈ।
* ਹੁਣ ਤਾਂ ਚਾਹੀਦਾ, ਕੋਈ ਆਦਮ
ਹੋਵੇ ਜੋ ਅਗਨੀ ਦਾ ਜਾਇਆ
ਬਣ ਕੇ ਜੋ ਲਾਵਾ ਫਟ ਜਾਵੇ
ਹੁਣ ਤਾਂ ਚਾਹੀਦਾ ਹਿਮ-ਮਾਨਵ।

ਹਿਮ ਮਾਨਵ, ਵਿਕਾਸ, ਸਾਧਾਰਨ ਆਦਮੀ, ਇਕ ਭਈਆ, ਅਜਿਹੀਆਂ ਨਜ਼ਮਾਂ ਹਨ ਜਿਨ੍ਹਾਂ 'ਚ ਸ਼ਾਇਰ ਚੰਗੇ ਮਾੜੇ ਕੱਚੇ-ਅੱਧਪਕੇ ਵਿਚਾਰ, ਪ੍ਰਤੀਕ੍ਰਿਆਵਾਂ ਨੂੰ ਇਕ ਤਤਕਾਲਿਕ ਵਿਸਫੋਟਿਕ ਰੂਪ ਵਿਚ ਅਭੀਵਿਅਕਤ ਕਰਨ ਲਈ ਉਤਸੁਕ ਏ। ਏਨ੍ਹਾਂ ਤੇ ਹੋਰਨਾਂ ਨਜ਼ਮਾਂ ਵਿਚਲੀਆਂ ਪ੍ਰਤੀਕ੍ਰਿਆਵਾਂ ਅੱਜ ਦੀ ਸਥਿਤੀ, ਪਰਿਵੇਸ਼, ਖੋਖਲੇਪਨ ਤੇ ਸਾਮਿਅਕ ਘਟਨਾਵਾਂ ਦੀਆਂ ਤਤਕਾਲਿਕ ਪ੍ਰਭਾਵੀ ਨੇ। ਚਾਹੇ ਇਸ ਪਰੰਪਰਾ ਤੇ ਆਧੁਨਿਕ ਬੋਧ ਦਾ ਮਿਸ਼ਰਣ ਚਿੰਤਨਮੁਖੀ ਹੋਣਾ ਚਾਹੀਦੈ, ਪਰ ਜਨਮੀਤ ਵਿਚ ਇਹ ਬਹੁਤਾ ਉਭਰਵਾਂ ਨਹੀਂ। ਕਾਵਿ-ਵਸਤ-ਪ੍ਰਗਟਾਅ ਅਸੰਤੁਲਨ ਹੋਣ ਸਦਕਾ ਮਹਿਜ਼ ਕਥਨ, ਨਾਅਰਾ ਬਣ ਕੇ ਰਹਿ ਜਾਂਦੇ :

ਕੋਈ ਕਿਸਾਨ
ਜਾਂ ਕਿਸੇ ਫੈਕਟਰੀ, ਚੌਥੇ ਦਰਜੇ ਦਾ ਕੋਈ ਮੁਲਾਜ਼ਿਮ
ਜਾਂ ਕਿਸੇ ਯੂਨੀਵਰਸਿਟੀ ਦੇ, ਪੁਲੀਟੀਕਲ-ਥਾਟ ਦਾ ਵਿਦਿਆਰਥੀ
ਜਾਂ ਅਵਾਰਾ ਲਫ਼ਜ਼ਾਂ ਦਾ ਵਣਜਾਰਾ, ਕੋਈ ਕਵੀ

ਸੁਸਾਇਟੀ-ਗਰਲ, ਪੇਸ਼ਾਵਰ ਔਰਤ, ਰੇਪ ਤੇ ਪੋਸਟ ਕਾਰਡ 4,5,6,9,12,10,11 ਨਜ਼ਮਾਂ 'ਅਵਾਰਾ ਲਫ਼ਜ਼ਾਂ ਦੇ ਵਣਜਾਰੇ ਕਵੀ' ਦੀ ਰਚਨਾ ਹੋ ਸਕਦੀਆਂ ਨੇ, ਇਕ ਚਿੰਤਨਮੁਖੀ ਸੁਹਿਰਦ, ਸਮਾਜ, ਰਾਜਨੀਤੀ ਪ੍ਰਤੀ ਚੇਤਨ ਸ਼ਾਇਰ ਦੀਆਂ ਨਹੀਂ। ਕਾਮੁਕਤਾ ਕਈ ਥਾਈਂ ਉਚੇਚ ਨਾਲ ਉਭਰਦੀ ਏ। ਉਸ ਦੀ ਇਹ ਦੋ-ਮੁਖੀਆ ਪ੍ਰਵਿਰਤੀ ਵਕਤ ਦੀ ਪ੍ਰਚਲਿਤ ਕਾਵਿ-ਧਾਰਾ ਨਾਲ ਸਾਂਝ ਸਥਾਪਿਤ ਕਰਨ ਦੀ ਕਾਹਲ ਸਦਕਾ ਵੀ ਏ। ਉਸਦੀ ਸ਼ਾਇਰੀ ਦਾ ਕੁਝ ਪ੍ਰਭਾਵ 'ਜੀਵਨ-ਜੀਊਣ' ਦਾ ਏ, 'ਜੀਵਨ-ਸਿਰਜਣ' ਦਾ ਨਹੀਂ। ਇਸੇ ਸਦਕਾ ਉਹ ਕਾਵਿ-ਸਿਰਜਣ ਦਾ ਨਹੀਂ, ਉਗਲਣ ਦਾ ਭਰਮ ਉਪਜਦੈ। ਇਸ ਪ੍ਰਭਾਵ ਦੇ ਪ੍ਰਸੰਗ ਵਿਚ 'ਬਦਲਾਵ' ਦੀ ਗੱਲ ਰਚਨਾਤਮਕ ਬਿੰਬ ਨਾ ਸਿਰਜਦੀ, ਰੋਮਾਂਟਿਕ ਕਾਲਪਨਿਕ ਕ੍ਰਾਂਤੀਕਾਰੀ ਸੰਵੇਦਨਾ ਦੇ ਧਰਾਤਲ' ਤੇ ਵਿਚਰ ਕੇ ਰਹਿ ਜਾਂਦੀ ਏ। ਉਸਦੇ ਜੀਵਨ-ਬੋਧ ਤੇ ਰਚਨਾ-ਪ੍ਰਕ੍ਰਿਆ ਵਿਚਲਾ ਵਖਰੇਵਾਂ ਸਪਸ਼ਟ ਏ।

ਭਈਆਂ ਦੀ ਸਮਸਿਆ ਨੂੰ ਉਸ ਪਹਿਲੀ ਵਾਰ ਕਾਵਿ-ਵਸਤ ਬਣਾ ਕੇ ਜਾਗਰੂਕਤਾ ਦਾ ਪ੍ਰਮਾਣ ਦਿਤੈ। ਪਰ ਇਸ ਦਾ ਕਾਵਿ-ਪ੍ਰਗਟਾਅ ਕਥਕ ਹੋਣ ਕਰਕੇ, ਪ੍ਰਭਾਵੀ ਨਹੀਂ ਬਣਦਾ।

ਕਥਕ-ਤੱਤ ਉਸਦੀਆਂ ਕਈ ਨਜ਼ਮਾਂ ਦਾ ਸੰਕਟ ਬਣਿਐ, ਜਿਵੇਂ '?' ਤੇ ਕਾਲ ਗਰਲ, ਪੇਸ਼ਾਵਰ ਔਰਤ,ਰੇਪ ਆਦਿ ।

ਉਸਦੀ ਸ਼ਾਇਰੀ ਵਿਚ ਵਿਅਕਤੀਵਾਦੀ,ਅਸਤਿਤਵਵਾਦੀ ਬਿਰਤੀ ਦਾ ਝਉਲਾ ਵੀ ਸਪਸ਼ਟ ਏ । ਅਜਿਹੀਆਂ ਨਜ਼ਮਾਂ ਮਾਨਵੀ ਮਨ ਦੀ ਅੰਤਰੀਵ ਦਵੰਦਾਤਮਕਤਾ ਦੀ ਅਭਿਵਿਅੰਜਨਾ ਹੁੰਦੀਆਂ। ਸਥਿਤੀ, ਹਾਲਤਾਂ, ਵਿਵਸਥਾ ਪ੍ਰਤੀ ਨਿਰਾਸ਼ਾ ਸਦਕਾ ਜਨਮੀਤ ਅਜਿਹੀਆਂ ਨਜ਼ਮਾਂ ਵਿਚ ਆਤਮ ਕੇਂਦਰਿਤ ਹੁੰਦਾ ਖ਼ੁਲਾਅ, ਰਿਸ਼ਤਿਆਂ ਦੇ ਖੋਖਲੇਪਨ, ਸ਼ੂਨਯਤਾ ਨੂੰ ਪ੍ਰਸਤੁਤ ਕਰਦੈ :

ਤੂੰ ਭਾਵੇਂ ਮੰਨੇ ਨਾ ਮੰਨੇ
ਤੂੰ ਤੇ ਮੈਂ ਇਕ ਦੂਸਰੇ ਲਈ, ਹੁਣ ਵਿਰੋਧੀ ਧਿਰ ਨਹੀਂ
ਹੁਣ ਤਾਂ ਐਸਾ ਵਕਤ ਹੈ,
'ਜਨਮੀਤ' ਜੇ ਤੈਨੂੰ ਕਹੇ ਤੂੰ ਕਹੇਂ ਮੈਨੂੰ ਖ਼ਲਾਅ
ਅੱਜ ਕਲ੍ਹ ਮੇਰੇ ਅੰਦਰ, ਸਹਿਮਿਆ ਬੈਠਾ ਹੈ, ਇਕ ਡਰਪੋਕ ਜਿਹਾ ਸਾਇਆ
ਜੋ ਬਹਾਦੁਰ ਲਗਣ ਲਈ
ਹੱਥ ਵਿਚ ਬੰਦੂਕ ਫੜ ਲੈਂਦਾ, ਤੇ ਸ਼ਿਕਾਰ ਲਈ ਨਿਕਲ ਪੈਂਦਾ ਹੈ ।

ਹੋਰਨਾਂ ਨਜ਼ਮਾਂ ਤੋਂ ਇਲਾਵਾ, ਪੋਸਟ ਕਾਰਡ ਨਜ਼ਮਾਂ ਵਿਚ ਪ੍ਰਭਾਵ, ਵਿਅੰਗ ਦੀ ਜੋ ਤੀਖਣਤਾ ਲੋੜੀਂਦੀ ਏ, ਉਹ ਉਸ ਵਿਚੋਂ ਮਨਫ਼ੀ ਏ ।

'ਪੰਜਾਬੀ ਜ਼ਬਾਨ, ਗ਼ਜ਼ਲ ਲਈ ਅਜੇ ਰਾਸ ਨਹੀਂ ਆਈ' (13) 'ਸ਼ਾਇਰ ਗ਼ਜ਼ਲ ਤੋਂ ਪਰਹੇਜ਼ ਕਰਕੇ ਵੱਡਾ ਸ਼ਾਇਰ ਨਹੀਂ ਅਖਵਾ ਸਕਦਾ' (15), ਭੂਮਿਕਾ ਵਿਚਲੀਆਂ ਨਜ਼ਰ ਹੁਰਾਂ ਦੀਆਂ ਇਹ ਦੋ ਰਾਵਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ । ਤਖਤ ਸਿੰਘ, ਜੈਤੋਈ, ਚੰਦ, ਹੁੰਦਲ, ਪਾਤਰ, ਜਗਤਾਰ, ਨਿਰਧਨ, ਕ੍ਰਿਸ਼ਨ, ਹਲਵਾਰਵੀ, ਪ੍ਰਮਿੰਦਰਜੀਤ, ਅਸਰ ਦੀਆਂ ਗ਼ਜ਼ਲਾਂ ਦੀ ਜ਼ੁਬਾਨ ਪੰਜਾਬੀ ਗ਼ਜ਼ਲ ਨੂੰ ਸਨਮਾਨਯੋਗਤਾ ਪ੍ਰਦਾਨ ਕਰਦੀ ਏ । ਜਨਮੀਤ ਦੇ ਕੁਝ ਸ਼ਿਅਰ ਨਜ਼ਰ ਦੀ ਰਾਏ ਨੂੰ ਨਿਕਾਰਦੇ ਨੇ-

* ਕੋਲ ਮੇਰੇ ਛੱਡ ਗਈ ਕੁਝ ਤਲਖ਼ ਕਦਮਾਂ ਦੇ ਨਿਸ਼ਾਨ
ਜ਼ਿੰਦਗੀ ਇਕ ਵਾਵਰੋਲੇ ਵਾਕਰਾਂ ਆਈ, ਗਈ ।

* ਖ਼ੂਬਸੂਰਤ ਕੱਚ ਦੀ ਵੰਗ ਵਿਕ ਗਈ, ਦੇਖ ਕੇ ਝਿਲਮਿਲ ਸੁਨਹਿਰੀ ਵੰਗ ਵਿਚ
ਡੁੱਬਿਆ,ਤਰਿਆ ਤੇ ਆਖਿਰ ਘੁਲ ਗਿਆ,ਮੈਂ ਤੇਰੀ ਅੱਖ ਦੇ ਬਿਲੌਰੀ ਰੰਗ ਵਿਚ ।

ਇਹ ਗਲ ਵੱਖਰੀ ਏ ਕਿ ਜਨਮੀਤ ਦੀ ਗ਼ਜ਼ਲ ਵਿਚ ਅਜੇ ਪੂਰੀ ਤਰ੍ਹਾਂ ਨਿਰਧਨ,ਜਗਤਾਰ, ਪਾਤਰ ਵਾਲੀ ਵੰਨ-ਸੁਵੰਨਤਾ, ਵਿਦਵਤਾ ਤੇ ਚਿੰਤਨ ਨਹੀਂ । ਨਜ਼ਰ ਹੁਰਾਂ ਦੀ ਦੂਸਰੀ ਰਾਏ ਨੂੰ ਨਿਕਾਰਨ ਲਈ ਪੰਜਾਬੀ ਦੇ ਅਣਗਿਣਤ ਸ਼ਾਇਰਾਂ ਦਾ ਨਾਮ ਲਇਆ ਜਾ ਸਕਦੈ ।

ਪ੍ਰਸ਼ਨ ਉਪਜਦੈ ਕਿ ਸ਼ਾਇਰ ਨੂੰ 'ਤੀਸਰੇ ਕਾਵਿ-ਸੰਗ੍ਰਹਿ' ਵੇਲੇ ਵੀ ਅਜਿਹੀ ਸੰਕੀਰਣ ਭੂਮਿਕਾ ਦੀ ਲੋੜ ਕਿਉਂ ? ਇਹ ਪ੍ਰਸ਼ਨ ਜਨਮੀਤ ਲਈ ਹੀ ਨਹੀਂ, ਹੋਰਨਾਂ ਕਈ ਯੁਵਾ ਸ਼ਾਇਰਾਂ ਲਈ ਵੀ ਚਣੌਤੀ ਏ ।

ਜਨਮੀਤ ਦੀ ਸ਼ਾਇਰੀ ਵਿਚਲੀ ਸਥਿਰਤਾ ਉਸਨੂੰ ਪ੍ਰੇਰਦੀ ਏ ਕਿ ਸਮਕਾਲੀਨ ਸਥਿਤੀਆਂ ਦੇ ਸੰਦਰਭ ਵਿਚ ਆਪਣੀ ਸ਼ਾਇਰੀ ਬਾਰੇ ਪੁਨਰ-ਵਿਚਾਰ ਕਰੇ, ਉਸਦੀ ਪ੍ਰਸੰਗਕਤਾ, ਸਾਰਥਕਤਾ

ਦਾ ਮੁਲਾਂਕਣ ਕਰੇ । ਅੱਜ ਦੀ ਕਵਿਤਾ ਸਾਹਮਣੇ ਆਮ ਆਦਮੀ ਦੇ ਜੀਵਨ ਸੱਚ ਨੂੰ ਪ੍ਰਗਟਾਉਂਦਿਆਂ, ਜੀਵਨ-ਸਿਰਜਣ ਦੀ ਜੋ ਚਣੌਤੀ ਏ, ਉਸਨੂੰ ਸਵੀਕਾਰਕੇ ਕਾਵਿ-ਸਿਰਜਣਾ ਕਰੇ । ਫਿਰ ਬਿਨਾ ਭੂਮਿਕਾਵਾਂ ਦੇ ਉਸਦੀ ਕਵਿਤਾ ਆਪਣਾ ਮੁੱਲ ਪਵਾਏਗੀ । [ਅਵਤਾਰ ਜੌੜਾ]

ਮਾਰੂਥਲ ਦੇ ਰਾਹੀ [ਮਹਿੰਦਰ ਭੱਟੀ]

ਪੰਜਾਬੀ ਵਿਚ ਕਵਿਤਾ ਵਾਂਗ ਕਹਾਣੀ ਵੀ ਬਹੁਤੀ ਫੈਸ਼ਨ ਦੇ ਤੌਰ 'ਤੇ ਹੀ ਲਿਖੀ ਜਾ ਰਹੀ ਏ । ਨਵੇਂ ਕਹਾਣੀਕਾਰਾਂ ਦੇ ਝੁੰਡਾਂ ਦੇ ਝੁੰਡ ਸਾਹਿਤ ਦੇ ਖੇਤਰ ਵਿਚ ਦਾਣਾ ਪਾਣੀ ਚਰਦੇ ਨਜ਼ਰ ਆਂਵਦੇ ਨੇ । ਪਰ ਇਨ੍ਹਾਂ ਵਿਚੋਂ ਬਹੁਤ ਘੱਟ ਅਜਿਹੇ ਮਿਲਣਗੇ ਜਿੰਨ੍ਹਾਂ ਨੂੰ ਦਾਣੇ ਚੁਗਣ ਦਾ ਸੁਚੱਜਾ ਢੰਗ ਏ । ਮਹਿੰਦਰ ਭੱਟੀ ਵੀ ਇਕ ਨਵਾਂ ਕਹਾਣੀਕਾਰ ਏ । 'ਮਾਰੂਥਲ ਦੇ ਰਾਹੀ' [ਪੰਨੇ 124, ਮੁੱਲ ਬਾਰਾਂ ਰੁਪਏ, ਦੀਪਕ ਪਬਲਿਸ਼ਰਜ਼, ਜਲੰਧਰ] ਉਸ ਦਾ ਪਲੇਠੀ ਦਾ ਕਹਾਣੀ ਸੰਗ੍ਰਹਿ ਏ ਜਿਸ ਵਿਚ ਚੌਦਾਂ ਕਹਾਣੀਆਂ ਨੇ । ਇਹ ਕਹਾਣੀਆਂ ਹਯਾਤੀ ਨਾਲ ਤਾਂ ਜੁੜੀਆਂ ਹੋਈਆਂ ਨੇ, ਪਰ ਕਲਾ ਅਤੇ ਬੋਲੀ ਪਖੋਂ ਬਹੁਤ ਕਮਜ਼ੋਰ ਨੇ । ਕਹਾਣੀ ਕਿਸੇ ਵੀ ਸ਼ਕਲ ਵਿਚ ਲਿਖੀ ਜਾਵੇ ਪਰ ਉਹਦੇ ਵਿਚ ਕਹਾਣੀਪਨ ਤੇ ਚੰਗੀ ਭਾਸ਼ਾ ਦਾ ਹੋਣਾ ਜ਼ਰੂਰੀ ਏ । ਰਾਜਿੰਦਰ ਸਿੰਘ ਬੇਦੀ ਕਹਾਣੀ ਨੂੰ ਲੰਮੀ ਬਹਿਰ ਦੀ ਇਕ ਖ਼ੂਬਸੂਰਤ ਨਜ਼ਮ ਕਹਿੰਦਾ ਏ ਤੇ ਮਹਿੰਦਰ ਭੱਟੀ ਦੀਆਂ ਕਹਾਣੀਆਂ ਖ਼ੂਬਸੂਰਤ ਨਜ਼ਮਾਂ ਨਹੀਂ ਬਣ ਸਕੀਆਂ । ਉਹਨਾਂ ਵਿਚ ਕਰਾਫ਼ਟਸਮੈਨਸ਼ਿਪ ਦੀ ਘਾਟ ਏ । ਅਕਸਰ ਕਹਾਣੀਆਂ ਵਿਚ ਕਹਾਣੀਕਾਰ ਆਪਣੇ ਪਾਤਰਾਂ ਦੇ ਭੇਸ ਵਿਚ ਆਪ ਬੋਲਣ ਲਗਦਾ ਏ । ਪਾਤਰਾਂ, ਘਟਨਾਵਾਂ ਅਤੇ ਮਾਹੌਲ ਦੀ ਪੇਸ਼ਕਾਰੀ ਕਮਜ਼ੋਰ ਏ । ਏਸ ਸੰਗ੍ਰਹਿ ਵਿਚ 'ਖਬਰ' ''ਮਾਰੂਥਲ ਦੇ ਰਾਹੀ'' 'ਪੀਲਾ ਪੱਤਾ' ਤੇ 'ਆਕਾਸ਼ ਖਾਲੀ ਸੀ' ਅਜਿਹੀਆਂ ਕਹਾਣੀਆਂ ਨੇ, ਜਿੰਨ੍ਹਾਂ ਨੂੰ ਅਸੀਂ ਕੁਝ ਹੱਦ ਤਕ ਕਾਮਯਾਬ ਕਹਾਣੀਆਂ ਕਹਿ ਸਕਦੇ ਆਂ । ਇਹਨਾਂ ਕਹਾਣੀਆਂ ਦੇ ਪਲਾਟ ਖ਼ੂਬਸੂਰਤ ਨੇ । ਪਰ ਕਹਾਣੀ ਬੁਣਦਿਆਂ ਹੋਇਆਂ ਕਹਾਣੀਕਾਰ ਭਾਵੁਕ ਹੋ ਗਿਆ ਏ । ਸਿਰਫ਼ 'ਖਬਰ' ਇਕ ਅਜਿਹੀ ਕਹਾਣੀ ਏ ਜੋ ਹਰ ਪਖੋਂ ਸਲਾਹੁਣਯੋਗ ਏ । ਏਸ ਕਹਾਣੀ ਵਿਚ ਅੱਜ ਦੀ ਪੱਤਰਕਾਰੀ ਜਾਂ ਸਹਾਫ਼ਤ 'ਤੇ ਸੋਹਣਾ ਵਿਅੰਗ ਏ—ਇਕ ਮਜ਼ਦੂਰ ਮਰ ਜਾਂਦਾ ਏ, ਚੀਫ਼ ਐਡੀਟਰ ਖ਼ੁਸ਼ ਏ ਕਿ ਚਲੋ ਖਬਰ ਮਿਲ ਗਈ, ਪਰ ਫੇਰ ਦਬਾਉ ਵਿਚ ਆ ਕੇ ਉਹ ਖਬਰ ਅਖਬਾਰ 'ਚ ਨਹੀਂ ਲਾਉਂਦਾ । ਏਸ ਨਿੱਕੀ ਕਹਾਣੀ ਵਿਚ ਕਹਾਣੀਕਾਰ ਜਜ਼ਬਾਤੀ ਨਹੀਂ ਹੋਇਆ ।

ਪਿਆਰ ਇਕ ਫ਼ਿਤਰੀ ਤਕਾਜ਼ਾ ਏ । ਬੱਚਾ, ਬੁਢਾ, ਜਵਾਨ ਗਰਜ਼ ਇਨਸਾਨ ਪਿਆਰ ਦਾ ਭੁੱਖਾ ਏ । ਇਹ ਗੱਲ ਮਹਿੰਦਰ ਭੱਟੀ ਨੇ 'ਪੀਲਾ ਪੱਤਾ' ਕਹਾਣੀ ਵਿਚ ਕਹੀ ਏ । ਅੰਨੂ ਇਕ ਸਕੂਲ ਪੜ੍ਹਨ ਵਾਲਾ ਬੱਚਾ ਏ, ਜੀਹਨੂੰ ਮੈਡਮ ਮੀਨਾ ਪਿਆਰੀ ਲਗਦੀ ਏ ਤੇ ਮੀਨਾ ਵੀ ਅਨੂੰ ਨੂੰ ਪਿਆਰ ਕਰਦੀ ਏ, ਕਿਉਂਕਿ ਉਹਨੂੰ ਅਨੂੰ ਦੇ ਰੂਪ ਵਿਚ ਮਰਦ ਦੇ ਪਿਆਰ ਦਾ ਅਹਿਸਾਸ ਹੁੰਦਾ ਏ । ਪਰ ਜਦ ਮੀਨਾ ਦਾ ਵਿਆਹ ਹੋ ਜਾਂਦਾ ਏ ਤਾਂ ਉਹਦਾ ਪਿਆਰ ਪਤੀ ਦੇ ਪਿਆਰ ਵਿਚ ਜਜ਼ਬ ਹੋ ਜਾਂਦਾ ਏ । ਉਹ ਅਨੂੰ ਵਲ ਬਿਲਕੁਲ ਧਿਆਨ ਨਹੀਂ ਦੇਂਦੀ ਤੇ ਅਨੂੰ ਨਿਮੋਝਾਣ ਰਹਿਣ ਲਗਦਾ ਏ । ਪਰ ਫੇਰ ਉਹ ਕਿਸੇ ਹੋਰ ਕੁੜੀ ਨਾਲ ਯਾਰੀ ਗੰਢ ਲੈਂਦਾ ਏ ।

'ਆਕਾਸ਼ ਖਾਲੀ ਏ' ਵਿਚ ਕਹਾਣੀਕਾਰ ਕਹਿੰਦਾ ਏ ਕਿ ਪੈਸਾ ਕਮਾਣ ਵਾਲੇ ਦੀ ਹੀ ਇਹ ਦੁਨੀਆਂ ਕਦਰ ਕਰਦੀ ਏ, ਨਹੀਂ ਤਾਂ ਠੋਕਰਾਂ ! ਪੈਸਾ ਹੋਵੇ ਤਾਂ ਮਾਪੇ, ਭੈਣ, ਭਰਾ, ਬੀਵੀ ਬੱਚੇ,

ਨਹੀਂ ਤਾਂ ਰਿਸ਼ਤੇ ਨਾਤੇ ਸਭ ਫਜ਼ੂਲ। 'ਮਾਰੂਥਲ ਦੇ ਰਾਹੀ' ਵਿਚ ਬੁੱਢੇ ਸਮਾਜੀ ਰਿਵਾਜਾਂ ਨੂੰ ਤੋੜਨ ਦੀ ਗੱਲ ਏ। ਜੇ ਪਤੀ ਚੰਗਾ ਨਹੀਂ ਮਿਲਿਆ ਤਾਂ ਉਹ ਨੂੰ ਛੱਡਿਆ ਜਾ ਸਕਦਾ ਏ ਤੇ ਨਵਾਂ ਵਿਆਹ ਕਰਾਇਆ ਜਾ ਸਕਦਾ ਏ। ਔਰਤ ਜਾਂ ਮਰਦ ਸਮਾਜ ਦੇ ਬੰਦੀਵਾਨ ਨਹੀਂ ਹਨ। ਇਹਨਾਂ ਕਹਾਣੀਆਂ ਨੂੰ ਲਿਖਦਿਆਂ ਭੱਟੀ ਭਾਵੁਕ ਹੋ ਗਿਆ ਏ। ਕਈ ਥਾਂ 'ਤੇ ਨਾਅਰੇਬਾਜ਼ੀ ਕਰਨ ਲਗਦਾ ਏ। ਕਹਾਣੀ ਦੀ ਤਕਨੀਕ ਤੋਂ ਪੂਰੀ ਤਰ੍ਹਾਂ ਜਾਣੂ ਨਾ ਹੋਣ ਕਾਰਨ ਕਚਿਆਈ ਖਟਕਦੀ ਏ। 'ਟੁੱਟ ਰਿਹਾ ਇਨਸਾਨ' ਵਿਚ ਰਿਸ਼ਤਿਆਂ ਦੇ ਟੁੱਟਣ ਭੱਜਣ ਦੀ ਗੱਲ ਏ। 'ਪਲੇਟ ਫਾਰਮ' ਵਿਚ ਪੁਲਸ ਦੇ ਰਵਈਏ ਦਾ ਜ਼ਿਕਰ ਏ। 'ਤਿੜਕਦੀਆਂ ਦੀਵਾਰਾਂ' ਵਿਚ ਕਿਹਾ ਗਿਆ ਏ ਕਿ ਪਤੀ ਪਤਨੀ ਨੂੰ ਇਕ ਦੂਜੇ 'ਤੇ ਵਿਸ਼ਵਾਸ ਕਰਨਾ ਚਾਹੀਦਾ ਏ। 'ਸ਼ੀਸ਼ੇ ਦੇ ਟੁਕੜੇ' ਵਿਚ ਪਤੀ ਨੂੰ ਪਤਨੀ ਪ੍ਰਤੀ ਉਹਦੇ ਫਰਜ਼ ਦਰਸਾਏ ਗਏ ਨੇ। 'ਚਿਹਰੇ' ਵਿਚ ਜ਼ਿੰਦਗੀ ਦੀਆਂ ਥੁੜ੍ਹਾਂ ਦੀ ਗੱਲ ਏ। 'ਰੇਗਸਤਾਨ' ਇਕ ਰਵਾਇਤੀ ਇਸ਼ਕੀਆ ਕਿੱਸਾ ਏ—ਜਬੀਨ ਦਾ ਧੋਖਾ ਦੇਣਾ ਤੇ ਅਖਤਰ ਦਾ ਗ਼ਮ ਲਾ ਕੇ ਬਹਿ ਜਾਣਾ। 'ਦੀਵਾਰਾਂ ਅਤੇ ਦੀਵਾਰਾਂ' ਵਿਚ ਦੁੱਧ ਤੇ ਲਹੂ ਦੇ ਰਿਸ਼ਤਿਆਂ ਤੋਂ ਇਲਾਵਾ ਉਹਨਾਂ ਜਜ਼ਬਾਤੀ ਰਿਸ਼ਤਿਆਂ ਨੂੰ ਦੱਸਿਆ ਗਿਆ ਏ ਜਿਹਨਾਂ ਦੇ ਪਾਲਣ ਵਾਲਿਆਂ 'ਤੇ ਸਮਾਜ ਸ਼ੱਕ ਕਰਦਾ ਏ। 'ਸਰਦਲ' ਵਿਚ ਘੱਟ ਦਾਜ ਲਿਆਣ ਕਾਰਨ ਰਚਨਾ ਦਾ ਪਤੀ ਉਹਨੂੰ ਤਲਾਕ ਦੇ ਦਿੰਦਾ ਏ। ਤਲਾਕ ਮਗਰੋਂ ਰਚਨਾ ਨੂੰ ਆਪਣਾ ਪੁਰਾਣਾ ਆਸ਼ਕ ਸਲੀਮ ਚੇਤੇ ਆਉਂਦਾ ਏ. ਜਿਸ ਨਾਲ ਧਰਮੀ ਠੇਕੇਦਾਰਾਂ ਤੋਂ ਡਰ ਕੇ ਉਹ ਵਿਆਹ ਨਹੀਂ ਸੀ ਕਰਾ ਸਕੀ।

ਇਹਨਾਂ ਕਹਾਣੀਆਂ ਵਿਚ ਖੁਰਦਰਾਪਨ ਏ। ਜ਼ਬਾਨ ਦੀਆਂ ਬੜੀਆਂ ਖਾਮੀਆਂ ਨੇ। ਕਈ ਥਾਈਂ ਉਰਦੂ ਫਾਰਸੀ ਦੇ ਲਫਜ਼ ਚੁਭਦੇ ਨੇ, ਕਿਉਂਜੁ ਉਹ ਗਲਤ ਵਰਤੇ ਗਏ ਨੇ। ਗਰਾਮਰ ਦੇ ਲਿਹਾਜ਼ ਨਾਲ ਕਈ ਥਾਂ 'ਤੇ ਜ਼ਬਾਨ ਗਲਤ ਵਰਤੀ ਗਈ ਏ। ਅਫਸਾਨੇ ਦੀ ਸਿਹਤ ਲਈ ਜ਼ਬਾਨ ਬੁਨਿਆਦੀ ਖੂਬੀ ਏ। ਭਾਸ਼ਾ ਦੀ ਬੁਨਿਆਦ 'ਤੇ ਹੀ ਕਹਾਣੀ ਦੀ ਕਲੀ ਉਸਾਰੀ ਜਾਂਦੀ ਏ। ਇਹਨਾਂ ਗੱਲਾਂ ਵਲ ਮਹਿੰਦਰ ਭੱਟੀ ਨੂੰ ਧਿਆਨ ਦੇਣਾ ਚਾਹੀਦਾ ਏ। ਉਹਨੂੰ ਚਾਹੀਦਾ ਏ ਕਿ ਉਹ ਪੁਰਾਣੇ ਕਹਾਣੀਕਾਰਾਂ ਨੂੰ ਪੜ੍ਹੇ, ਦੂਜੀਆਂ ਜ਼ਬਾਨਾਂ ਦੀਆਂ ਕਹਾਣੀਆਂ ਪੜ੍ਹੇ, ਕਿਉਂਜੁ ਪੁਰਾਣੀਆਂ ਕਹਾਣੀਆਂ ਨਵੇਂ ਲਿਖਣ ਵਾਲਿਆਂ ਲਈ ਖਾਮ ਮਾਲ ਦਾ ਕੰਮ ਦੇਂਦੀਆਂ ਨੇ। ਜੇ ਭੱਟੀ ਕਹਾਣੀ ਕਲਾ ਵਲ ਸੰਜੀਦਗੀ ਨਾਲ ਧਿਆਨ ਦੇਵੇ ਤਾਂ ਉਹ ਇਕ ਚੰਗਾ ਕਹਾਣੀਕਾਰ ਬਣ ਸਕਦਾ ਏ। ਏਸ ਸਭ ਦੇ ਬਾਵਜੂਦ ਉਸ ਦੀ ਇਹ ਪਹਿਲੀ ਕੋਸ਼ਿਸ਼ ਸ਼ਲਾਘਾਯੋਗ ਏ। ਸਾਨੂੰ ਉਹ ਦੀ ਆਮਦ ਨੂੰ ਜੀ ਆਇਆਂ ਆਖਣਾ ਚਾਹੀਦਾ ਏ। [ਖਾਲਿਦ ਹੁਸੈਨ]

**ਚਿੱਤਰ ਦੀ ਉਡੀਕ** [ਗੁਲਜ਼ਾਰ ਮੁਹੰਮਦ ਗੋਰੀਆ]

'ਚਿੱਤਰ ਦੀ ਉਡੀਕ', ਨੌਜੁਆਨ ਕਹਾਣੀਕਾਰ ਗੁਲਜ਼ਾਰ ਮੁਹੰਮਦ ਗੋਰੀਆ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਪੁਸਤਕ ਵਿਚ ਕੁੱਲ ਸੋਲਾਂ ਕਹਾਣੀਆਂ ਹਨ ਤੇ ਇਕ ਰੇਖਾ ਚਿੱਤਰ ਹੈ। ਕਹਾਣੀਆਂ ਵਿਚ ਦੋ ਕਿਸਮ ਦੀ ਸ਼ੈਲੀ ਅਪਣਾਈ ਗਈ ਹੈ। ਪਹਿਲੀ ਵਿਧੀ ਵਿਚ ਬਿਰਤਾਂਤਕ ਕਹਾਣੀਆਂ ਆਉਂਦੀਆਂ ਹਨ ਜਿਨ੍ਹਾਂ ਵਿਚ ਗੱਲ ਨੂੰ ਬੜੇ ਸਾਦੇ ਸ਼ਬਦਾਂ ਵਿਚ ਬੜੀ ਸਪਸ਼ਟਤਾ ਨਾਲ ਬਿਆਨ ਕੀਤਾ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਕਹੀ ਗਈ ਗੱਲ ਕਿੱਥੇ ਕੁ ਤੀਕ ਠੀਕ ਹੈ ਜਾਂ ਕਿਸ ਪੱਧਰ ਦੀ ਹੈ। ਪਰ ਕਹਾਣੀ ਪੜ੍ਹਕੇ ਧੁੰਦਲੇਪਣ ਜਾਂ ਅਸਪਸ਼ਟਤਾ ਦਾ ਭੁਲੇਖਾ ਨਹੀਂ

ਪੈਂਦਾ। ਦਸ ਕਹਾਣੀਆਂ ਵਿਚ ਇਸ ਵਿਧੀ ਨੂੰ ਅਪਣਾਇਆ ਗਿਆ ਹੈ।

ਇਨ੍ਹਾਂ ਕਹਾਣੀਆਂ ਵਿਚ ਦੋ ਮੁੱਖ ਵਿਸ਼ਿਆਂ 'ਤੇ ਗੱਲ ਕੀਤੀ ਗਈ ਹੈ। ਪਹਿਲਾ ਵਿਸ਼ਾ ਆਰਥਿਕਤਾ ਹੈ ਤੇ ਦੂਜਾ ਸੈਕਸ। 'ਉਸਦੀ ਕਹਾਣੀ' 'ਅਸਮਾਨ ਵੱਲ ਤੱਕਣ ਵਾਲੇ' 'ਢਹਿੰਦੀ ਹਵੇਲੀ' ਕਹਾਣੀਆਂ ਦਾ ਮੁੱਖ ਧੁਰਾ ਆਰਥਿਕਤਾ ਤੇ ਸਮਾਜ ਵਿਚ ਜਮਾਤੀ ਟਕਰਾਓ ਹੈ। 'ਉਸਦੀ ਕਹਾਣੀ' ਵਿਚ ਇਕ ਗਰੀਬ ਔਰਤ ਇਕੋ ਵੇਲੇ ਸੱਤ ਬਦਮਾਸ਼ਾਂ ਦੀ ਹਵਸ ਦਾ ਸ਼ਿਕਾਰ ਹੁੰਦੀ ਹੈ ਤੇ ਬੱਚੇ ਦੀ ਮਾਂ ਹੋਣ ਦਾ ਸੰਤਾਪ ਹੰਢਾਉਂਦੀ ਹੈ। ਉਹ ਬੱਚਾ ਇਸ ਸਮਾਜ ਵਿਚ ਜ਼ਿੰਦਗੀ ਭਰ ਨਾਜਾਇਜ਼ ਹੋਣ ਦੀ ਜ਼ਿੱਲਤ ਹੰਢਾਉਂਦਾ ਹੈ। ਪਰ ਲੇਖਕ ਦਾ ਕਹਾਣੀ ਦੇ ਅੰਤ ਵਿਚ ਮੁੱਖ ਪਾਤਰ ਦੇ ਮੂੰਹੋਂ ਇਹ ਕਹਾਉਣਾ ਕਿ 'ਹਾਂ ਤਾਂ ਮੈਂ ਇਕ ਇਨਸਾਨ ਦਾ ਪੁੱਤ ਹੀ' ਸਮਾਜ ਵਿਚ ਵਿਚਰਦੇ ਦਰਿੰਦਿਆਂ ਨੂੰ ਮੁਆਫ ਕਰਨ ਵਰਗਾਂ ਸੰਕਲਪ ਜਾਪਦਾ ਹੈ।'ਅਸਮਾਨ ਵੱਲ ਤੱਕਣ ਵਾਲੇ' 'ਢਹਿੰਦੀ ਹਵੇਲੀ' ਅੰਦਰ ਦਾ ਸਵਰਗ 'ਤੇ 'ਸੋਨੇ ਦਾ ਹਾਰ' ਰਵਾਇਤੀ ਕਿਸਮ ਦੀਆਂ ਕਹਾਣੀਆਂ ਹੀ ਹਨ। ਪੰਜਾਬ ਕਹਾਣੀ ਵਿਚ ਪੈਰ ਜਮਾਉਣ ਲਈ ਜ਼ਰੂਰੀ ਹੈ ਕਿ ਰਵਾਇਤੀ ਵਿਸ਼ਿਆਂ 'ਤੇ ਜੇ ਗੱਲ ਕਰਨੀ ਹੈ ਤਾਂ ਅਜੋਕੇ ਲੇਖਕ ਨੂੰ ਵੱਖਰੇ ਤੇ ਸ਼ਕਤੀਸ਼ਾਲੀ ਅੰਦਾਜ਼ 'ਚ ਗੱਲ ਕਰਨੀ ਪਵੇਗੀ।

'ਸ਼ਗਨਾਂ ਭਰਿਆ ਦਿਨ' ਨਵੀਂ ਨਸਲ ਦੀ ਦਲੇਰੀ, ਚੇਤੰਨਤਾ ਤੇ ਗਲੇ ਸੜੇ ਸੰਸਕਾਰਾਂ 'ਤੇ ਠੋਕਰ ਮਾਰ ਦੇਣ ਦੀ ਜੁਰਅੱਤ ਨੂੰ ਪ੍ਰਗਟਾਉਂਦੀ ਇਕ ਖੂਬਸੂਰਤ ਕਹਾਣੀ ਹੈ। ਇਸ ਦਾ ਅੰਤ ਬਹੁਤ ਹੀ ਕਲਾਮਈ ਹੋ ਨਿੱਬੜਦਾ ਹੈ ਜਦੋਂ ਦਲਜੀਤ ਆਪਣੇ ਭਰਾ ਦੇ ਉਸਨੂੰ ਹੋਰ ਥਾਂ ਵਿਆਹੁਣ ਦੇ ਫੈਸਲਾਕੁਨ ਸ਼ਬਦ ਸੁਣਦੀ ਹੈ ਤਾਂ ਨੱਚ ਉਠਦੀ ਹੈ ਤੇ ਸਹੇਲੀਆਂ ਦੀਆਂ ਗੁੱਤਾਂ ਖਿੱਚਦੀ ਕਹਿੰਦੀ ਹੈ—"ਨੀ ਆਓ ! ਗਿੱਧਾ ਪਾਈਏ।" ਉਪਰੋਕਤ ਕਹਾਣੀਆਂ ਵਿਚ ਆਮ ਤੌਰ 'ਤੇ ਸਮਾਜ ਦਾ ਅਧਿਐਨ ਪੇਤਲਾ ਤੇ ਸਤਹੀ ਜਿਹਾ ਹੀ ਜਾਪਦਾ ਹੈ। ਅਜੋਕੇ ਯੁਗ ਦੇ ਮਸ਼ੀਨੀਕਰਨ ਕਾਰਨ ਸਮਾਜ ਵਿਚ ਆਈ ਜਟਿਲਤਾ ਬਾਰੇ ਲੇਖਕ ਬਹੁਤਾ ਸੁਚੇਤ ਨਹੀਂ ਜਾਪਦਾ।

ਸੈਕਸ ਦਾ ਮਸਲਾ ਨਿਸੰਦੇਹ ਮਨੁੱਖੀ ਇਤਿਹਾਸ ਵਿਚ ਇਕ ਅਹਿਮ ਥਾਂ ਰਖਦਾ ਹੈ। ਇਹ ਮਸਲਾ ਏਨਾ ਨਾਜ਼ੁਕ ਤੇ ਬਰੀਕ ਹੈ ਕਿ ਅਕਸਰ ਲੇਖਕ ਦੇ ਹੱਥੋਂ ਤਿਲ੍ਹਕ ਜਾਂਦਾ ਹੈ। ਗੋਰੀਆ ਦੀਆਂ ਇਸ ਮਸਲੇ 'ਤੇ ਆਧਾਰਿਤ ਕਹਾਣੀਆਂ ਪੜ੍ਹ ਕੇ ਮਾਯੂਸੀ ਹੁੰਦੀ ਹੈ। 'ਮਹਿਕ ਦੇ ਪਲ', 'ਅਹਿਸਾਸ ਦੀ ਤੰਦ', 'ਕੰਧ ਕੋਲ ਉਗੀਆਂ ਦੋ ਅੱਖਾਂ' ਹਲਕੇ ਪੱਧਰ ਦੀਆਂ ਕਹਾਣੀਆਂ ਹਨ। ਗੋਰੀਆ ਸਮਾਜ ਵਿਚ ਫੈਲੀ ਬਦਫੈਲੀ ਬਾਰੇ ਘਿਰਣਾ ਉਪਜਾਉਣ ਦੀ ਥਾਂ ਉਸ ਨੂੰ ਜਾਇਜ਼ ਕਰਾਰ ਦੇਣ ਦੀ ਕੋਸ਼ਿਸ਼ ਕਰਦਾ ਜਾਪਦਾ ਹੈ। ਉਹਨਾਂ ਕਾਰਗੁਜ਼ਾਰੀਆਂ ਨੂੰ ਦਰੁਸਤ ਸਮਝਦਾ ਹੈ ਜਿਹਨਾਂ ਦੀਆਂ ਨੀਹਾਂ 'ਚ ਹਵਸ ਹੁੰਦੀ ਹੈ, ਵਹਿਸ਼ਤ ਹੁੰਦੀ ਹੈ। ਇਸ ਮਸਲੇ ਦਾ ਹੱਲ ਕਤਈ ਉਹ ਨਹੀਂ ਜੋ ਗੋਰੀਆ ਦੀਆਂ ਕਹਾਣੀਆਂ ਦੱਸਦੀਆਂ ਹਨ। ਇਸ ਮਸਲੇ ਦੇ ਹੱਲ ਲਈ ਸਮਾਜ ਨੂੰ ਬਹੁਤ ਵੱਡੇ ਨਸ਼ਤਰ ਦੀ ਲੋੜ ਹੈ ਤੇ ਇਸ ਨੂੰ ਮੁੱਢੋਂ ਸੁੱਢੋਂ ਬਦਲਣ ਦੀ ਲੋੜ ਹੈ। ਇਹਨਾਂ ਕਹਾਣੀਆਂ ਵਿਚ ਲੇਖਕ ਅੰਦਰ ਨਿਰਾ ਪੁਰਾ ਯਥਾਰਥ ਚਿੱਤਰਨ ਦੀ ਰੁਚੀ ਕੰਮ ਕਰਦੀ ਜਾਪਦੀ ਹੈ। ਇਸ ਪ੍ਰਵਿਰਤੀ ਨੂੰ ਵੀ ਮੋੜ ਦੇਣ ਦੀ ਜ਼ਰੂਰਤ ਹੈ।

ਐਬਸਰਡ ਸ਼ੈਲੀ ਵਿਚ ਲਿਖੀਆਂ ਕਹਾਣੀਆਂ ਦਾ ਆਧਾਰ ਮਨੋ-ਵਿਸ਼ਲੇਸ਼ਣ ਹੈ। ਮਨੋ-ਵਿਸ਼ਲੇਸ਼ਣ ਦੀ ਵਰਤੋਂ ਆਮ ਤੌਰ 'ਤੇ ਕਿਸੇ ਗੁੰਝਲ ਨੂੰ ਸੁਲਝਾਉਣ ਲਈ ਜਾਂ ਕਿਸੇ ਸਥਿਤੀ ਨੂੰ ਵਧੇਰੇ ਭਾਵਪੂਰਤ, ਵਜ਼ਨਦਾਰ ਤੇ ਅਸਰਦਾਇਕ ਬਣਾਉਣ ਲਈ ਕੀਤੀ ਜਾਂਦੀ ਹੈ। ਮਨੋ-ਵਿਸ਼-

ਲੇਸ਼ਣ ਦੀ ਵਰਤੋਂ ਸਿਰਫ ਉਦੋਂ ਜਾਇਜ਼ ਹੈ ਜਦੋਂ ਇਹ ਕਿਸੇ ਠੋਸ ਜਾਂ ਭੌਤਿਕ ਸਥਿਤੀ ਨੂੰ ਉਘਾੜੇ ਜਾਂ ਕਿਸੇ ਅਰਥ ਵਿਸ਼ੇਸ਼ ਨੂੰ ਸਾਕਾਰ ਕਰਨ ਤੇ ਵਧੇਰੇ ਡੂੰਘਾਈ ਪ੍ਰਦਾਨ ਕਰਨ 'ਚ ਸਹਾਈ ਹੋਵੇ। ਜੇ ਇਸ ਦੀ ਵਰਤੋਂ ਕਿਸੇ ਗੁੰਝਲ ਨੂੰ ਸੁਲਝਾਉਣ ਦੀ ਥਾਂ ਸਿਰਫ਼ ਜ਼ਿਹਨੀ ਅੱਯਾਸ਼ੀ ਲਈ ਕੀਤੀ ਜਾਵੇ ਤਾਂ ਇਹ ਸਾਹਿਤ 'ਚ ਇਕ ਮਾੜਾ ਰੁਝਾਨ ਹੈ। ਉਪਰੋਕਤ ਤਕਨੀਕ ਤੇ ਉਸਾਰੀਆਂ ਕਹਾਣੀਆਂ ਵਿਚ ਕਿਸੇ ਭੌਤਿਕ ਪੜਾਅ ਤੇ ਪਹੁੰਚਣ ਦੀ ਥਾਂ ਸਿਰਫ਼ ਜ਼ਿਹਨੀ ਸੁਆਦ ਹੀ ਲਿਆ ਗਿਆ ਹੈ। ਸਿਵਾਏ 'ਮੈਂ ਉਹ ਨਹੀਂ' ਤੋਂ ਹੋਰ ਕੋਈ ਕਹਾਣੀ ਮਨੋ-ਵਿਗਿਆਨ ਰਾਹੀਂ ਆਪਣੇ ਅਰਥ ਸਪਸ਼ਟ ਨਹੀਂ ਕਰ ਸਕੀ ਤੇ ਕੋਈ ਤਕੜਾ ਵਿਅੰਗ ਨਹੀਂ ਉਸਾਰ ਸਕੀ। ਇਹਨਾਂ ਵਿਚ ਨਿਰੋਲ ਮਨੋ-ਵਿਸ਼ਲੇਸ਼ਣ ਦਾ ਖਲਾਰਾ ਹੈ ਅਤੇ ਅਪੂਰਨ, ਅਸਪਸ਼ਟ ਤੇ ਧੱਕੇ ਨਾਲ ਘੜੇ ਬਿੰਬਾਂ ਦੀ ਭਰਮਾਰ ਹੈ। ਕਿਧਰੇ ਕਿਧਰੇ ਜੇ ਕੋਈ ਬਿੰਬ ਖੂਬਸੂਰਤ ਲੱਗਦਾ ਹੈ ਤਾਂ ਉਹ ਰਾਹ 'ਚ ਹੀ ਦਮ ਤੋੜ ਜਾਂਦਾ ਹੈ। ਇਹਨਾਂ ਸੀਮਾਵਾਂ ਦੇ ਬਾਵਜੂਦ ਮੈਂ ਇਸ ਪੁਸਤਕ ਨੂੰ ਪੰਜਾਬੀ ਸਾਹਿਤ ਵਿਚ 'ਜੀ ਆਇਆਂ' ਆਖਦਾ ਹਾਂ ਤੇ ਆਸ ਕਰਦਾ ਹਾਂ ਕਿ ਗੋਰੀਆ ਆਪਣੇ ਅਗਲੇ ਸੰਗ੍ਰਿਹ ਵਿਚ ਵਧੇਰੇ ਨਿੱਖਰ ਕੇ ਸਾਹਮਣੇ ਆਵੇਗਾ। [ਸੋਹਣ ਢੰਡ]

## ਪ੍ਰਾਪਤ ਪੁਸਤਕਾਂ

1. ਕੰਚਨੀ [ਕਾਵਿ ਸੰਗ੍ਰਹਿ] ਗੁਰਚਰਨ ਰਾਮਪੁਰੀ
2. ਜਗਦੇ ਬੁਝਦੇ ਜ਼ਜੀਰੇ [ਕਾਵਿ ਸੰਗ੍ਰਹਿ] ਕੁਲਦੀਪ ਕਲਪਨਾ
3. ਆਪਣੇ ਸਨਮੁਖ [ਕਾਵਿ ਸੰਗ੍ਰਹਿ] ਦਰਸ਼ਨ ਗਿੱਲ
4. ਕਾਰਡ ਤੇ ਕੈਲੰਡਰ [ਕਾਵਿ ਸੰਗ੍ਰਹਿ] ਅਜਾਇਬ ਸਿੰਘ ਹੁੰਦਲ
5. ਮੁਖਬੰਦ [ਕਾਵਿ ਸੰਗ੍ਰਹਿ] ਹਰਭਜਨ ਸਿੰਘ ਕੋਮਲ
6. ਉਕਾਬ ਦੀ ਉਡਾਣ [ਕਾਵਿ ਸੰਗ੍ਰਹਿ] ਚੀਫ ਡੈਨ.ਜਾਰਜ, ਅਨੁ: ਦਰਸ਼ਨ ਗਿੱਲ
7. ਉਸਨੂੰ ਕਹੋ [ਕਾਵਿ ਸੰਗ੍ਰਹਿ] ਸਰੋਦ ਸੁਦੀਪ
8. ਚੁੱਪ ਦੀ ਆਵਾਜ਼ [ਕਾਵਿ ਸੰਗ੍ਰਹਿ] ਚਰਨ ਸੀਚੇਵਾਲਵੀ
9. ਦਿਨ ਵੇਲੇ ਦੀ ਬਾਤ [ਕਾਵਿ ਸੰਗ੍ਰਹਿ] ਜਸਵੀਰ ਸਿੰਘ ਧੀਮਾਨ
10. ਕੁਕਨਸ [ਨਾਟਕ] ਇਸਹਾਕ ਮੁਹੰਮਦ, ਲਿਪਾਂਤਰਕਾਰ: ਜਗਤਾਰ
11. ਨੰਗੀ ਧੁੱਪ ਕੱਜੀ ਕੱਜੀ [ਨਾਵਲ] ਸਰਨ ਸਿੰਘ
12. ਵਾ ਵਰੋਲਾ [ਨਾਵਲ] ਜਸਬੀਰ ਭੁੱਲਰ
13. ਟੁੱਟਦੇ ਜੁੜਦੇ ਜਿਸਮ [ਨਾਵਲ] ਜਸਵੰਤ ਸਿੰਘ ਰਾਹੀ
14. ਸਿੰਬਲ ਰੁੱਖ [ਨਾਵਲ] ਇਕਬਾਲਦੀਪ
15. ਕਬਰ ਦੀ ਖੁਸ਼ਬੋ [ਨਾਵਲ] ਚਾਨਣ ਸਿੰਘ ਨਿਰਮਲ
16. ਆਪਣੇ ਘੜੇ ਦਾ ਪਾਣੀ [ਕਹਾਣੀ ਸੰਗ੍ਰਹਿ] ਰਾਮ ਸਰੂਪ ਅਣਖੀ
17. ਸੰਗੀ ਸੰਗੀਤ ਦਾ ਜਾਦੂ [ਲਲਿਤ ਨਿਬੰਧ] ਕੁਲਬੀਰ ਸਿੰਘ ਕਾਂਗ
18. ਭੱਠ ਖੇੜਿਆਂ ਦਾ ਰਹਿਣਾ [ਲੇਖ ਸੰਗ੍ਰਹਿ] ਪ੍ਰੀਤਮ ਸਿੱਧੂ
19. ਚੰਦਨ ਦੀ ਧੂਣੀ [ਲੇਖ ਸੰਗ੍ਰਹਿ] ਰਾਮਿੰਦਰ ਸਿੰਘ, ਸੰ: ਪ੍ਰੀਤਮ ਸਿੰਘ ਪਰਵਾਨਾ
20. ਕਿੱਸਾ ਕਾਵਿ ਵਿਚ ਸਮਾਜ ਤੇ ਸਭਿਆਚਾਰ [ਆਲੋਚਨਾ] ਸਵਰਨ ਸਿੰਘ
21. ਗਲਪ ਚੇਤਨਾ [ਆਲੋਚਨਾ] ਜਸਪਾਲ ਕਾਂਗ
22. ਜੰਮੂ ਕਸ਼ਮੀਰ ਦੀ ਪੰਜਾਬੀ ਕਵਿਤਾ [ਆਲੋਚਨਾ] ਗੁਰਚਰਨ ਸਿੰਘ ਗੁਲਸ਼ਨ

ਪਿਆਰੇ ਰਘਬੀਰ

ਪਿਛਲੇ ਪਰਚੇ (ਅੰਕ 40) ਦੇ ਸੰਪਾਦਕੀ ਵਿਚ ਤੂੰ ਪਿਛਲੇ ਦਹਾਕੇ ਦੇ ਸਾਹਿਤ ਦਾ ਮੁਲਾਂਕਣ ਦਰੁਸਤ ਕੀਤਾ ਹੈ। ਤੇਰੇ ਮੁਖੀ ਨੁਕਤੇ ਤਾਂ ਠੀਕ ਹਨ, ਹਾਂ ਇਹਨਾਂ ਦਾ ਵਿਸਥਾਰ ਕਰਨਾ ਚਾਹੀਦਾ ਸੀ। ਠੀਕ ਹੈ ਨਕਸਲੀ ਸਾਹਿਤ ਵਿਚ ਜਿਥੇ ਪਰਚਾਰ ਦੀ ਸੁਰ ਉਚੀ ਸੀ, ਉਥੇ ਕਲਾ ਦੀ ਸੁਰ ਮਧਮ ਸੀ। ਨਕਸਲੀ ਸਾਹਿਤਕਾਰ ਕੇਵਲ ਆਪਣੀ ਗੱਲ ਕਹਿਣ ਲਈ ਕਾਹਲੇ ਸਨ। ਉਹਨਾਂ ਨੂੰ ਨਾ ਤਾਂ ਕਲਾ ਦਾ ਗਿਆਨ ਸੀ, ਨਾ ਹੀ ਉਸਦੀ ਪਰਵਾਹ ਸੀ। ਇਹੋ ਕਾਰਨ ਹੈ ਕਿ ਨਕਸਲੀ ਲਹਿਰ ਦੀ ਰਾਜਸੀ ਚੜ੍ਹਤ ਖਤਮ ਹੋਈ, ਇਸ ਦੇ ਨਾਲ ਹੀ ਸਾਹਿਤ ਬੀਤੇ ਦੀ ਗੱਲ ਹੋ ਗਿਆ। ਕੇਵਲ ਕੁਝ ਇਕ ਲਿਖਤਾਂ ਹੀ ਪ੍ਰਭਾਵ ਛੱਡ ਸਕੀਆਂ।

ਇਸ ਵਿਚ ਸ਼ੱਕ ਨਹੀਂ ਕਿ ਸੌਂਦਰਯ ਬੋਧ ਵੀ ਜਮਾਤੀ ਬੋਧ ਹੁੰਦਾ ਹੈ। ਮਜ਼ਦੂਰ ਜਮਾਤ ਦਾ ਸੌਂਦਰਯ ਬੋਧ ਦੂਜੀਆਂ ਜਮਾਤਾਂ ਤੋਂ ਵੱਖਰਾ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਮਜ਼ਦੂਰ ਜਮਾਤ ਦੇ ਸੌਂਦਰਯ ਬੋਧ ਦੀ ਹੋਂਦ ਹੀ ਕੋਈ ਨਹੀਂ ਹੈ। ਨਕਸਲੀ ਅੱਜ ਵੀ ਆਪਣੀ ਗਲਤੀ ਤੇ ਘਾਟ ਦਾ ਅਹਿਸਾਸ ਕਰਨ ਲਈ ਤਿਆਰ ਨਹੀਂ ਹਨ। ਉਹ ਤਾਂ ਉਲਟਾ ਤੇਰੇ 'ਤੇ ਇਤਰਾਜ਼ ਕਰ ਰਹੇ ਹਨ ਕਿ ਤੂੰ ਬੇਲੋੜੀ ਕਲਾ ਦੀ ਮੰਗ ਕਰ ਰਿਹਾ ਏਂ [ਸਮਤਾ-ਜਨਵਰੀ 1981 ਵਿਚ ਗੁਰਸ਼ਰਨ ਸਿੰਘ]

ਤੇਰਾ ਨਵੀਆਂ ਸੰਭਾਵਨਾਵਾਂ ਦਾ ਸੰਕੇਤ ਵੀ ਦਰੁਸਤ ਤੇ ਦੂਰਦਰਸ਼ੀ ਹੈ। ਬਲਦੇਵ ਸਿੰਘ ਤੇ ਹਰਪ੍ਰੀਤ ਸਿੰਘ ਦੀਆਂ ਕਹਾਣੀਆਂ ਤੇਰੇ ਕਥਨ ਦੀ ਪੁਸ਼ਟੀ ਲਈ ਹੋਰ ਵਰਤੀਆਂ ਜਾ ਸਕਦੀਆਂ ਹਨ। ਇਹਨਾਂ ਨੂੰ ਪਾਠਕਾਂ ਅੱਗੇ ਪੇਸ਼ ਕਰਨ ਦਾ ਸਿਹਰਾ ਸਿਰਜਣਾ ਸਿਰ ਹੈ।

—ਹਰਬੰਸ ਸੋਢੀ ਸਿਰਜਣਾ ਦੀ ਨਵੀਂ ਲੱਭਤ ਬਹੁਤ ਉਤਮ ਹੈ। ਮੈਂ ਉਹਦੀ ਕਹਾਣੀ ਮੁੜ ਮੁੜ ਪੜ੍ਹੀ ਹੈ। ਹਰ ਵੇਰ ਨਵਾਂ ਸਵਾਦ ਆਇਆ ਹੈ।

—ਇਸ ਵੇਰ ਪਰਚਾ ਮੁਕੰਮਲ ਹੈ। ਡਾਕਟਰ ਅਤਰ ਸਿੰਘ ਤੇ ਕਿਰਪਾਲ ਸਿੰਘ ਆਜ਼ਾਦ ਨੇ ਪੰਜਾਬੀ ਸਭਿਆਚਾਰ ਦੀ ਗੱਲ ਕੀਤੀ ਹੈ। ਗਿੱਧੇ ਦੀ ਮੁੜ ਗੱਲ ਛਿੜੀ ਹੈ। ਇਹ ਹੋਰ ਛਿੜਨੀ ਚਾਹੀਦੀ ਹੈ। ਅੱਜ ਸਿਰਜਣਾ ਹਕੀਕਤ ਹੈ। ਇਸਦਾ ਆਪਣਾ ਵਿਅਕਤਿਤੱਵ ਹੈ।

ਸੁਰਜੀਤ ਗਿੱਲ [ਘੋਲੀਆ ਕਲਾਂ]

ਸੰਪਾਦਕੀ ਵਿਚ ਸਾਹਿਤ ਦੀਆਂ ਹੋਣਹਾਰ ਉਪਲਬਧੀਆਂ ਦਾ ਜ਼ਿਕਰ ਕਰਨਾ ਸਾਡੇ ਸਾਰਿਆਂ ਦੀ ਸਾਂਝੀ ਗੱਲ ਹੈ। ਹੋਰ ਮਾਣ ਵਾਲੀ ਗੱਲ ਇਹ ਵੀ ਹੈ ਕਿ ਉਪਲਬਧੀਆਂ ਦੇ ਚਮਤਕਾਰ ਸਿਰਜਣਾ ਦੇ ਪੰਨਿਆਂ 'ਤੇ ਅਕਸਰ ਦ੍ਰਿਸ਼ਟੀਗੋਚਰ ਹੁੰਦੇ ਰਹਿੰਦੇ ਹਨ। ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾ ਰਹੇ ਹੋ —ਵਾਹਿਗੁਰੂ ਤੁਹਾਨੂੰ ਹੋਰ ਬਲ ਬਖਸ਼ੇ (ਬੁੱਧ ਆਪ ਜੀ ਕੋਲ ਪਹਿਲਾਂ ਹੀ ਕਾਫੀ ਹੈ।)

ਕਵਿਤਾ ਦਾ ਮਾੜਾ ਹਾਲ—ਕਹਿਣ ਦੀ ਲੋੜ ਨਹੀਂ ਜਾਪਦੀ। ਪਰ ਕਹਾਣੀ ਦਾ ਬੋਲਬਾਲਾ ਜ਼ਰੂਰ ਸਮਝ ਆ ਰਿਹਾ ਹੈ। ਅਸਲੋਂ ਨਵੇਂ ਕਹਾਣੀਕਾਰਾਂ ਨੂੰ ਸਾਹਮਣੇ ਲਿਆਉਣਾ ਪੰਜਾਬੀ ਕਹਾਣੀ ਦੇ 'ਸਸ਼ੱਕਤ' ਭਵਿੱਖ ਦਾ ਸਬੂਤ ਹੈ। ਹਰਬੰਸ ਸੋਢੀ ਦੀ ਕਹਾਣੀ '...ਤੇ ਪਾਕਿਸਤਾਨ ਹਾਰ ਗਿਆ' ਕਿਤੇ ਕਿਤੇ ਉਪਭਾਵੁਕ ਸੁਰ ਦੇ ਬਾਵਜੂਦ ਵਜ਼ਨਦਾਰ ਕਹਾਣੀ ਹੈ। ਕਹਾਣੀ ਜੇਕਰ ਲੋਕਾਂ ਤੱਕ ਪਹੁੰਚਾਉਣੀ ਹੈ ਤਾਂ ਸਟਾਇਲ ਇਹੋ ਜਿਹਾ ਹੀ ਰੱਖਣਾ ਪਵੇਗਾ, ਵਿਸ਼ਾ ਭਾਵੇਂ ਕਿੰਨਾ ਵੀ ਮੁਸ਼ਕਿਲ ਚੁਣ ਲਵੋ।

ਭੂਸ਼ਨ [ਚੰਡੀਗੜ੍ਹ]

ਸਿਰਜਣਾ ਵਿਚਲਾ ਤੇਰਾ ਸੰਪਾਦਕੀ ਪੜ੍ਹ ਕੇ ਪਤਾ ਲੱਗਾ ਤੂੰ ਆਲੋਚਨਾ ਦੇ ਨਾਲ ਨਾਲ ਜੋਤਿਸ਼ ਵਿਦਿਆ ਦਾ ਵੀ ਅਧਿਐਨ ਕਰ ਰਿਹਾ ਹੈਂ। ਭਲਾ ਆਉਣ ਵਾਲੇ ਦਹਾਕੇ ਵਿਚ ਕਿਹੜਾ ਚਮਤਕਾਰ ਵਾਪਰਨ ਵਾਲਾ ਹੈ, ਜੋ ਤੂੰ ਇਸ ਦਾ ਏਨਾ ਆਸ਼ਾਜਨਕ ਵਰਨਣ ਕੀਤਾ ਹੈ। ਤੂੰ ਪਾਸ਼, ਜਗਤਾਰ, ਸੰਧੂ ਤੇ ਅਜਮੇਰ ਔਲਖ ਬਾਰੇ ਰਾਏ ਦਿੰਦਿਆਂ ਲਿਖਿਆ ਹੈ ਕਿ ਹੁਣ ਇਹ ਲੇਖਕ ਉਲਾਰ ਪੁਣਾ (ਅਤਿਵਾਦ) ਤਿਆਗ ਕੇ ਸਹੀ ਦਿਸ਼ਾ ਵੱਲ ਮੋੜ ਕੱਟ ਰਹੇ ਹਨ। ਇਹ ਤੇਰਾ ਭੁਲੇਖਾ ਹੈ ਪਿਆਰੇ! ਜਿਹੜੇ ਵਿਅਕਤੀ ਇੱਕ ਵੇਰ ਅਤਿਵਾਦ ਦੀ ਗੱਡੀ ਚੜ੍ਹ ਜਾਣ, ਉਹ ਫਿਰ ਸਹੀ ਦਿਸ਼ਾ ਵੱਲ ਘੱਟ ਹੀ ਮੋੜ ਕੱਟਦੇ ਹਨ। ਹਾਂ ਕਦੇ ਕਦੇ ਨਿਰਾਸ ਹੋ ਕੇ ਘਰ ਭਾਵੇਂ ਚੁੱਪ ਕਰਕੇ ਬੈਠ ਜਾਣ। ਨਕਸਲਵਾਦੀ ਲਹਿਰ ਦੇ ਸਾਹਿਤ ਤੇ ਸਾਹਿਤਕਾਰਾਂ ਬਾਰੇ ਤੇਰੀ ਰਾਏ ਵੀ ਸਮੇਂ ਸਮੇਂ ਬਦਲਦੀ ਰਹੀ ਪ੍ਰਤੀਤ ਹੁੰਦੀ ਹੈ। ਤੇਰਾ ਨਿਰਣਾ ਜੇ ਕਿਸੇ ਲੇਖਕ ਬਾਰੇ ਕਿਸੇ ਹੱਦ ਤਕ ਸਹੀ ਹੈ ਤਾਂ ਉਹ ਸੰਧੂ ਤੇ ਪਾਤਰ ਬਾਰੇ ਹੈ। ਨਿਸਚੇ ਹੀ ਉਹਨਾਂ ਦੋਵਾਂ ਨੇ ਵਧੀਆ ਰਚਨਾਵਾਂ ਰਚੀਆਂ ਹਨ।

ਲੋੜ ਇਸ ਗੱਲ ਦੀ ਸੀ ਕਿ ਆਪਣੀ ਇਸ ਟਿੱਪਣੀ ਵਿਚ ਤੂੰ ਉਹਨਾਂ ਆਰਥਿਕ-ਰਾਜਸੀ ਕਾਰਨਾਂ ਦਾ ਜ਼ਿਕਰ ਕਰਦਾ, ਜਿਹਨਾਂ ਕਰ ਕੇ ਤੈਨੂੰ ਮੋੜ ਕੱਟਿਆ ਪ੍ਰਤੀਤ ਹੁੰਦਾ ਹੈ। ਜੇ ਤੂੰ ਇੰਝ ਕਰਦਾ ਤਾਂ ਤੇਰੇ ਸਿੱਟੇ ਵੀ ਨਿਸਚੇ ਹੀ ਵੱਖਰੇ ਹੁੰਦੇ। ਤੇਰੇ ਕੱਢੇ ਸਿੱਟੇ ਵਧੇਰੇ ਹੀ ਅੰਤਰਮੁਖੀ ਹਨ। ਉਂਝ ਵੀ ਅਤਿਵਾਦੀ ਉਲਾਰਪੁਣੇ ਦੇ ਰੁਝਾਨ ਨੂੰ ਬੇਲਿਹਾਜ਼ ਵਿਚਾਰਧਾਰਕ ਆਲੋਚਨਾ ਨਾਲ ਹੀ ਨਿਖੇੜਿਆ ਜਾ ਸਕਦਾ ਹੈ, ਤੇਰੇ ਵਾਂਗੂ ਪਲੋਸ ਕੇ ਜਾਂ ਬੇਲੋੜੀ ਪ੍ਰਸ਼ੰਸਾ ਕਰ ਕੇ ਨਹੀਂ। ਤੇਰੇ ਵਰਗੇ ਸਭਿਆ ਤੇ ਸਾਊ ਚਿੰਤਕ ਲਈ ਇਉਂ ਕਰਨਾ ਠੀਕ ਨਹੀਂ। ਕੀ ਅਗਲੇ ਦਹਾਕੇ ਵਿਚ ਅਤਿਵਾਦੀ ਉਲਾਰਪੁਣਾ ਖਤਮ ਹੋ ਜਾਵੇਗਾ। ਇਸ ਦਾ ਪ੍ਰਗਟਾਵਾ ਸਾਹਿਤ ਤੇ ਰਾਜਸੀ ਖੇਤਰ ਵਿਚ, ਮਧਮ ਜਾਂ ਤਿੱਖੇ ਰੂਪ ਵਿਚ ਹੁੰਦਾ ਹੀ ਰਹਿੰਦਾ ਹੈ। ਨਾਲ ਹੀ ਗੁਰਸ਼ਰਨ ਸਿੰਘ ਵਰਗੇ ਭਾਵਕ ਵਿਅਕਤੀਆਂ ਨੇ ਕੋਈ ਨਾ ਕੋਈ ਰੁਝੇਵਾਂ ਤੇ ਬਣਾਈ ਹੀ ਰੱਖਣਾ ਹੈ।

ਹਰਭਜਨ ਸਿੰਘ ਹੁੰਦਲ [ਫੱਤੂ ਚੱਕ]

'80ਵਿਆਂ ਦੇ ਪੰਜਾਬੀ ਸਾਹਿਤ' ਤੇ ਝਾਤ ਪਾਉਂਦੀ ਸੰਪਾਦਕੀ ਰਤਾ ਵਡੇਰੇ ਕਦਮ ਪੁਟਕੇ ਲੰਘ ਗਈ ਹੈ। ਕਿਰਪਾਲ ਸਿੰਘ ਆਜ਼ਾਦ ਵਾਂਗ ਡਾਃ ਅਤਰ ਸਿੰਘ ਨੇ ਮਹਤੱਵਪੂਰਨ ਚਰਚਾ ਨੂੰ ਛੋਹਿਆ ਹੈ। ਕਹਾਣੀ 'ਤੇ ਪਾਕਿਸਤਾਨ ਹਾਰ ਗਿਆ' ਬੇਹੱਦ ਪਸੰਦ ਆਈ। ਆਪਣੀਆਂ ਊਣਤਾਈਆਂ ਦੇ ਬਾਵਜੂਦ ਮਨ ਨੂੰ ਫੜੀ ਰਖਦੀ ਹੈ। ਲੇਖਕ ਨੂੰ ਵਧਾਈ ਦੇਣੀ ਬਣਦੀ ਹੈ। ਇਕਬਾਲਦੀਪ [ਨਵੀਂ ਦਿੱਲੀ]

ਸਿਰਜਣਾ (40) ਵਿਚ ਧਰਮ ਕੰਮੇਆਣਾ ਦੀ ਲੰਮੀ ਨਜ਼ਮ ਚੁਭਦੀ ਹੈ। ਹਰਪ੍ਰੀਤ ਦੀ ਕਹਾਣੀ ਤੇ ਰਮਨ ਦੀ ਕਵਿਤਾ ਬਹੁਤ ਪਸੰਦ ਆਈਆਂ। ਸਿਰਜਣਾ ਦਾ ਹਰ ਅੰਕ ਨਵੇਂ ਮਸਲਿਆਂ ਨੂੰ ਮੁਖਾਤਬ ਹੋਣਾ ਚਾਹੀਦਾ ਹੈ। ਹੁਣ ਸਿਰਜਣਾ ਸਿਰਫ ਬੁਧੀਜੀਵੀਆਂ ਲਈ ਨਹੀਂ ਰਿਹਾ।

ਤਰਲੋਚਨ ਸਮਾਧਵੀ [ਸਮਾਧ ਭਾਈ]

---

ਮੁਦ੍ਰਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰਮੋਹਨ ਸਿੰਘ ਨੇ ਪ੍ਰੇਰਨਾ ਪ੍ਰਿੰਟਿੰਗ ਪ੍ਰੈਸ, ਬੀ-52, ਫੇਜ਼ VI, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਪ੍ਰਕਾਸ਼ਨ ਮਿਤੀ: 30 ਜਨਵਰੀ 1981


ਗਣਤੰਤਰ ਦਿਵਸ
ਦੀ ਹਾਰਦਿਕ ਵਧਾਈ
26 ਜਨਵਰੀ, 1950 ਨੂੰ ਭਾਰਤ ਦੇ ਲੋਕਾਂ ਨੇ ਪੂਰਨ ਸੁਤੰਤਰ,
ਸਮਾਜਵਾਦੀ ਧਰਮ-ਨਿਰਪੱਖ ਲੋਕਤੰਤਰ ਗਣਰਾਜ ਦੀ ਨੀਂਹ ਰੱਖੀ ਸੀ।
ਪਿਛਲੇ 31 ਸਾਲਾਂ ਵਿਚ ਅਸੀਂ ਕਈ ਗੌਰਵਮਈ ਪ੍ਰਾਪਤੀਆਂ ਕੀਤੀਆਂ ਹਨ;
□ ਲੋਕਰਾਜ ਦੀ ਬੁਨਿਆਦ ਨੂੰ ਪੱਕਿਆਂ ਕੀਤਾ ਹੈ।
□ ਅਨਾਜ ਦੇ ਚਲੇ ਆ ਰਹੇ ਘਾਟੇ ਨੂੰ ਪੂਰਾ ਕੀਤਾ ਹੈ।
□ ਸਾਡਾ ਦੇਸ਼ ਚੋਟੀ ਦੇ ਉਦਯੋਗਕ ਦੇਸ਼ਾਂ ਵਿਚੋਂ ਇਕ ਬਣ ਗਿਆ ਹੈ।
□ ਵਿਗਿਆਨ ਤੇ ਟੈਕਨਾਲੋਜੀ ਵਿਚ ਸ਼ਿਖਰਾਂ ਨੂੰ ਛੋਹਿਆ ਹੈ।
□ ਬਾਹਰਲੇ ਤਿੰਨ ਹਮਲਿਆਂ ਦਾ ਸਫ਼ਲਤਾ ਸਹਿਤ ਮੁਕਾਬਲਾ ਕੀਤਾ ਹੈ।
□ ਅੰਤਰਰਾਸ਼ਟਰੀ ਮਾਮਲਿਆਂ ਵਿਚ ਸਾਡੀ ਮਾਨਤਾ ਹੈ।
ਪਰ ਹਾਲੇ ਸਮਾਜਕ ਇਨਸਾਫ਼ ਤੇ ਲੋਕਾਂ ਦੇ ਰਹਿਣ-ਸਹਿਣ ਦਾ ਪੱਧਰ
ਉਚਿਆਉਣ ਲਈ ਬਹੁਤ ਕੁਝ ਕਰਨਾ ਹੈ।
ਕੌਮੀ ਏਕਤਾ ਦੀਆਂ ਕੜੀਆਂ ਮਜ਼ਬੂਤ ਕਰਨ ਨਾਲ ਹੀ ਇਹ ਪ੍ਰਾਪਤ ਹੋ ਸਕੇਗਾ।
ਉਨਤੀ ਤੇ ਸੁਰੱਖਿਆ ਲਈ ਕੌਮੀ ਏਕਤਾ ਨੂੰ ਸੰਗਠਿਤ
ਕਰੋ, ਗੈਰਫ਼ਿਰਕੂ ਤਾਕਤਾਂ ਨੂੰ ਮਜ਼ਬੂਤ ਕਰੋ।
davp 80/325

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਪੰਜਾਬੀ ਪ੍ਰਕਾਸ਼ਨਾਵਾਂ

## ਨਵੀਂ ਪ੍ਰਕਾਸ਼ਨਾ

ਸਿਮਰਨ ਤੋਂ ਸ਼ਹਾਦਤ ਤਕ (ਡਾ: ਵਿਸ਼ਵਾ ਨਾਥ ਤਿਵਾੜੀ) ਮੁੱਲ : 30 ਰੁਪਏ

## ਸਾਹਿਤਕ ਖੋਜ ਤੇ ਆਲੋਚਨਾ

1. ਭਾਈ ਵੀਰ ਸਿੰਘ : ਸਮਾਂ ਤੇ ਰਚਨਾ (ਸੰਪ : ਡਾ. ਕੋਹਲੀ ਤੇ ਡਾ : ਸ਼ਾਨ) ਮੁੱਲ : 24 ਰੁਪਏ
2. ਭਾਈ ਵੀਰ ਸਿੰਘ ਸੰਦਰਭ-ਕੋਸ਼ (ਸੰ : ਡਾ. ਵਿਸ਼ਵਾ ਨਾਥ ਤਿਵਾੜੀ) ਮੁੱਲ : 36 ਰੁਪਏ
3. ਪਿਆਰੇ ਜੀਓ (ਭਾਈ ਵੀਰ ਸਿੰਘ ਦੀਆਂ ਚਿੱਠੀਆਂ) (ਸੰ: ਡਾ. ਤਿਵਾੜੀ) ਮੁੱਲ : 25 ਰੁਪਏ
4. ਸਾਹਿਤਯ ਦਰਪਣ (ਅਨੁਵਾਦਕ : ਪ੍ਰੋ ਦੁਨੀ ਚੰਦ) ਮੁੱਲ : 30 ਰੁਪਏ
5. ਪੰਜਾਬੀ ਸਾਹਿੱਤ ਦਾ ਇਤਿਹਾਸ (ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ)
   ਭਾਗ ਪਹਿਲਾ ਮੁੱਲ : 30 ਰੁਪਏ, ਭਾਗ ਦੂਜਾ, ਮੁੱਲ : 12 ਰੁਪਏ
6. ਪੁਰਾਤਨ ਪੰਜਾਬੀ ਵਾਰਤਕ (ਸੰ: ਡਾ. ਸੁਰਿੰਦਰ ਸਿੰਘ ਕੋਹਲੀ) ਮੁੱਲ : 15 ਰੁਪਏ
7. ਪੰਜਾਬੀ ਸਾਹਿਤ ਕੋਸ਼ (ਸੰਪਾਦਕ ਡਾ : ਸੁਰਿੰਦਰ ਸਿੰਘ ਕੋਹਲੀ)
   ਭਾਗ ਪਹਿਲਾ ਮੁੱਲ : 24 ਰੁਪਏ, ਭਾਗ ਦੂਜਾ, ਮੁੱਲ :22 ਰੁਪਏ 20 ਪੈਸੇ

## ਗੁਰਮਤਿ ਸਾਹਿੱਤ

1. ਗੁਰੂ ਨਾਨਕ : ਜੀਵਨ, ਦਰਸ਼ਨ ਤੇ ਕਾਵਿ ਕਲਾ (ਸੰਪਾਦਕ : ਸੁਰਿੰਦਰ ਸਿੰਘ ਕੋਹਲੀ)
   ਮੁੱਲ : 30 ਰੁਪਏ
2. ਗੁਰੂ ਨਾਨਕ ਦਾ ਸ਼ਾਹਕਾਰ : ਜਪੁਜੀ (ਡਾ. ਹਰਨਾਮ ਸਿੰਘ ਸ਼ਾਨ) ਮੁੱਲ : 36 ਰੁਪਏ
3. ਪਰਮ ਪੁਰਖ ਗੁਰੂ ਨਾਨਕ ਪਾਤਸ਼ਾਹ (ਮਹਾਂਕਵਿ) (ਇੰਦਰਜੀਤ ਸਿੰਘ ਤੁਲਸੀ)
   ਮੁੱਲ : 30 ਰੁਪਏ
4. ਕਰਾਂਤੀਕਾਰੀ ਗੁਰੂ ਨਾਨਕ (ਡਾ. ਵਿਸ਼ਵਾ ਨਾਥ ਤਿਵਾੜੀ) ਮੁੱਲ : 15 ਰੁਪਏ
5. ਬਾਬਾ ਫਰੀਦ : ਜੀਵਨ, ਸਮਾਂ ਅਤੇ ਰਚਨਾ (ਸੰ: ਡਾ. ਕੋਹਲੀ) ਮੁੱਲ : 36 ਰੁਪਏ
6. ਗੁਰੂ ਤੇਗ ਬਹਾਦਰ : ਜੀਵਨ, ਸਮਾਂ ਤੇ ਰਚਨਾ (ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ)
   ਮੁੱਲ : 40 ਰੁਪਏ
7. ਬਾਣੀ ਗੁਰੂ ਤੇਗ ਬਹਾਦਰ : ਵਿਸ਼ਾ ਤੇ ਕਲਾ (ਸੰ : ਸ. ਰਾਮ ਸਿੰਘ) ਮੁੱਲ : 20 ਰੁਪਏ

## ਪੰਜਾਬੀ ਭਾਸ਼ਾ ਤੇ ਭਾਸ਼ਾ ਵਿਗਿਆਨ

1. ਪੰਜਾਬੀ ਭਾਸ਼ਾ ਦਾ ਵਿਕਾਸ (ਪ੍ਰੋ: ਦੁਨੀ ਚੰਦ) ਮੁੱਲ : 10 ਰੁਪਏ
2. ਪੰਜਾਬੀ ਭਾਸ਼ਾ ਦਾ ਵਿਆਕਰਣ (ਪ੍ਰੋ: ਦੁਨੀ ਚੰਦ) ਮੁੱਲ : 5 ਰੁਪਏ
3. ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ (ਸ. ਜੀ.ਬੀ. ਸਿੰਘ) ਮੁੱਲ : 15 ਰੁਪਏ
4. ਪੰਜਾਬੀ ਮੁਹਾਵਰਾ ਕੋਸ਼ (ਪ੍ਰੋ: ਸਾਹਿਬ ਸਿੰਘ ਅਤੇ ਡਾ. ਤਾਰਨ ਸਿੰਘ) ਮੁੱਲ : 20 ਰੁਪਏ
5. ਪੰਜਾਬੀ ਅਖਾਣ ਕੋਸ਼ (ਹੈਡਮਾਸਟਰ ਮਹਿਤਾਬ ਸਿੰਘ) ਮੁੱਲ : 16 ਰੁਪਏ

**ਸਕੱਤਰ, ਪਬਲੀਕੇਸ਼ਨ ਬਿਓਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

# NATIONAL CARRIERS

(REGD.)

ਮਾਲ ਢੋਣ ਲਈ ਬਾਕਾਇਦਾ ਟਰੱਕ ਸੇਵਾ

ਬੰਬਈ ਤੋਂ

ਦਿੱਲੀ, ਪੰਜਾਬ, ਚੰਡੀਗੜ੍ਹ, ਨਾਗਪੁਰ,

ਜੱਬਲਪੁਰ, ਅਮਰੌਤੀ, ਅਕੋਲਾ, ਨੰਦੇੜ,

209, Veena Chambers,

4th Clive Cross Lane, Dana Bunder,

BOMBAY–400 009.

Phone : 3[illegible] 08 [illegible]6

34 45 90

Bhiwandi : 8 3 5 5

THE PUNJAB STATE COOP: LAND MORTGAGE BANK LTD.
CHANDIGARH

A

dependable friend of farmer

PROVIDED

Rupees two hundred and twenty crores as productive loans; thereby played a vital role in financing progress of the State and farmers.

PROUD

of financing 2 lakhs tubewells and 25,000 tractors worth Rs. 182 crores.

PLAN

the current year plan envisages the advancement of Rs. 32 crores for tractors, tubewells, horticulture, dairy, poultry, camel carts, bullock carts and land development and field channels.

PRIVILEGE

We will be privileged to assist and guide.

Contact any P.L.M.B., in the State or your S.L.M.B. for efficient service at lower rates.

We also accept one year deposit at 7½%

Managing Director.

ਾਪਣੇ ਪਹਿਲੇ ਬੱਚੇ ਨੂੰ ਉਸਦੇ ਅਧਿਕਾਰ ਤੋਂ ਵੰਚਿਤ ਨਾ ਕਰੋ ।

ਪਹਿਲੇ ਤੇ ਦੂਜੇ ਬੱਚੇ ਵਿੱਚ
ਤਿੰਨ ਸਾਲ ਦੀ ਵਿਥ ਹੋਣੀ
ਚਾਹੀਦੀ ਹੈ ।



ਦੇ ਪਹਿਲੇ ਤਿੰਨ ਸਾਲ ਬੱਚੇ ਦੇ ਸਰੀਰਕ ਤੇ
ਕ ਵਿਕਾਸ ਲਈ ਮਹਤਵਪੂਰਣ ਹੁੰਦੇ ਹਨ ।
ਮੇਂ ਵਿੱਚ ਉਸਨੂੰ ਤੁਹਾਡੇ ਪੂਰੇ ਲਾਡ-ਪਿਆਰ
ਲੋੜ ਹੁੰਦੀ ਹੈ।

ਤਾਂ ਹੀ ਸੰਭਵ ਹੈ ਜੇ ਤੁਹਾਡੇ ਤੇ ਇਨ੍ਹਾਂ ਤਿਨਾਂ
ਹੂ ਸਾਲਾਂ 'ਚ ਦੂਜੇ ਬੱਚੇ ਦੀ ਜ਼ੁੰਮੇਵਾਰੀ ਨਹੀਂ
ੀ ।

ਬੱਚਿਆਂ 'ਚ ਵਿਥ ਰਖਣ ਦੇ
ਆਮ ਉਪਾਅ ਹਨ ;

**ਨਿਰੋਧ, ਖਾਣ ਵਾਲੀਆਂ ਗੋਲੀਆਂ ਜਾਂ ਲੂਪ;**

ਹੋਰ ਜਾਣਕਾਰੀ ਲਈ ਨੇੜੇ ਦੇ
ਸਿਹਤ ਕੇਂਦਰ ਨਾਲ ਸੰਪਰਕ
ਕਰੋ ।

**ਆਪਣੇ ਬੱਚੇ ਵੱਲ ਘੱਟ ਤੋਂ ਘੱਟ ਤਿੰਨ ਵਰ੍ਹੇ ਤੱਕ ਪੂਰਾ-ਪੂਰਾ ਧਿਆਨ ਦਿਓ ।**

davp 80/2

SIRJANA, Chandigarh
No. 41

R. R. No. 10215/65.
January-March, 1981


# ਸੋਵੀਅਤ ਪਰਚਿਆਂ ਦੇ ਗਾਹਕ ਬਣੋ

## ਸੱਜਣਾਂ ਨਾਲ ਸਾਂਝ ਪਾਉ

**ਸੋਵੀਅਤ ਵੂਮੈਨ** [ਮਾਸਕ]

| | |
|---|---|
| ਸਾਲਾਨਾ | 10 ਰੁਪਏ |
| ਤਿੰਨ ਸਾਲਾ | 20 ਰੁਪਏ |

**ਸੋਵੀਅਤ ਲਿਟਰੇਚਰ** [ਸਾਹਿਤਕ ਮਾਸਕ]

| | |
|---|---|
| ਸਾਲਾਨਾ | 15 ਰੁਪਏ |
| ਤਿੰਨ ਸਾਲਾ | 30 ਰੁਪਏ |

**ਸੋਵੀਅਤ ਫਿਲਮ** [ਮਾਸਕ]

| | |
|---|---|
| ਸਾਲਾਨਾ | 15 ਰੁਪਏ |
| ਤਿੰਨ ਸਾਲਾ | 30 ਰੁਪਏ |

**ਸਪੋਰਟਸ ਇਨ ਰਸ਼ੀਆ** [ਮਾਸਕ]

| | |
|---|---|
| ਸਾਲਾਨਾ | 12 ਰੁਪਏ |
| ਤਿੰਨ ਸਾਲਾ | 24 ਰੁਪਏ |

**ਇੰਟਰਨੈਸ਼ਨਲ ਅਫੇਅਰਜ਼** [ਮਾਸਕ]

| | |
|---|---|
| ਸਾਲਾਨਾ | 15 ਰੁਪਏ |
| ਤਿੰਨ ਸਾਲਾ | 30 ਰੁਪਏ |

**ਸਪੁਤਨਿਕ** [ਮਾਸਕ ਡਾਈਜੈਸਟ]

| | |
|---|---|
| ਸਾਲਾਨਾ | 30 ਰੁਪਏ |
| ਤਿੰਨ ਸਾਲਾ | 60 ਰੁਪਏ |

**ਸੋਵੀਅਤ ਯੂਨੀਅਨ** [ਸਚਿੱਤਰ ਮਾਸਕ]

| | |
|---|---|
| ਸਾਲਾਨਾ | 12 ਰੁਪਏ |
| ਤਿੰਨ ਸਾਲਾ | 24 ਰੁਪਏ |

**ਕਲਚਰ ਐਂਡ ਲਾਈਫ** [ਸਭਿਆਚਾਰਕ ਮਾਸਕ]

| | |
|---|---|
| ਸਾਲਾਨਾ | 12 ਰੁਪਏ |
| ਤਿੰਨ ਸਾਲਾ | 24 ਰੁਪਏ |

**ਨੀਊ ਟਾਈਮਜ਼** [ਸਪਤਾਹਕ]

| | |
|---|---|
| ਸਾਲਾਨਾ | 12 ਰੁਪਏ |
| ਤਿੰਨ ਸਾਲਾ | 24 ਰੁਪਏ |

**ਮਾਸਕੋ ਨੀਊਜ਼** [ਸਪਤਾਹਕ]

| | |
|---|---|
| ਸਾਲਾਨਾ | 10 ਰੁਪਏ |
| ਤਿੰਨ ਸਾਲਾ | 20 ਰੁਪਏ |

**ਤੋਹਫਾ :** ਤਿੰਨ ਸਾਲਾ ਚੰਦਾ ਦੇਣ ਵਾਲੇ ਗਾਹਕ ਨੂੰ ਬਹੁ-ਰੰਗਾ ਕੈਲੰਡਰ ਮੁਫਤ

**ਚੰਦੇ ਭੇਜੋ :**

## ਪੰਜਾਬ ਬੁੱਕ ਸੈਂਟਰ

ਐਸ. ਸੀ. ਓ. 1126-27, ਸੈਕਟਰ 22-ਬੀ,
ਚੰਡੀਗੜ੍ਹ

**ਬਰਾਂਚਾਂ :**

1. ਡਾਕਖਾਨਾ ਰੋਡ, ਜਲੰਧਰ
2. ਘੁਮਾਰ ਮੰਡੀ, ਸਿਵਲ ਲਾਈਨਜ਼, ਲੁਧਿਆਣਾ
3. ਸਰਹੰਦੀ ਦਰਵਾਜ਼ੇ ਤੋਂ ਬਾਹਰ, ਪਟਿਆਲਾ
4. ਸ਼ਹੀਦ ਭਗਤ ਸਿੰਘ ਚੌਂਕ, ਬਠਿੰਡਾ